# ਵੀ. ਆਈ. ਪੀ.

ਖੇਤੀ ਸੇਵਾ ਸੈਂਟਰ ਵਿੱਚ ਬਿੱਲੀ ਦੇ ਸਿਰ ਵਰਗਾ ਤਾਲਾ ਲੱਗਾ ਵੇਖ ਕੇ ਮੇਰੇ ਪੈਰ ਲੜਖੜਾ ਗਏ। ਮੈਨੂੰ ਘਬਰਾਹਟ ਜਿਹੀ ਮਹਿਸੂਸ ਹੋਈ। ਏਨੀ ਦੂਰੋਂ ਪੈਂਡਾ ਮਾਰ ਕੇ, ਘੱਟਾ ਫੱਕ ਕੇ ਆਏ, ਅੱਗੇ ਕੰਮ ਨਾ ਬਣੇ ਤਾਂ ਦਿਲ ਦੇ ਸੁਪਨੇ ਢਹਿ ਢੇਰੀ ਹੋ ਜਾਂਦੇ ਨੇ!

'ਕਦੋਂ ਆਣਗੇ ਦਫ਼ਤਰ ਵਾਲੇ।' ਮੈਂ ਨਾਲ ਦੀ ਦੁਕਾਨ ਵਾਲੇ ਨੂੰ ਪੁੱਛਿਆ।

'ਚਾਹ ਬਣਾ ਇੱਕ ਕੱਪ...ਨਾਲੇ ਪਾਣੀ ਦਾ ਗਿਲਾਸ!' ਬੈਠਣ ਦਾ ਬਹਾਨਾ ਕੀਤਾ।

'ਉਹਨਾਂ ਦਾ ਕੋਈ ਟਿਕਾਣਾ ਨਹੀਂ ਜੀ, ਆਉਣ ਤਾਂ ਹੁਣੇ ਆ ਜਾਣ, ਨਾ ਆਣ ਤਾਂ ਭਾਵੇਂ ਸਾਰਾ ਹਫ਼ਤਾ ਹੀ ਨਾ ਆਉਣ।' ਉਸ ਦੇ ਜੁਆਬ ਨੇ ਮੈਨੂੰ ਭੰਬਲਭੂਸੇ ਵਿੱਚ ਪਾ ਦਿੱਤਾ।

'ਉਹ ਤਾਂ ਆਉਂਦੇ ਨੇ ਇਥੇ, ਸਿਰਫ਼ ਤਨਖਾਹ ਵਾਲੇ ਦਿਨ।' ਚਾਹ ਵਾਲੇ ਨੇ ਪਾਣੀ ਦਾ ਕੱਪ ਪਤੀਲੇ ਚ ਪਾਉਂਦੇ ਮੇਰੇ ਵੱਲ ਝਾਕਿਆ।

'ਮੈਂ ਸੁਣਿਆ ਪਈ ਇਥੇ ਬੀਜ ਆਏ ਨੇ ਨਵੇਂ ਤੇ ਨਾਲੇ ਸੰਦ...।'

'ਇਹ ਤਾਂ ਜੀ ਉਹੀ ਜਾਨਣ... ਸਾਨੂੰ ਕੀ ਪਤਾ।' ਉਸ ਦੇ ਰੁੱਖੇ ਜਿਹੇ ਜੁਆਬ ਨੇ ਮੇਰਾ ਮੂੰਹ ਅਗਲੇ ਸਵਾਲ ਤੋਂ ਬੰਦ ਕਰ ਦਿੱਤਾ।

ਚਾਹ ਪੀਂਦੇ-ਪੀਂਦੇ ਮੈਨੂੰ ਕੁਝ ਆਰਾਮ ਮਹਿਸੂਸ ਹੋਇਆ। ਇੱਕ ਬਾਬੂ ਤਾਲੇ ਨੂੰ ਚਾਬੀ ਲਾ ਕੇ ਤਾਲਾ ਖੋਲ੍ਹ ਰਿਹਾ ਸੀ।

'ਆ ਗਏ ਜੀ... ਮਿਲ ਲੌ...।' ਚਾਹ ਵਾਲੇ ਨੇ ਟਕੋਰ ਜਿਹੀ ਮਾਰੀ।

'ਬਾਬੂ ਜੀ ਤੁਹਾਡੇ ਕੋਲ ਸਟਾਕ ਆਇਆ ਹੈ ਤਾਜ਼ਾ ! ਨਵਾਂ! ਬੀਜਾਂ ਦਾ....।' ਮੇਰੇ ਸਵਾਲ ਤੋਂ ਬਾਬੂ ਨੇ ਉੱਪਰ ਵੇਖਿਆ ਤੇ ਘੂਰੀ ਜਿਹੀ ਵੱਟੀ।

'ਹਾਂ ਜੀ ਦੱਸੋ ? ਕੀ ਗੱਲ! '

'ਗੱਲ ਤਾਂ ਕੋਈ ਨੀਂ ਬਾਬੂ ਸਾਹਿਬ! ਮੈਂ ਕੁਝ ਬੀਜ ਲੈਣੇ, ਮੈਨੂੰ ਖ਼ਬਰ ਮਿਲੀ ਸੀ ਪਈ ਕੁਝ ਨਵੇਂ ਦੋਗਲੀ ਕਿਸਮ ਦੇ ਬੀਜ ਆਏ ਨੇ ਤੁਹਾਡੇ ਕੋਲ...!' ਮੈਂ ਅੱਗੇ ਗੱਲ ਵਧਾਈ।

'ਭਾ ਜੀ ਵਿਸਥਾਰ ਤਾਂ ਵੱਡੇ ਸਾਹਿਬ ਨੂੰ ਹੀ ਪਤਾ ਹੋਊ, ਉਹੀ ਦਿੰਦੇ ਨੇ, ਮੈਂ ਤਾਂ ਸੇਵਾਦਾਰ ਹਾਂ। ਮੈਨੂੰ ਤਾਂ ਏਨਾ ਪਤਾ ਹੈ ਕਿ ਕੁਝ ਮਾਲ ਆਇਆ ਸੀ, ਬਾਹਰੇ ਬਾਹਰ ਨਿਕਲ ਗਿਆ, ਹੁਣ ਤਾਂ ਹੈ ਨਹੀਂ।' ਉਸ ਦੇ ਖਰੇ ਜੁਆਬ ਨੇ ਮੈਨੂੰ ਖੜ੍ਹੇ-ਖੜ੍ਹੇ ਨੂੰ ਝੰਜੋੜ ਕੇ ਰੱਖ ਦਿੱਤਾ।

'ਓ ਸੁਣਾ ਭਈ ਅਫਸਰਾ? ਕਿਵੇਂ ਬੀਤਦੀ ਆ! ਅੱਜ ਕੱਲ! ਕਿੱਥੇ ਰਹਿੰਦੇ ਓ... ਕਦੇ ਟੱਕਰੇ ਹੀ ਨਹੀਂ।' ਇੱਕ ਮੋਟੀ ਤਾਜ਼ੀ ਬੀਬੀ ਨੇ ਆ ਕੇ ਉਸ ਦੀ ਤਵੱਜੋ ਆਪਣੇ ਵੱਲ ਖਿੱਚੀ।

'ਆਓ ਜੀ ਪੰਚਣੀ ਸਾਹਿਬਾਂ! ਅਸੀਂ ਤਾਂ ਇਥੇ ਹੀ ਹਾਂ, ਤੁਸੀਂ ਹੀ ਪੰਚਣੀ ਬਣ ਕੇ ਵੱਡੇ ਜੋੜਾਂ 'ਚ ਪੈ ਕੇ ਸਾਨੂੰ ਵਿਸਾਰ ਗਏ।'

ਦੋਏ ਖਿੜ-ਖਿੜਾ ਕੇ ਹੱਸੇ।

'ਤੁਹਾਡੇ ਕੋਲ ਨਵਾਂ ਬੀਜ ਤੇ ਸੰਦ ਆਏ ਨੇ... ਰਿਆਇਤੀ ਮੁੱਲ ਵਾਲੇ! ਕੋਈ ਚੰਗਾ ਜਿਹਾ ਬੀਜ ਹੈ ਦੋਗਲਾ ਜਿਹਾ ਤਾਂ ਸਾਨੂੰ ਵਿਖਾ, ਬੀਜ ਕੇ ਵੇਖ ਲਈਏ...।' ਔਰਤ ਨੇ ਫੱਟ ਸੋਟਾ ਮਾਰ ਕੇ ਆਪਣੀ ਪਿਛਲੀ ਸਾਂਝ ਦਾ ਮੁੱਲ ਮੰਗਿਆ।

'ਜਨਾਬ ਹੈ ਤਾਂ ਸਭ ਕੁਝ! ਪਰ ਇਹ ਸਿਰਫ਼ ਵੀ.ਆਈ.ਪੀ. ਵਾਸਤੇ ਹਨ। ਉਪਰਲੇ ਸਾਹਿਬ ਦਾ ਹੁਕਮ ਹੈ। ਹੋਰ ਕਿਸੇ ਨੂੰ ਨਹੀਂ ਦੱਸਣਾ।'

'ਤੇ ਤੂੰ ਸਾਨੂੰ ਵੀ. ਆਈ. ਪੀ. ਨਹੀਂ ਸਮਝਦਾ?

ਤੈਨੂੰ ਪਤੈ? ਤੁਹਾਡੀਆਂ ਹਾਜ਼ਰੀਆਂ ਚੈੱਕ ਕਰਨ ਦੀ ਪਾਵਰ ਮਿਲ ਗਈ ਹੈ ਸਾਨੂੰ? ਜਦੋਂ ਮਰਜ਼ੀ ਗੈਰ-ਹਾਜ਼ਰ ਲਿਖ ਕੇ ਛੁੱਟੀ ਕਰਾ ਦਿਆਂਗੀ।' ਬੀਬੀ ਨੇ ਲੱਕ ਮਰੋੜ ਕੇ ਅਫ਼ਸਰਾਂ ਦੇ ਲਹਿਜੇ ਵਿੱਚ ਝਿੜਕਾਂ ਜਿਹਾ ਮਾਰਿਆ।

'ਲਉ ਜਨਾਬ! ਜੋ ਮਰਜ਼ੀ ਲਉ! ਅਸੀਂ ਤਾਂ ਤੁਹਾਥੋਂ ਪਹਿਲਾਂ ਹੀ ਡਰੇ ਹੋਏ ਹਾਂ, ਗੋਲੀਆਂ ਕੀਹਦੀਆਂ ਤੇ ਗਹਿਣੇ ਕੀਹਦੇ?ਦੱਸੋ ਕੀ ਹੁਕਮ? ਸਾਰਾ ਖੇਤ ਹਵਾਲੇ ਤੇਰੇ ਅਸਾਂ ਤੈਨੂੰ ਕਦੋਂ ਮੋੜਿਆ।'

'ਤੂੰ ਆਪੇ ਹੀ ਦੇ ਦੇ ਕੋਈ ਚੰਗਾ ਜਿਹਾ ਬੀਜ ਤੇ ਸੰਦ।'

'ਬੀਬੀ ਜੀ ਮੁਆਫ਼ ਕਰਨਾ! ਨਵੀਆਂ ਬੋਤਲਾਂ ਵਿਚ ਪੁਰਾਣੀ ਸ਼ਰਾਬ! ਅਸਲ ਵਿੱਚ ਸਾਡੇ ਕੋਲ ਨਵਾਂ ਕੁਝ ਨਹੀਂ ਆਇਆ। ਇਹ ਤਾਂ ਉਹੀ ਨੇ ਪੁਰਾਣੇ, ਬੀਜ ਵੀ ਪੁਰਾਣੇ, ਤੁਹਾਡੇ ਅਜ਼ਮਾਏ ਹੋਏ ਤੇ ਸੰਦ ਵੀ ਉਹੀ ਪੁਰਾਣੇ ਤੁਹਾਡੇ ਹੰਢਾਏ ਹੋਏ।' ਸ਼ਰਾਰਤ ਭਰੀ ਮੁਸਕੜੀ ਨਾਲ ਹੱਸ ਕੇ ਉਸ ਨੇ ਬੀਬੀ ਦਾ ਘਰ ਪੂਰਾ ਕਰ ਦਿੱਤਾ।

'ਚਲ ਬਦਮਾਸ਼ ਕਿਤੋਂ ਦਾ ?' ਉਸ ਨੇ ਉੱਠ ਕੇ ਉਸ ਦੇ ਧੱਫਾ ਜਿਹਾ ਮਾਰਿਆ ਤੇ ਅੱਗੋਂ ਉਸ ਨੇ ਕਮਾਨ ਵਾਂਗ ਲੱਕ ਦੂਹਰਾ ਕਰ ਲਿਆ।

'ਹਾਏ ਉਏ ਮਾਰ ਛੱਡਿਆ ਈ। ਲੈ ਆਉ ਟਰਾਲੀ ਤੇ ਲੈ ਜਾਉ ਚੁੱਕ ਕੇ ਸਭ ਕੁਝ।' ਉਸ ਨੇ ਬੀਬੀ ਵਾਸਤੇ ਸਾਰੇ ਦਰਵਾਜ਼ੇ ਖੋਲ੍ਹ ਦਿੱਤੇ।

ਮੈਂ ਨਿੰਮੋਝੂਣਾ ਜਿਹਾ ਹੋ ਕੇ ਨਿਰਾਸ਼ਤਾ ਅਤੇ ਨਮੋਸ਼ੀ ਦੀ ਝੋਲੀ ਭਰ ਕੇ ਵਾਪਸ ਘਰ ਪਰਤ ਆਇਆ, ਕਿਉਂਕਿ ਮੈਂ ਵੀ. ਆਈ. ਪੀ. ਨਹੀਂ ਸਾਂ।

## ਕੁਤੀੜ ਵਾਧਾ

ਦੋਹਾਂ ਭਰਾਵਾਂ ਵਿੱਚ ਨਿੱਤ ਦਾ ਕਲੇਸ਼, ਲੜਾਈ ਝਗੜਾ ਤੇ ਕੁੱਟ-ਕੁਟਾਪੇ ਦਾ ਸਮਾਧਾਨ ਕਰਨ ਵਾਸਤੇ ਪਰ੍ਹੇ ਪੰਚਾਇਤ ਇਕੱਠੀ ਹੋਈ ਤੇ ਦੋਨਾਂ ਨੂੰ ਅੱਡ-ਅੱਡ ਕਰਨ ਦਾ ਫੈਸਲਾ ਹੋ ਗਿਆ। ਇਸ ਵੱਡੇ ਵਿਹੜੇ ਵਿਚ ਹੁਣ ਇਕ ਕੰਧ ਦੋਨਾਂ ਭਰਾਵਾਂ ਦੀ ਲੜਾਈ ਦਾ ਅੰਤ ਕਰ ਦੇਵੇਗੀ। ਸਾਰਾ ਘਰੇਲੂ ਸਾਮਾਨ, ਟਾਕੀ ਕੱਪੜੇ, ਭਾਂਡਾ ਟੀਂਡਾ ਤੇ ਪਸ਼ੂ ਢਾਂਡਾ ਥੋੜ੍ਹੀ ਬਹੁਤ ਤੂੰ ਤੂੰ ਮੈਂ ਮੈਂ ਕਰਨ ਪਿੱਛੋਂ ਵੰਡੀ ਗਈ। ਮਾਤਾ ਪਿਤਾ ਦੇ ਗਹਿਣੇ ਟੂੰਬਾਂ-ਛੱਲੇ, ਕੈਂਠੇ ਬੁਗਤੀਆਂ ਨੀਲਾਮੀ ਘਰ ਵਾਂਗ ਨਜਿੱਠੀਆਂ ਗਈਆਂ। ਪਾਸੇ ਬੈਠੇ ਬੁੱਢਾ ਬੁੱਢੀ,

ਦੋ ਪੁਰਾਣੀਆਂ ਡੰਗੋਰੀਆਂ ਆਪਣੇ ਗੁਲਸ਼ਨ ਦੀ ਇਹ ਵੀਰਾਨੀ ਵੇਖ ਕੇ ਸੁਮ੍ਹਕੀਆਂ, ਤੇ ਫਿਰ ਧਾਹਾਂ ਮਾਰ ਕੇ ਰੋਣ ਲੱਗੀਆਂ।

'ਉਏ ਅਸੀਂ ਕਿਹੜੇ ਖੂਹ 'ਚ ਪਵਾਂਗੇ ?'

'ਇਨ੍ਹਾਂ ਦਾ ਵੀ ਫਾਹਾ ਵੱਢ ਦਿਉ... ਅੱਜ ਹੀ।' ਛੋਟੇ ਨੇ ਅੱਖਾਂ ਦਿਖਾਉਂਦੇ ਦੋ-ਟੁੱਕ ਫੈਸਲਾ ਦੇ ਦਿੱਤਾ। ਸੱਤਾ ਦਾ ਸੁੱਖ ਤੇ ਸੰਤਾਨ ਦਾ ਸੁੱਖ! ਉਹਨਾਂ ਤੋਂ ਇਨਕਾਰੀ ਹੋ ਗਿਆ।

ਬੁੜ੍ਹੀ ਛੋਟੇ ਦੇ ਹਿੱਸੇ ਆਈ ਤੇ ਬੁੱਢਾ ਵੱਡੇ ਦੇ ਹਿੱਸੇ ਆ ਗਿਆ। ਸਾਰੀ ਉਮਰ ਇਕੱਠੇ ਰਹਿਣ ਦੇ ਕੌਲ ਇਕਰਾਰ ਤੇ ਸੁਪਨੇ ਜੋ ਭਾਈ ਨੇ ਚਾਰ ਲਾਵਾਂ ਪੜ੍ਹਨ ਤੋਂ ਬਾਦ ਉਹਨਾਂ ਨੂੰ ਪੜ੍ਹਾਏ ਸਨ, ਉਹ ਇਕ ਸੁਪਨੇ ਵਾਂਗ ਤਾਮ-ਤੜਿੱਕ ਹੋ ਗਏ। ਆਪਣੇ ਕੋੜਮੇ ਦੀ ਇੱਜ਼ਤ ਖਾਤਰ ਉਹ ਇਹ ਸਭ ਕੁਝ ਪਾਣੀ ਦੇ ਘੁੱਟ ਵਾਂਗ ਪੀ ਗਏ।

ਕੰਧ ਤੋਂ ਪਾਰੋਂ ਜਦ ਬੁੱਢੀ ਦੀ ਹੂੰ... ਹਾਏ ਦੀ ਆਵਾਜ਼ ਆਉਂਦੀ, ਬੁੱਢੇ ਦੇ ਬਰਛੀ ਵਾਂਗ ਚੁਭਦੀ।

'ਪਤਾ ਨਹੀਂ ਵਿਚਾਰੀ ਨੇ ਰੋਟੀ ਖਾਧੀ ਕਿ ਨਹੀਂ, ਪਤਾ ਨਹੀ ਕਿਸੇ ਭੜੂਏ ਨੇ ਇਹਨੂੰ ਦਵਾਈ ਲਿਆ ਕੇ ਦਿੱਤੀ ਕਿ ਨਹੀਂ।'

ਬੁੱਢਾ ਵਿਚਾਰਾ ਝੂਰਦਾ ਰਹਿੰਦਾ, ਤੇ ਤਰਸਦਾ ਰਹਿੰਦਾ, ਨਿਹੱਥੇ ਸਿਪਾਹੀ ਵਾਂਗ ਵਿੱਸ ਘੋਲਦਾ ਰਹਿੰਦਾ। ਜਦ ਸੋਨੂੰ ਤੇ ਪਿੰਟੀ ਦੀ ਸੁਹਲ ਮਿੱਠੀ ਤੋਤਲੀ ਆਵਾਜ਼ ਕੰਧੋਂ ਟੱਪ ਕੇ ਇਧਰਲੇ ਬਿਗਾਨੇ ਵਿਹੜੇ ਵਿਚ ਆ ਕੇ ਹਵਾ ਵਿਚ ਤੈਰਦੀ, ਬੁੱਢੇ ਦੇ ਕਾਲਜੇ ਦਾ ਰੁੱਗ ਭਰਿਆ ਜਾਂਦਾ। ਉਸ ਦਾ ਜੀਅ ਕਰਦਾ, ਉਹ ਉੱਡ ਕੇ, ਕੰਧ ਟੱਪ ਕੇ ਜਾਂ ਦਰਵਾਜ਼ਾ ਤੋੜ ਕੇ ਇਹਨਾਂ ਛੋਟੇ ਛੋਟੇ ਮਸੂਮਾਂ ਨੂੰ ਹਿੱਕ ਨਾਲ ਲਾ ਲਵੇ। ਪਰ ਹੁਣ ਉਸ ਦੀਆਂ ਲੱਤਾਂ ਬਾਂਹਾਂ ਵਿਚ ਨਾਂ ਤਾਂ ਕੰਧ ਟੱਪਣ ਦੀ ਤੇ ਨਾਂ ਦਰਵਾਜ਼ਾ ਤੋੜਨ ਦੀ ਹਿੰਮਤ ਸੀ। ਜਵਾਨੀ ਵਿਚ ਭਾਵੇਂ ਉਹ ਕੇਂਦਰੀ ਵੱਡੀ ਜੇਲ੍ਹ ਤੋੜ ਕੇ ਇਕੇਰਾਂ ਆਪਣੇ ਕਿਸੇ ਦੋਸਤ ਦੀ ਲੜਕੀ ਦੀ ਸ਼ਾਦੀ ਵਿਚ ਸ਼ਾਮਲ ਹੋ ਕੇ ਫਿਰ ਵਾਪਸ ਜਾ ਹਾਜ਼ਰ ਹੋਇਆ ਸੀ, ਬੇਸ਼ਕ ਇਸ ਜੁਰਮ ਬਦਲੇ ਉਸਨੂੰ ਇਕ ਸਾਲ ਹੋਰ ਵਾਧੂ ਕੈਦ ਕੱਟਣੀ ਪਈ ਸੀ।

'ਇਸ ਛੋਟੇ ਨੇ ਪਤਾ ਨਹੀਂ ਸਾਥੋਂ ਕਿਹੜੇ ਜਨਮ ਦਾ ਬਦਲਾ ਲਿਆ। ਮੈਂ ਪੂਰੀ ਵਾਹ ਲਾਈ, ਪੰਚਾਇਤ ਨੇ ਵੀ ਕਿਹਾ, ਦੋਹਾਂ ਬੁੱਢੇ ਬੁੱਢੀ ਨੂੰ ਇਕੱਠੇ ਇਕ ਕੋਲ ਹੀ ਰਹਿਣ ਦਿਉ, ਬੇਸ਼ੱਕ ਦੋ-ਦੋ ਚਾਰ-ਚਾਰ ਮਹੀਨੇ ਦੀ ਵਾਰੀ ਬੰਨ੍ਹ ਲਉ, ਪਰ ਛੋਟਾ ਟੱਸ ਤੋਂ ਮੱਸ ਨਹੀਂ ਹੋਇਆ। ਬੁੱਢੇ ਦਾ ਜੀਅ ਕੀਤਾ, ਛੋਟੇ ਨੂੰ ਤਰਲਾ ਕਰ ਵੇਖੇ, ਮਹੀਨੇ ਵਿਚ ਇਕ ਅੱਧ ਵਾਰ ਹੀ ਬੁੱਢੀ ਤੇ ਉਧਰਲੇ ਛੋਟੇ ਨਿਆਣਿਆਂ ਨਾਲ ਮੁਲਾਕਾਤ ਦੀ ਮਨਜ਼ੂਰੀ ਦੇ ਦੇਵੇ ਪਰ ਇਹ ਉਸ ਨੇ ਹੀਆ ਨਹੀਂ ਕੀਤਾ। ਇਕ ਵੱਡਾ ਸਾਰਾ ਹਉਕਾ ਉਸ ਦੇ ਕਾਲਜੇ ਨੂੰ ਚੀਰ ਗਿਆ। ਉਧਰੋਂ ਉਸ ਨੂੰ ਅਜਿਹੀ ਹਾਂ ਦੀ ਉਮੀਦ ਨਹੀਂ ਸੀ।

ਇਕ ਸਿਆਲ ਦੀ ਠੰਢੀ ਰਾਤੇ, ਬਾਹਰ ਢਾਰੇ ਵਿਚ ਸੁੱਤੇ ਉਸ ਨੇ ਬੁੱਢੀ ਦਾ ਹੂੰਗਾਂ ਸੁਣਿਆ। ਖੜ੍ਹੀ ਸ਼ਾਂਤ ਰਾਤ ਵਿਚ ਇਹ ਕੁਝ ਜ਼ਿਆਦਾ ਹੀ ਨੇੜੇ ਹੋ ਕੇ ਸੁਣਾਈ ਦਿੱਤਾ। ਉਸ ਦਾ ਮਨ ਤੜਪ ਉੱਠਿਆ। ਉਸ ਦਾ ਜੀਅ ਕੀਤਾ, ਇਹ ਕੰਧ ਢਾਹ ਸੁੱਟੇ। ਉਹ ਹੌਲੀ ਜਿਹੀ ਡੰਗੋਰੀ ਫੜ ਉੱਠਿਆ। ਉਸ ਦੀ ਸੂਏ ਵਾਲੀ ਖੂੰਡੀ ਕੱਚੀ ਕੰਧ ਵਿਚ ਮੋਰੀ ਕਰਨ ਲੱਗੀ। ਇੱਧਰ ਮਿੱਟੀ ਦਾ ਢੇਰ ਬਣ ਗਿਆ। ਦਿਨ ਦੇ ਚੜ੍ਹਾ ਨਾਲ ਸੂਆ ਆਰ ਪਾਰ ਹੋ ਗਿਆ।

'ਕੁੜੇ ਪਰੀਤੋ! ਉੱਠ ਕੁੜੇ... ਕਿੰਨਾ ਵੱਡਾ ਦਿਨ ਚੜ੍ਹ ਆਇਆ...ਨਾਲੇ ਚੂਹਿਆਂ ਵਾਲੀਆਂ ਗੋਲੀਆਂ ਲਿਆ ਕੇ ਰੱਖ, ਸਾਰੀ ਰਾਤ ਕੁਤਰ ਕੁਤਰ ਕਰਕੇ ਮੈਨੂੰ ਸੌਣ ਨਹੀਂ ਦਿੱਤਾ।' ਬੁੱਢੀ ਦੀ ਨੌ-ਬਰ-ਨੌ ਆਵਾਜ਼ ਸੁਣ ਕੇ ਬੁੱਢੇ ਦੇ ਸਾਰੇ ਦੁੱਖ ਦੂਰ ਹੋ ਗਏ। ਉਹ ਵਾਪਸ ਆ ਕੇ ਮੰਜੇ 'ਤੇ ਢਹਿ ਪਿਆ।

'ਹਾਏ ਮੈਂ ਮਰ ਜਾਂ! ਵੇਖ ਇਸ ਕੁਤੀੜ ਵਾਧੇ ਦੇ ਕੰਮ! ਕਿਦਾਂ ਸਾਰੀ ਕੰਧ ਪੁੱਟ ਮਾਰੀ ਆ।' ਉਧਰੋਂ ਨੂੰਹ ਪਰੀਤੋ ਦੀ ਆਵਾਜ਼ ਮੋਰੀ ਵਿੱਚ ਦੀ ਛਲਨੀ ਹੋ ਕੇ ਇਧਰਲੇ ਵਿਹੜੇ ਵਿਚ ਆ ਗੜ੍ਹਕੀ।

'ਨੀ ਭੈਣ! ਆਪਣੇ ਕੁੱਤੇ ਨੂੰ ਰੱਸੀ ਪਾ ਕੇ ਰੱਖੋ! ਵੇਖ ਕੀ ਹਾਲ ਕੀਤਾ!'

'ਹੈ ਤੇਰਾ ਬੇੜਾ ਗਰਕ ਅਜਿਹੇ ਹਰਾਮ ਦੇ ਕੁੱਤੇ ਦਾ! ਕਿੱਦਾਂ ਸਾਰਾ ਘਰ ਪੁੱਟ ਮਾਰਿਆ, ਕੁਤੀੜ ਵਾਧੇ ਨੇ, ਅੱਗੇ ਨਾ ਕਦੇ ਪਿੱਛੇ ਨਾਂ।'

ਕਾਲੂ ਵਿਚਾਰਾ ਆਪਣੇ ਅੱਡੇ ਚੋਂ ਉੱਠ ਕੇ ਲਾਡੀਆਂ ਕਰਦਾ ਆਪਣੀ ਮਾਲਕਣ ਅੱਗੇ ਢੇਰੀ ਹੋ ਗਿਆ ਜਿਵੇਂ ਆਪਣੀ ਨੇਕ ਚਲਨੀ, ਬੇਕਸੂਰ ਤੇ ਅਗਿਆਨਤਾ ਦੀ ਸਫ਼ਾਈ ਦੇ ਰਿਹਾ ਹੋਵੇ। ਬੁੱਢੇ ਨੇ ਉਪਰ ਲਈ ਰਜਾਈ ਹੋਰ ਘੁੱਟ ਕੇ ਜਕੜ ਲਈ ਜਿਵੇਂ ਕੁਝ ਸੁਣਿਆ ਹੀ ਨਾ ਹੋਵੇ।

👎 👎 👎

ਭਰਤੀ

'ਵੀਰ ਜੀ ਨੌਕਰੀ ਤੇ ਲੁਆ ਦਿਉ ਮੁੰਡੇ ਨੂੰ।'

ਸੰਤੋ ਗਵਾਂਢਣ ਨੇ ਬੜੇ ਨਿੱਘੇ ਅੰਦਾਜ਼ ਵਿੱਚ ਵਗਾਰ ਪਾਈ। ਮੈਂ ਵੇਖ ਕੇ ਚਕਾਚੌਂਧ ਹੋ ਗਿਆ। ਇਸ ਤਰ੍ਹਾਂ ਪਹਿਲਾਂ ਕਦੇ ਰਾਹਾਂ ਵਿੱਚ ਉਸ ਨਾਲ ਸੱਤ ਕੁਸੱਤ ਨਹੀਂ ਸੀ ਹੋਈ।

ਸਿਰ 'ਤੇ ਚੁੱਕੀ ਘਾਹ ਦੀ ਪੰਡੋਕਲ਼ੀ ਉੱਪਰ ਚੁੱਕ ਕੇ ਉਸ ਨੇ ਆਪਣਾ ਮੂੰਹ ਪੂਰਾ ਨੰਗਾ ਕਰ ਕੇ ਫਿਰ ਦੁਹਰਾਇਆ।

'ਭਾਅ ਜੀ ਤੁਸੀਂ ਬੜੇ ਵੱਡੇ ਅਫਸਰ ਹੋ, ਛਾਉਣੀ ਵਿੱਚ ਤੁਹਾਡੀ ਬੜੀ ਤੂਤੀ ਬੋਲਦੀ ਐ, ਸਾਡਾ ਗਰੀਬਾਂ ਦਾ ਇਹ ਕੰਮ ਕਰ ਦਿਉ। ਪਾਲੀ ਦਾ ਭਾਪਾ ਕਹਿੰਦਾ ਸੀ, ਭਾਅ ਜੀ ਇਹ ਕੰਮ ਕਰ ਸਕਦੇ ਨੇ।'

ਘਾਹ ਦੀ ਲਮਕਦੀ ਤਿੜ੍ਹ ਮੂੰਹ 'ਚ ਚਿੱਥਦੇ ਹੋਏ ਉਸਨੇ ਗੱਲ ਪੂਰੀ ਕੀਤੀ।

'ਕੋਈ ਨਾ... ਦੇਖਾਂਗੇ... ਭਰਤੀ ਅੱਜ ਕੱਲ੍ਹ ਬੰਦ ਹੈ।'

ਮੈਂ ਉਸ ਤੋਂ ਖਹਿੜਾ ਛੁਡਾਉਣ ਦੇ ਰੌਂ ਵਿੱਚ ਸਾਂ। ਨਾਲੇ ਗਲੀ ਦੇ ਵਿਚਕਾਰ ਸਿਰ 'ਤੇ ਭਾਰ ਚੁੱਕੀ ਮੈਨੂੰ ਘੇਰੀ ਖੜ੍ਹੀ ਉਹ ਚੰਗੀ ਨਾ ਲੱਗੀ।

'ਨਹੀਂ ਵੀਰ ਜੀ! ਸਰਕਾਰ ਨੇ ਕਿਹਾ ਹੈ... ਭਰਤੀ ਖੋਲ ਦਿੱਤੀ ਹੈ।' ਉਸ ਦੀ ਜ਼ਿਦ ਜਿਹੀ ਨੇ ਮੇਰੇ ਪੈਰ ਤੁਰਦੇ-ਤੁਰਦੇ ਫਿਰ ਰੋਕ ਦਿੱਤੇ।

'ਇਸ ਬਾਰੇ ਮੈਨੂੰ ਪਤਾ ਨਹੀਂ, ਇਹ ਸਿਆਸੀ ਬਿਆਨ-ਬਾਜ਼ੀ ਹੈ।'

'ਨਹੀਂ ਜਨਾਬ! ਲੜਾਈ ਲੱਗ ਗਈ ਹੈ... ਤੋਪਾਂ ਦੇ ਮੂੰਹ ਖੁੱਲ੍ਹ ਗਏ ਨੇ...।'

ਉਸ ਦੇ ਜਨਾਬ ਸ਼ਬਦ ਨੇ ਇਸ ਤਰ੍ਹਾਂ ਫਿਰ ਮੈਨੂੰ ਝੰਜੋੜ ਦਿੱਤਾ।

'ਤਾਂ ਕਿਉਂ ਉਹਨੂੰ ਤੋਪਾਂ ਅੱਗੇ ਡਾਹੁਣ ਦਾ ਮਨ ਬਣਾ ਲਿਆ?'

ਮੇਰਾ ਰੁੱਖਾ ਜਿਹਾ ਮਸ਼ਕੂਲੇ ਵਾਲਾ ਜਵਾਬ ਸੁਣ ਕੇ ਉਹ ਹੋਰ ਹਾਵੀ ਹੋ ਗਈ।

'ਜੇ ਚਾਚਾ ਤੋਪਾਂ ਦੇ ਮੂੰਹ ਚੋਂ ਬਚ ਕੇ ਜੀਂਦਾ ਜਾਗਦਾ ਐਸ਼ਾਂ ਲੁੱਟਦਾ ਫਿਰਦਾ ਤੇ ਫਿਰ ਭਤੀਜੇ ਨੂੰ ਕੀ ਹੋਣ ਲੱਗਾ?'

'ਕੱਲਾ ਕਾਰਾ ਮੁੰਡਾ! ਉਸ ਨੂੰ ਪੜ੍ਹਨ ਦੇਹ ਅਜੇ।'

'ਭਾਅ ਜੀ ਭੁੱਖੇ ਮਰਨ ਨਾਲੋਂ ਤਾਂ ਤੋਪਾਂ ਦੇ ਮੂੰਹ ਪੈ ਕੇ ਮਰਨਾ ਚੰਗਾ। ਦੋ ਚਾਰ ਲੱਖ ਤਾਂ ਲੈ ਕੇ ਹੀ ਮਰੂ, ਪੜ੍ਹ ਕੇ ਇੰਨੇ ਕਿਹੜਾ ਥਾਣੇਦਾਰ ਲੱਗ ਜਾਣੈ।'

ਮੈਨੂੰ ਉਸ ਦੀ ਅਕਲ 'ਤੇ ਹਾਸਾ ਜਿਹਾ ਆ ਗਿਆ ਪਰ ਉਸਦੀ ਮਜਬੂਰੀ 'ਤੇ ਤਰਸ ਵੀ ਆਇਆ।

ਇੱਕ ਮਾਂ ਆਪਣੇ ਦਿਲ ਦੇ ਟੁਕੜੇ ਨੂੰ ਤੋਪਾਂ ਦੇ ਮੂੰਹ ਪਾ ਕੇ ਮੁੱਲ ਵੱਟਣ ਦੀ ਤਾਕ ਵਿੱਚ ਸੀ।

'ਜਵਾਨ ਜਹਾਨ ਮੁੰਡਾ ਗਲੀਆਂ ਬਜ਼ਾਰਾਂ ਵਿੱਚ ਵਿਹਲਾ ਫਿਰਦਾ ਵੀ ਤਾਂ ਝੱਲਿਆ ਨਹੀਂ ਜਾਂਦਾ, ਅਵਾਰਾਗਰਦਾਂ ਵਾਂਗੂ...ਤੋਪਾਂ ਦੇ ਮੂੰਹ ਨਾ ਪਿਆ ਤੇ ਪੁਲਸੀਆਂ ਦੇ ਹੱਥ ਆ ਜਾਊ ਤੇ ਜਿਹੜੀਆਂ ਦੋ ਚਾਰ ਕਨਾਲ਼ਾਂ ਪਿਉ ਕੋਲੋਂ ਬਚੀਆਂ, ਇਹਦੇ ਲੇਖੇ ਲੱਗ ਜਾਣੀਆਂ।'

ਉਸ ਦੇ ਹਸੂੰ-ਹਸੂੰ ਕਰਦੇ ਮਾਸੂਮ ਜਿਹੇ ਚਿਹਰੇ 'ਤੇ ਚਿੰਤਾ ਭਰੇ ਗਲੇਡੂ ਟਪਕ ਆਏ। ਗਲ ਵਿੱਚ ਲਮਕ ਰਹੇ ਦੁਪੱਟੇ ਦੇ ਪੱਲੇ ਨਾਲ ਉਹ ਅੱਖਾਂ ਪੂੰਝਦੀ ਅੱਗੇ ਤੁਰ ਗਈ।

☟ ☟ ☟

## ਸੀਤਾ ਹਰਨ

ਗਲੀਆਂ ਬਜ਼ਾਰਾਂ ਵਿਚ ਅੱਜ ਕੱਲ੍ਹ ਬਹੁਤ ਗਹਿਮਾ ਗਹਿਮੀ ਸੀ, ਬਹੁਤ ਰੌਣਕ ਸੀ। ਦੁਸਹਿਰੇ ਦੀਵਾਲ਼ੀ ਦੇ ਦਿਨ ਹੋਣ ਕਰਕੇ, ਹਰ ਬੱਚੇ ਬੁੱਢੇ ਦੇ ਮਨ ਵਿਚ ਭਾਰੀ ਚਾਅ ਤੇ ਉਤਸ਼ਾਹ ਸੀ।

ਬਾਜ਼ਾਰ ਵਿਚ ਹਰ ਰੋਜ਼ ਰਾਮ ਲੀਲ੍ਹਾ ਦੀ ਨਵੀਂ ਤੋਂ ਨਵੀਂ ਝਾਕੀ ਗੁਜ਼ਰਦੀ। ਲੋਕ ਬੜੀ ਸ਼ਰਧਾ ਨਾਲ ਵੇਖਦੇ ਤੇ ਬਣਿਆ ਸਰਿਆ ਦਾਨ ਪੁੰਨ ਦਿੰਦੇ ਤੇ ਆਪਣੀ ਕਮਾਈ ਸਫ਼ਲ ਕਰਦੇ।

ਅੱਜ ਪਹਿਲਾਂ ਤੋਂ ਵੱਧ ਦਿਲਚਸਪ ਝਾਕੀ ... ਇਕ ਜੀਪ 'ਤੇ ਸਵਾਰ ਸੀਤਾ, ਰਾਮ-ਕਾਰ ਅੰਦਰ ਬੰਦ ਸੀ। ਦੂਜੀ ਪਿਛਲੀ ਜੀਪ 'ਤੇ ਸਵਾਰ ਇਕ ਕਾਲਾ, ਮੋਟਾ ਹੱਟਾ-ਕੱਟਾ ਰਾਵਣ ਚਿੱਟੇ ਚਿੱਟੇ ਡੇਲੇ ਕੱਢੀ... ਇਧਰ ਉੱਧਰ ਝਾਕਦਾ, ਗਿੱਠ ਲੰਮੀ ਜ਼ੁਬਾਨ ਕੱਢ ਕੇ ਲੋਕਾਂ ਦਾ ਮਨੋਰੰਜਨ ਕਰ ਰਿਹਾ ਸੀ। ਲੋਕ ਉਸ ਨੂੰ ਵੀ ਮੱਥਾ ਟੇਕਦੇ, ਸਿਰ ਨਿਵਾਉਂਦੇ ਤੇ ਪੈਸੇ ਚੜ੍ਹਾਉਂਦੇ ।

ਝਾਕੀ ਦੇ ਅੱਗੇ ਹਨੂਮਾਨ ਲੰਮੀ ਪੂਛ ਫੈਲਾਈ, ਹੱਥ ਵਿਚ ਗੁਰਜ ਉਠਾਈ, ਕਦੇ ਇਧਰ ਦੁੜਕੀ ਮਾਰਦਾ, ਕਦੇ ਉਧਰ ਟਪੂਸੀ ਜਿਹੀ ਲਗਾਉਂਦਾ, ਗੁਰਜ ਉਲਾਰਦਾ ਨਿਆਣਿਆਂ ਨੂੰ ਪਰੇ ਦੂਰ ਧੱਕ ਲਿਜਾਉਂਦਾ। ਕਈ ਹੋਰ ਖੁਲ੍ਹੀਆਂ ਜੀਪਾਂ ਕਾਰਾਂ ਟ੍ਰੈਕਟਰਾਂ 'ਤੇ ਸਵਾਰ ਸ਼ਹਿਰ ਦੇ ਲੀਡਰ-ਨੁਮਾ ਪਤਵੰਤੇ ਸੱਜਣ ਸਿਰ ਹਿਲਾਉਂਦੇ ਆਸੇ ਪਾਸੇ ਖੜ੍ਹੀ ਭੀੜ ਦਾ ਹੱਥ ਜੋੜ ਕੇ ਸਵਾਗਤ ਕਰਦੇ, ਆਪਣੀ ਹਾਜਰੀ ਲਵਾਉਂਦੇ ਧੰਨਵਾਦ ਕਰ ਰਹੇ ਸਨ।

ਉੱਚੇ ਲੰਮੇ ਬਾਂਸਾਂ 'ਤੇ ਟੰਗਿਆ ਨਾਲ ਨਾਲ ਤੁਰਦਾ ਇਕ ਮਨੁੱਖ ਜੋਕਰ ਵਾਂਗ ਹੱਥ ਵਿਚ ਮਾਈਕ ਫੜੀ ਉੱਚੀ ਉੱਚੀ ਪੁਕਾਰ ਰਿਹਾ ਸੀ।

'ਅੱਜ ਸੀਤਾ ਹਰਨ ਹੋਵੇਗੀ... ਅੱਜ ਸੀਤਾ ਹਰਨ ਹੋਣੀ ਹੈ। ਸੀਤਾ ਮਾਤਾ ਦੇ ਦਰਸ਼ਨ ਕਰਨ ਲਈ ਸਾਰੇ ਹੁੰਮ ਹੁਮਾ ਕੇ ਪਹੁੰਚੋ। ਰਾਮ ਲੀਲ੍ਹਾ ਮੈਦਾਨ ਵਿਚ ਅੱਜ ਰਾਵਣ ਨੇ ਸੀਤਾ ਹਰਨ ਕਰਨੀ ਹੈ...।' ਉਸ ਦਾ ਫੁਰਮਾਣ ਸੁਣ ਕੇ ਝਾਲੀ ਨਾਲ ਜਾਂਦਾ ਇਕ ਲਾਕੜੀ ਤਾੜੀ ਮਾਰ ਕੇ ਲੋਕਾਂ ਨੂੰ ਤਾੜੀ ਮਾਰਨ ਦਾ ਇਸ਼ਾਰਾ ਕਰ ਰਿਹਾ ਸੀ।

ਨਾਲ ਨਾਲ ਇਲਾਕੇ ਦੀ ਮਸ਼ਹੂਰ ਬੈਂਡ-ਪਾਰਟੀ ਇਸ ਵਿਗਿਆਪਨ ਦਾ ਬੈਂਡ ਦੀਆਂ ਧੁਨਾਂ ਨਾਲ ਵਿਖਿਆਨ ਕਰ ਰਹੀ ਸੀ।

ਜਲੂਸ ਵਿਚ ਇਕ ਦਮ ਹਲਚਲ ਜਿਹੀ ਮੱਚ ਗਈ। ਇਕ ਪਾਟੀਆਂ ਪੁਰਾਣੀਆਂ ਲੀਰਾਂ ਨਾਲ ਸੱਜਿਆ ਸੰਬਰਿਆ ਅਧਖੜ ਆਦਮੀ, ਇਧਰ ਉਧਰ ਦੌੜਦਾ , ਪਾਗਲਾਂ ਵਾਂਗ ਚਿਲਾਉਣ ਲੱਗਾ।

'ਮੈਂ ਸੀਤਾ ਹਰਨ ਨਹੀਂ ਹੋਣ ਦੇਣੀ... ਮੈਂ ਸੀਤਾ ਹਰਨ ਨਹੀਂ ਹੋਣ ਦੇਣੀ...।'

ਹੱਥ ਵਿਚ ਤੂਤ ਦੀ ਛੋਟੀ ਜਿਹੀ ਚਾਬਕ ਫੜੀ... ਜਮਲਿਆਂ ਵਾਂਗ ਨੱਚਦਾ ਟੱਪਦਾ... ਕਦੇ ਹਨੂਮਾਨ ਦੀ ਪੂਛ ਨੂੰ ਜਾ ਛੇੜਦਾ ਤੇ ਕਦੇ ਰਾਵਣ ਦੀ ਜੀਪ ਲਾਗੇ ਆ ਕੇ ਉਧਰ ਸੋਟੀ ਉਲਾਰਦਾ, ਰਾਵਣ ਨੂੰ ਡਰਾ ਦਿੰਦਾ।

'ਮਾਤਾ ਜੀ, ਭੈਣ ਜੀ, ਭਰਜਾਈ ਜੀ! ਮੈਂ ਆ ਗਿਆ ਹਾਂ...ਤੁਸੀਂ ਨਿਸ਼ਚਿੰਤ ਹੋ ਕੇ ਆਰਾਮ ਕਰੋ। ਹਰਨ ਹੋ ਜਾਣ ਦਾ ਤੌਖਲਾ ਦਿਲੋਂ ਕੱਢ ਦਿਉ...ਜੈ ਮਾਤਾ ਦੀ...।' ਉਹ ਬੜੇ ਨਿੰਘੇ ਅਦਬ ਨਾਲ ਮਾਤਾ ਸੀਤਾ ਦੇ ਪੈਰ ਚੁੰਮਦਾ ਹੈ ਤੇ ਸਿਰ ਨਿਵਾਉਂਦਾ ਹੈ। ਉਸ ਦੀਆਂ ਅੱਖਾਂ 'ਚੋਂ ਪਰਲ ਪਰਲ ਹੰਝੂ ਟਪਕਣ ਲੱਗੇ ਨੇ।

'ਸੁਣ ਉਏ ਫੁਖ਼ਰਿਆ ਜਿਹਿਆ, ਝੁੱਡੂਆ ਜਿਹਿਆ! ਆਪਣੇ ਆਪ ਨੂੰ ਬਲਵਾਨ ਕਹਿੰਦੋਂ? ਇਹ ਐਡੇ ਵੱਡੇ ਵਿਦਵਾਨ ਦਾ ਨਕਾਬ ਪਹਿਨੀ, ਬਿਗਾਨੀ ਇਸਤਰੀ ਨੂੰ ਉਧਾਲ਼ਨ ਆਇਐਂ? ਮੈਂ ਖ਼ਤਮ ਕਰ ਦਿਆਂਗਾ ਤੇਰੇ ਇਹ ਸਾਰੇ ਮਨਸੂਬੇ। ਨਿਕਲ ਜਾਂ ਇੱਥੋਂ ਆਪਣੀ ਜਾਨ ਬਚਾ ਕੇ ਤੇ ਛੱਡ ਦੇਹ ਇਹ ਭੈੜੇ ਕੰਮ। ਲਾਹਨਤ ਹੈ ਤੇਰੀ ਬਲਵਾਨੀ ਤੇ, ਵਿਦਵਾਨੀ ਤੇ। ਹੁਣ ਸੀਤਾ ਮਾਤਾ ਰਾਮ ਕਾਰ ਵਿਚ ਕੈਦ ਨਹੀਂ ਰਹੇਗੀ। ਬਾਹਰ ਖੁੱਲ੍ਹੀ ਉੱਡੇਗੀ ਖੁੱਲ੍ਹੇ ਅਸਮਾਨ ਵਿਚ ਤੇ ਤੂੰ ਉਸ ਨੂੰ ਹੱਥ ਨਹੀਂ ਲਾ ਸਕੇਂਗਾ। ਮੈਂ ਕੱਢ ਦਿਆਂਗਾ ਤੇਰੇ ਭੈੜੀਆਂ ਨਜ਼ਰਾਂ ਵਾਲੇ ਡੇਲੇ, ਭੰਨ ਦਿਆਂਗਾ ਤੇਰੀਆਂ ਬਾਂਹਾਂ!'

ਉਸ ਨੇ ਜ਼ੋਰ ਦੇ ਝਟਕੇ ਨਾਲ ਸੋਟੀ ਰਾਵਣ ਵੱਲ ਉਲਾਰੀ ਜੋ ਲੜਖੜਾਉਂਦਾ ਜੀਪ ਤੋਂ ਥੱਲੇ ਡਿੱਗਦਾ ਮਸੀਂ ਮਸੀਂ ਬਚਿਆ।

'ਐ ਤਮਾਸ਼ਬੀਨੋ ਸੁਣੋ! ਮਹੱਲੇ ਵਾਲਿਓ ਸੁਣੋ! ਦੇਸ਼ ਵਾਲਿਓ ਸੁਣੋ! ਰਾਵਣ ਦੇ ਸਾਥੀਓ ਸਰਨਾਵੀਓਂ ਸੁਣੋ, ਮੈਂ ਹਿੱਕ ਥਾਪੜ ਕੇ ਕਹਿੰਦਾ ਹਾਂ, ਮੈਂ ਸੀਤਾ ਹਰਨ ਨਹੀਂ ਹੋਣ ਦਿਆਂਗਾ। ਅਣਖਾਂ ਵਾਲਿਓ ਬਾਹਰ ਨਿਕਲੋ! ਛੱਡ ਦਿਓ ਰਜਾਈਆਂ ਖੇਸ। ਅੱਜ ਸੀਤਾ ਹਰਨ ਹੋਣੀ ਜੇ। ਸੀਤਾ ਮੇਰੀ ਮਾਤਾ ਹੈ, ਮੇਰੀ ਮਾਂ ਨੂੰ ਕੋਈ ਹਰਨ ਨਹੀਂ ਕਰ ਸਕਦਾ। ਮੇਰੀ ਸੀਤੇ ਨੂੰ ਕੋਈ ਨਹੀਂ ਲਿਜਾ ਸਕਦਾ, ਮੈਂ ਇਹ ਨਹੀਂ ਹੋਣ ਦਿਆਂਗਾ...। ਸੀਤਾ ਮੇਰੀ ਭਰਜਾਈ ਹੈ ਮਾਂ ਵਰਗੀ, ਸੀਤਾ ਮੇਰੀ ਭੈਣ ਹੈ। ਕੌਣ ਹੈ ਉਸ ਨੂੰ ਲਿਜਾਉਣ ਵਾਲਾ? ਮੈਂ ਉਸ ਨੂੰ ਨਹੀਂ ਲਿਜਾਉਣ ਦਿਆਂਗਾ, ਨਹੀਂ ਹਰਨ ਹੋਣ ਦਿਆਂਗਾ। ਜਿੰਨਾ ਚਿਰ ਮੇਰੀਆਂ ਬਾਂਹਾਂ ਵਿਚ ਜ਼ੋਰ ਹੈ...ਜਿੰਨਾ ਚਿਰ ਮੇਰੀਆਂ ਰਗਾਂ ਵਿਚ ਖੂਨ ਹੈ...।'

ਉਹ ਬਾਂਹਾਂ ਫੈਲਾਉਂਦਾ ਹੈ। ਹਨੂਮਾਨ ਬੇਵੱਸ ਜਿਹਾ ਹੋ ਕੇ ਪਾਸੇ ਖਲੋ ਗਿਆ। ਰਾਵਣ ਦਾ ਮੱਚ ਮਰ ਗਿਆ। ਉਸ ਦਾ ਨਕਲੀ ਦਸ-ਸਿਰਾ ਮੁਕਟ ਡਿੱਗੂੰ-ਡਿੱਗੂੰ ਕਰਨ ਲੱਗਾ। ਉਸ ਨੇ ਆਸੇ ਪਾਸੇ ਦੇਖਿਆਂ, ਮਾਨੋ ਕਿਸੇ ਦੀ ਮਦਦ ਲਈ ਪੁਕਾਰ ਰਿਹਾ ਹੋਵੇ।

ਪਤਵੰਤੇ ਸੱਜਣ ਪੁਲਿਸ ਵੱਲ ਝਾਕੇ, 'ਕੌਣ ਹੈ ਇਹ ਸਿਰ ਫਿਰਿਆ? ਫੜੋ ਇਹਨੂੰ ਦਿਉ ਅੰਦਰ।'

ਪੁਲਿਸ ਦੇ ਸਿਪਾਹੀ ਅੱਗੇ ਆਏ ਤੇ ਉਸਨੂੰ ਹਥਕੜੀਆਂ ਵਿਚ ਜਕੜ ਕੇ ਥਾਣੇ ਨੂੰ ਲੈ ਤੁਰੇ।

'ਇਹਦੇ ਬਾਹਰ ਰਹਿਣ ਨਾਲ ਅਮਨ ਕਾਨੂੰਨ ਨੂੰ ਖਤਰਾ ਹੈ। ਇਹ ਸ਼ਾਂਤਮਈ ਜਲੂਸ ਵਿੱਚ ਖੱਲਰ ਮਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।'

ਪਰ ਉਹ ਚਿਲਾ ਰਿਹਾ ਸੀ, ਚਿਲਾਈ ਜਾਂਦਾ ਸੀ।

'ਮੈਂ ਹੁਣ ਸੀਤਾ ਹਰਨ ਨਹੀਂ ਹੋਣ ਦਿਆਂਗਾ, ਹੁਣ ਕੋਈ ਰੜਾ-ਰਾਵਣ ਸੀਤਾ ਹਰਨ ਨਹੀਂ ਕਰ ਸਕਦਾ।'

👎 👎 👎

## ਬੇਬੇ ਜੀ

ਇੰਸਪੈਕਟਰ ਮੋਦਨ ਸਿੰਘ ਨੇ ਜਦ ਤੋਂ ਇਸ ਥਾਣੇ ਦਾ ਚਾਰਜ ਸੰਭਾਲਿਆ ਹੈ, ਸਭ ਕੁਝ ਹੀ ਉਲਟਾ-ਪੁਲਟਾ ਹੋ ਗਿਆ ਹੈ। ਸਾਰੇ ਇਲਾਕੇ ਵਿਚ ਖ਼ੂਬ ਗਹਿਮਾ-ਗਹਿਮੀ ਤੇ ਤਰ੍ਹਾਂ-ਤਰ੍ਹਾਂ ਦੀਆਂ ਖ਼ਬਰਾਂ ਅਫਵਾਹਾਂ ਦਾ ਬਾਜ਼ਾਰ ਗਰਮ ਹੈ। ਛੇਤੀ-ਛੇਤੀ ਬੰਦ ਹੋਣ ਵਾਲੇ ਅਹਾਤੇ, ਢਾਬੇ, ਠੇਕੇ ਦੇਰ ਰਾਤ ਤੱਕ ਖੁੱਲ੍ਹੇ ਰਹਿਣ ਲੱਗੇ ਹਨ। ਕੋਠਿਆਂ ਦੀਆਂ ਰੁੱਸੀਆਂ ਬਹਾਰਾਂ ਫਿਰ ਪਰਤ ਆਈਆਂ ਹਨ ਤੇ ਦੋਬਾਰਾ ਘੁੰਗਰੂ ਦੀ ਛਣਕਾਰ ਛਣਕਣ ਲੱਗੀ ਹੈ। ਚੋਰ-ਡਾਕੂ ਤੇ ਗੁੰਡੇ ਅਨਸਰ ਬਾਜ਼ਾਰਾਂ ਵਿਚ ਮੁੜ ਉਮਡ ਪਏ ਨੇ ਬਰਸਾਤੀ ਭੰਬੱਕੜਾਂ ਵਾਂਗ। ਪੁਲਸ-ਟਾਊਟ ਤੇ ਚਮਚੇ ਥਾਣੇ ਵਿਚ ਏਦਾਂ ਘੁੰਮਦੇ ਫਿਰਦੇ ਨੇ ਜਿਵੇਂ ਵਿਆਹ ਵਾਲੇ ਘਰ ਵਿਚ ਵਿਚੋਲਾ। ਇਹ ਸਭ ਕੁਝ ਪਹਿਲੇ ਇਨਚਾਰਜ ਨੇ ਬੰਦ ਕਰਵਾ ਦਿੱਤਾ ਸੀ ਤੇ ਇਸ ਦੇ ਇਵਜ਼ ਵਜੋਂ ਉਸ ਨੂੰ ਲਾਈਨ ਹਾਜ਼ਰ ਕਰ ਦਿੱਤਾ ਗਿਆ ਸੀ।

'ਉਸ ਸਾਹਿਬ ਦੀ ਵਾਹ ਵਾਹ ਹੋ ਜਾਂਦੀ, ਜਿਸ ਥਾਣੇ ਗੁੰਡਾਗਰਦੀ ਹੈ,
ਜਿਥੇ ਕੇਸ ਕਦੇ ਕੋਈ ਆਉਂਦਾ ਨਹੀਂ, ਉਸ ਦੀ ਲਹਿ ਜਾਂਦੀ ਵਰਦੀ ਹੈ।'

ਕੋਠੇ ਵਾਲੀ ਬੇਬੇ ਦੀ ਪੁੱਛ ਪ੍ਰਤੀਤ ਫਿਰ ਵਧ ਗਈ ਹੈ। ਜਿਸ ਕਿਸੇ ਵੀ ਸ਼ਰੀਫ਼ਜ਼ਾਦੇ ਨੂੰ ਬਦਨਾਮ ਕਰਨਾ ਹੋਵੇ, ਇਸ ਬੇਬੇ ਦਾ ਚੁਟਕੀ ਦਾ ਕੰਮ ਹੈ। ਉਸ ਦੇ ਨਾਲ ਦੋ ਚਾਰ ਜ਼ਨਾਨੀਆਂ ਹਰ ਵੇਲੇ ਉਸ ਦੇ ਹੁਕਮ ਦੀ ਉਡੀਕ ਦੀਆਂ ਗੁਲਾਮ ਹਨ। ਉਸ ਦੇ ਇਸ਼ਾਰੇ 'ਤੇ ਕੋਈ ਵੀ ਕਿਸੇ ਨੂੰ ਕਹਿ ਦੇਵੇ,

'ਫਲਾਣੇ ਨੇ ਮੈਨੂੰ ਸੀਟੀ ਮਾਰੀ ਹੈ, ਫਲਾਣੇ ਨੇ ਮੈਨੂੰ ਅੱਖ ਮਾਰੀ ਹੈ... ਅਮਕੜੇ ਨੇ ਮੈਨੂੰ ਮਖੌਲ ਕੀਤਾ ਹੈ। ਦਮਕੜੇ ਨੇ ਮੇਰੀ ਇੱਜ਼ਤ ਨੂੰ ਹੱਥ ਪਾਇਆ ਹੈ।'

ਫਿਰ ਕੇਸ ਪਰ੍ਹੇ ਪੰਚੈਤ ਵਿਚ ਜਾਂਦਾ ਹੈ, ਥਾਣੇ ਜਾਂਦਾ ਹੈ, ਸੌਦੇਬਾਜ਼ੀ ਹੁੰਦੀ ਹੈ। ਅੱਧਾ ਮਾਲ ਪੁਲਸ ਦਾ ਤੇ ਬਾਕੀ ਅੱਧਾ ਬੇਬੇ ਦਾ ਤੇ ਸ਼ਿਕਾਇਤ ਕਰਨ ਵਾਲੀ ਸ਼ਰੀਫ਼ਜ਼ਾਦੀ ਦਾ।

ਅੱਜ ਅਜਿਹਾ ਹੀ ਇਕ ਕੇਸ ਥਾਣੇ ਪਹੁੰਚਿਆ ਹੈ। ਸਾਹਮਣੇ ਇਕ ਮੁਜਰਮ ਬਾਊ ਜੀ, ਜੈਂਟਲਮੈਨ ਸਿਰ ਨੀਵੀਂ ਪਾਈ ਬੈਠੇ ਹਨ। ਬੇਬੇ ਸਾਹਿਬ ਦੇ ਬਰਾਬਰ ਕੁਰਸੀ 'ਤੇ ਬੈਠੀ ਹੈ। ਸਾਹਮਣੇ ਇਕ ਹੋਰ ਜ਼ਨਾਨੀ ਬੈਠੀ ਸ਼ਿਕਾਇਤ ਲਗਾ ਰਹੀ ਹੈ। ਉਸੇ ਦੀ ਸ਼ਕਾਇਤ 'ਤੇ ਹੀ ਇਹ ਸਾਰੀ ਭੀੜ ਜੁੜੀ ਹੈ, ਇਨਸਾਫ਼ ਕਰਨ ਲਈ।

ਮੁਨਸ਼ੀ ਨੇ ਕੇਸ ਪੇਸ਼ ਕੀਤਾ ਹੈ,
'ਇਸ ਨੇ ਤੁਰੀ ਜਾਂਦੀ ਸੀਬੋ ਨੂੰ ਸੀਟੀ ਮਾਰੀ ਹੈ, ਮਖੌਲ ਕੀਤਾ ਹੈ ਸਾਹਿਬ।'
ਲਾਗੇ ਖੜ੍ਹੀ ਸੀਬੋ ਨੇ ਸਿਰ ਹਿਲਾ ਕੇ ਆਪਣੀ ਸ਼ਿਕਾਇਤ ਦੀ ਸ਼ਾਹਦੀ ਭਰੀ ਹੈ।

ਚੁਬਾਰੇ ਵਾਲੀ ਬੇਬੇ ਨੇ ਸਾਹਿਬ ਨਾਲ ਅੱਖ ਮਿਲਾਈ ਤੇ ਅੱਖ ਦਾ ਇਕ ਕੋਨਾ ਨੱਪ ਦਿਤਾ।

'ਇਹ ਤਾਂ ਬਹੁਤ ਵੱਡਾ ਜੁਰਮ ਹੈ ਸਾਹਿਬ, ਪਰ ਨੌਜਵਾਨ ਮੁੰਡਾ ਹੈ, ਮੁੰਡੇ ਗਲਤੀ ਕਰ ਹੀ ਜਾਂਦੇ ਨੇ। ਇਹਨੂੰ ਇਸ ਵੇਰਾਂ ਥੋੜ੍ਹਾ ਬਹੁਤ ਜੁਰਮਾਨਾ ਕਰਕੇ ਛੱਡ ਦਿਉ, ਫਿਰ ਵੀ ਸਾਡੀ ਮਹੱਲੇਦਾਰੀ ਹੈ।'

ਉਸ ਨੇ ਹੱਥ ਦਾ ਪੰਜਾ ਫੈਲਾ ਕੇ ਇਸ਼ਾਰਾ ਕੀਤਾ ਹੈ।

'ਠੀਕ ਹੈ, ਠੀਕ ਹੈ। ਕਿਉਂ ਭਈ ਜੁਆਨਾਂ ?' ਇੰਸਪੈਕਟਰ ਨੇ ਹੱਥ ਚ ਪੈੱਨ ਹਿਲਾਉਂਦੇ ਨੌਜਵਾਨ ਦੀ ਸਲਾਹ ਪੁੱਛੀ।

ਨਿੰਮੋਝੂਣਾ ਜਿਹਾ ਜੁਆਨ ਆਪਣਾ ਛੁਟਕਾਰਾ ਹੁੰਦਾ ਦੇਖ ਕੇ ਅੰਦਰੋਂ ਬਹੁਤ ਖੁਸ਼ ਹੋਇਆ।

'ਹਾਂ ਜੀ ਸਰ।'
'ਤੇ ਦੱਸ! ਫਿਰ ਕੀ ਜੁਰਮਾਨਾ ਕਰੀਏ ਤੈਨੂੰ?'
'ਜੋ ਹੁਕਮ ਹਜ਼ੂਰ...।'
'ਪੰਜ ਹਜ਼ਾਰ!'

ਮੋਦਨ ਸਿੰਘ ਨੇ ਮੂੰਹ ਪਾੜ ਕੇ ਨਾਦਰਸ਼ਾਹੀ ਹੁਕਮ ਚਾੜ੍ਹ ਦਿੱਤਾ।

'ਸਰ ਜੀ, ਸੀਟੀ ਮਾਰਨ ਦਾ ਜੁਰਮਾਨਾ ਪੰਜ ਹਜ਼ਾਰ?' ਮੁੰਡੇ ਨੇ ਲਿਲ੍ਹਕੜੀ ਜਿਹੀ ਕੱਢੀ।

ਸਾਹਿਬ ਤੇ ਬੇਬੇ ਦੀਆਂ ਅੱਖਾਂ ਫਿਰ ਟਕਰਾਈਆਂ ਹਨ।

'ਕੁਝ ਘੱਟ ਕਰ ਦਿਉ ਜਨਾਬ।' ਬੇਬੇ ਨੇ ਸਿਫਾਰਸ਼ ਕੀਤੀ ਹੈ।

'ਤੁਹਾਨੂੰ ਪਤੈ! ਪਿਛਲੀ ਵੇਰਾਂ, ਅਜੇ ਪਿਛਲੇ ਹਫਤੇ ਦੀ ਹੀ ਗੱਲ ਹੈ, ਜਦ ਦੋ ਨੰਬਰ ਗਲੀ ਵਾਲੇ ਮੁੰਡੇ ਨੇ ਅੱਖ ਮਾਰ ਦਿੱਤੀ ਸੀ ਲੱਛੋ ਨੂੰ, ਉਸ ਦਾ ਛੁਟਕਾਰਾ ਤਿੰਨ ਹਜ਼ਾਰ ਵਿਚ ਹੋਇਆ ਸੀ।' ਬੇਬੇ ਨੇ ਇਕ ਹੋਰ ਗਵਾਹੀ ਭੁਗਤਾ ਦਿੱਤੀ।

'ਸਰ ਜੀ ਅੱਖ ਮਾਰਨ ਦਾ ਜੁਰਮਾਨਾ ਤਿੰਨ ਹਜ਼ਾਰ ?'

ਮੁੰਡਾ ਅੰਦਰੋਂ ਦੁਖੀ ਹੁੰਦਾ ਹੋਇਆ ਵੀ ਆਪਣੇ ਚਿਹਰੇ 'ਤੇ ਮੁਸਕਾਨ ਲਿਆਉਣ ਤੋਂ ਨਾ ਰਹਿ ਸਕਿਆ। ਹੁਣ ਉਸ ਦਾ ਸ਼ਰਾਰਤ ਦਾ ਮੂਡ ਸੀ।

'ਹਾਂ ਭਈ! ਚਲੋ ਅੱਖ ਮਾਰਨ ਦਾ ਵੀ ਤਿੰਨ ਹਜ਼ਾਰ ਤੇ ਸੀਟੀ ਮਾਰਨ ਦਾ ਵੀ ਤਿੰਨ। ਹਾਂ ਚੱਲ, ਤੂੰ ਤਿੰਨ ਹਜ਼ਾਰ ਹੀ ਦੇ ਦੇ।' ਥਾਣੇਦਾਰ ਨੇ ਆਖਰੀ ਫੈਸਲਾ ਦੇ ਦਿੱਤਾ।

ਮੁੰਡੇ ਦਾ ਪਿਉ ਅੱਗੇ ਹੋ ਕੇ ਪੈਸੇ ਢੇਰੀ ਕਰਨ ਲੱਗਾ। 'ਜਾਨ ਬਚੀ ਸੋ ਲਾਖੋਂ ਪਾਏ।'

'ਸਰ ਜੀ ਮੈਂ ਦਿਆਂਗਾ। ਜ਼ਰੂਰ ਦਿਆਂਗਾ। ਤਿੰਨ ਹਜ਼ਾਰ...। ਭਾਵੇਂ ਮੈਂ ਸੀਟੀ ਵੀ ਨਹੀਂ ਮਾਰੀ ਤੇ ਅੱਖ ਵੀ ਨਹੀਂ ਮਾਰੀ, ਪਰ ਪਹਿਲਾਂ ਇਸ ਬੇਬੇ ਜੀ ਕੋਲੋਂ ਛੇ ਹਜ਼ਾਰ ਢੇਰੀ ਕਰਾਓ ਜਿਸ ਨੇ ਤੁਹਾਨੂੰ ਮੇਰੇ ਸਾਹਮਣੇ ਹੁਣੇ ਦੋ ਵਾਰ ਅੱਖ ਮਾਰੀ ਹੈ।'

ਚਾਰ ਚੁਫੇਰੇ ਹਾਸੇ ਦੀ ਛਣਕਾਰ ਗੂੰਜੀ। ਬੇਬੇ ਤੇ ਥਾਣੇਦਾਰ ਦੀਆਂ ਨਜ਼ਰਾਂ ਫਿਰ ਟਕਰਾਈਆਂ ਤੇ ਨੀਵੀਂਆਂ ਪੈ ਗਈਆਂ।

👎 👎 👎

## ਨੁਸਖ਼ਾ

'ਆ ਮੇਰੇ ਯਾਰ ਚਾਚਾ! ...?'

ਚਾਚੇ ਨੂੰ ਢਿੱਲਾ ਜਿਹਾ ਮੂੰਹ ਲਟਕਾਈ ਆਉਂਦੇ ਵੇਖ ਕੇ ਮੈਂ ਮਖੌਲੀਏ ਜਿਹੇ ਅੰਦਾਜ਼ ਵਿਚ ਕਿਹਾ। ਉਸ ਦੇ ਚਿਹਰੇ ਤੋਂ ਉਸ ਨਾਲ ਹੋਈ ਕੋਈ ਅਣਸੁਖਾਵੀਂ ਤੇ ਮਾੜੀ ਘਟਨਾ ਦੀ ਝਲਕ ਪੈ ਰਹੀ ਸੀ। ਉਸ ਦੇ ਮੂੰਹ ਤੋਂ ਪਹਿਲਾਂ ਵਰਗੀ ਮੁਸਕਾਨ ਗਾਇਬ ਸੀ। ਉਹ ਰੋਣ -ਹਾਕਾ ਜਿਹਾ ਹੋਇਆ ਪਿਆ ਸੀ ਜਿਵੇਂ ਰੋ ਕੇ ਆਇਆ ਹੋਵੇ ਜਾਂ ਫਿਰ ਰੋਣ ਦੀ ਤਿਆਰੀ ਕਰ ਰਿਹਾ ਹੋਵੇ। ਪਹਿਲਾਂ ਜਦ ਵੀ ਕਦੇ ਮਿਲਦਾ ਉਹ ਕੋਈ ਨਾਂ ਕੋਈ ਟਿਚਕਰ ਮਸ਼ਕਰੀ ਕਰਨ ਵਿਚ ਪਹਿਲ ਕਰ ਜਾਂਦਾ ਤੇ ਕਦੇ ਮੈਂ ਹੀ ਇਹ ਪਹਿਲਾ ਵਾਰ ਕਰ

ਦਿੰਦਾ। ਫਿਰ ਕਿੰਨਾ ਚਿਰ ਅਸੀਂ ਅਜਿਹੀ ਟਿਚਕਰ-ਬਾਜ਼ੀ ਦਾ ਲੁਤਫ਼ ਲੈਂਦੇ ਰਹਿੰਦੇ, ਛੜਿਆਂ ਦੀ ਮਹਿਫ਼ਲ ਵਾਂਗ।

ਅੱਜ ਉਹ ਉਦਾਸ ਸੀ, ਸੱਚਮੁੱਚ ਉਦਾਸ। ਇਕ ਡੂੰਘੀ ਚੁੱਪ ਤੇ ਮੁਰਦਿਹਾਣੀ ਉਸ ਦੀਆਂ ਅੱਖਾਂ ਚੋਂ ਡਲ੍ਹਕਾਂ ਮਾਰ ਰਹੀ ਸੀ। ਉਸ ਦਾ ਚਿੱਬ-ਖੜਿੱਬਾ ਤੇ ਝੁਰੜ-ਮੁਰੜਾ ਚਿਹਰਾ ਦਿਲਸੋਜ਼ ਰੰਗਤ ਦਾ ਨਕਾਬ ਪਹਿਨੀ ਬੈਠਾ ਸੀ।

'ਗੱਲ ਤਾਂ ਦੱਸ ਮੇਰੇ ਆਰ ਚਾਚਾ! ਕਿਹੜੀ ਮਨਹੂਸ ਗਲੀ ਲੰਘ ਕੇ ਆਇਐਂ ਜਿਸ ਨੇ ਤੇਰੀ ਸ਼ਕਲ ਹੀ ਵਿਗਾੜ ਦਿੱਤੀ?'

ਮੈਂ ਹੱਸਦਾ-ਹੱਸਦਾ ਚੋਭ ਜਿਹੀ ਮਾਰਦਾ ਹਾਂ।

'ਨਹੀ ਪ੍ਰਾਹੁਣਿਆਂ! ਮੈਨੂੰ ਅੱਜ ਮਖੌਲ ਨਾ ਕਰੀਂ...ਅੱਜ ਮੇਰੀ ਬੜੀ ਬੇਪਤੀ ਖਰਾਬ ਹੋਈ ਆ।'

'ਪੈੱਗ ਲਿਆਵਾਂ...?' ਮੈਂ ਫਿਰ ਪੈਂਤੜਾ ਬਦਲਦਾ ਹਾਂ, ਉਸ ਦਾ ਅੰਦਰ ਫਰੋਲਨ ਵਾਸਤੇ।

'ਨਹੀਂ ਯਾਰ! ... ਸੀਮਾ ਆਈ ਸੀ ਅੱਜ ...।' ਉਸ ਨੇ ਇਕੋ ਸਾਹੇ ਕਿਹਾ।

'ਵਧਾਈ ਹੋਵੇ ਫਿਰ! ਰੋਜ਼ ਤਾਂ ਉਸ ਨੂੰ ਉਡੀਕਦਾ ਸੀ...ਚੰਗਾ ਹੋਇਆ, ਬਹੁਤ ਚੰਗਾ।'

'ਵਧਾਈ ਨਹੀ ਭਾਊ... ਉਹ ਮੇਰੇ ਮੂੰਹ 'ਤੇ ਥੁੱਕ ਕੇ ਗਈ ਹੈ...ਛਿੱਤਰ ਝਾੜ ਕੇ ਗਈ ਹੈ...।'

ਕਹਿੰਦੇ ਕਹਿੰਦੇ ਉਸ ਨੇ ਆਪਣਾ ਸਿਰ ਗੋਡਿਆਂ ਵਿਚ ਤੁੰਨ ਲਿਆ। ਹੀਣਤਾ-ਭਾਵ ਤੇ ਮਾਯੂਸੀ ਉਸ 'ਤੇ ਗਲਬਾ ਪਾ ਲੈਂਦੇ ਹਨ। ਮੇਰਾ ਮੂੰਹ ਅਵਾਕ ਅੱਡਿਆ ਰਹਿ ਜਾਂਦਾ ਹੈ।

'ਫਿਰ ਨਾ ਪੰਗੇ ਲਿਆ ਕਰ! ਜੇ ਤੇਰੇ ਹੱਥ ਪੱਲੇ ਹੀ ਕੁਝ ਨਹੀਂ, ਤਾਂ ਫਿਰ ਛਿੱਤਰ ਹੀ ਖਾਏਂਗਾ।'

ਮੈਥੋਂ ਉਸ ਨਾਲ ਹਮਦਰਦੀ ਹੁੰਦੇ ਹੋਏ ਵੀ ਸਪਸ਼ਟ ਸ਼ਬਦ ਨਿਕਲ ਗਏ।

'ਮੈਨੂੰ ਕੋਈ ਚੰਗਾ ਜਿਹਾ ਨੁਸਖ਼ਾ ਲਿਆ ਕੇ ਦੇਹ ਤੇਜ਼ ਇਕਦਮ-ਤੇਜ਼-ਤਰਾਰ, ਮੈਂ ਵੀ ਬੰਦੇ ਦਾ ਪੁੱਤ ਹੋਊਂ ਤਾਂ ਉਸਨੂੰ ਮਜ਼ਾ ਚਖਾਊਂ ਚੰਗੀ ਤਰ੍ਹਾਂ...।'

'ਤੂੰ ਕਿਹੜੀ ਮੈਨੂੰ ਕਦੇ ਸੁਲਹ ਮਾਰੀ ਆ। ਵੰਡ-ਵਰਤ ਕੇ ਖਾਇਆ ਕਰ। ਵੰਡ ਖਾਈਏ ਖੰਡ ਖਾਈਏ, ਇਕੱਲੇ ਖਾਈਏ ਹੱਡ ਖਾਈਏ। ਜੇ ਸਬਰ ਕਰਕੇ ਵੰਡ ਵਰਤ ਕੇ ਚੱਲਦਾ ਤਾਂ ਤੇਰੀ ਇਹ ਹਾਲਤ ਨਾ ਹੁੰਦੀ।' ਮੇਰਾ ਨਾਂਹ ਵਰਗਾ ਜੁਆਬ ਸੁਣ ਕੇ ਅੰਤਾਂ ਦੀ ਡੂੰਘੀ ਚੀਸ ਉਸ ਦੇ ਮੱਥੇ 'ਤੇ ਤਰੇਲੀ ਬਣ ਵਗ ਤੁਰੀ। ਉਹ ਮੇਰੀ ਮਦਦ ਮੰਗਦਾ ਹੱਥ ਅੱਡਣ ਲੱਗਾ।

'ਬਈ ਯਾਰ ਚਾਚਾ! ਹੁਣ ਤਾਂ ਮੈਂ ਵੇਖਿਆ ਨੀਂ... ਦੂਜੀ ਵੇਰਾਂ ਜਦ ਆਈ... ਛਿੱਤਰ ਮਾਰਨ ਲੱਗੀ, ਤਾਂ ਮੈਨੂੰ ਬੁਲਾ ਲਵੀ, ਫਿਰ ਮੈਂ ਤੇਰਾ ਚਸ਼ਮ-ਦੀਦ ਗਵਾਹ ਬਣਾਂਗਾ... ਜਰੂਰ ਬਣਾਂਗਾ। ਨਾਲੇ ਫਿਰ ਤੈਨੂੰ ਨੁਸਖ਼ਾ ਵੀ ਲਿਆ ਦਿਆਂਗਾ।'

ਮੇਰੀ ਖਚਰੀ ਜਿਹੀ ਹਾਸੀ ਨਾਲ ਉਹ ਮੇਰੇ ਗਲ ਲੱਗ ਬੱਚਿਆਂ ਵਾਂਗ ਬੁਸਕਣ ਲੱਗਾ।

## ਬੀਟ ਬੌਕਸ

ਸ਼ੋ ਰੂਮ ਵਿਚੋਂ ਨਵੀਂ-ਨਵੀਂ ਵੱਡੀ ਖੁੱਲ੍ਹੀ ਡੁੱਲ੍ਹੀ, ਮਹਿੰਗੀ ਕਾਰ ਖਰੀਦ ਕੇ ਉਹ ਆਪਣੇ ਘਰ ਵੱਲ ਨੂੰ ਚੱਲ ਪਿਆ।

'ਹੌਲੀ ਚਲਾ, ਏਦਾਂ ਚਲਾ, ਠੀਕ ਚਲਾ...'। ਉਹ ਡਰਾਈਵਰ ਨੂੰ ਨਾਲ ਨਾਲ ਹਦਾਇਤਾਂ ਦੇ ਰਿਹਾ ਸੀ।

'ਇਹ ਸਾਹਮਣੇ ਬੀਟ ਬੌਕਸ ਹੈ ਨਾਂ ! ਇਹ ਚੌਕ ਵਾਲਾ!'

'ਹਾਂ ਜੀ!'

'ਇਹ ਮੇਰੇ ਬਾਪੂ ਜੀ ਨੇ ਬਣਾ ਕੇ ਦਿਤਾ ਸੀ, ਪੰਜਾਬ ਪੁਲਿਸ ਨੂੰ...।' ਉਸ ਨੇ ਹਿੱਕ ਫੈਲਾ ਕੇ ਡਰਾਈਵਰ ਨੂੰ ਦੱਸਿਆ।

ਅੱਗੇ ਅਚਾਨਕ ਗਿਰਝਾਂ ਵਾਂਗ ਪੁਲਿਸ ਵਾਲੇ ਆ ਝਪਟੇ ਵੇਖ ਕੇ, ਡਰਾਈਵਰ ਨੇ ਜ਼ੋਰ ਦੀ ਬਰੇਕ ਮਾਰੀ ਇਕ ਦਮ...। ਉਸ ਦਾ ਮੱਥਾ ਸਾਹਮਣੇ ਸੀਟ ਨਾਲ ਜਾ ਟਕਰਾਇਆ।

'ਕਿਥੋਂ ਆਏ ਉ।' ਇਕ ਹੌਲਦਾਰ ਦੀ ਕੜਕਵੀਂ ਆਵਾਜ਼ ਆਈ।

'ਜੀ ਲੁਧਿਆਣੇ ਤੋਂ...।' ਉਸ ਦੀ ਆਪੇ ਫੂਕ ਛਕਣ ਵਾਲੀ ਕਹਾਣੀ ਰੁਕ ਗਈ।
'ਕਿਥੇ ਚੱਲੇ ਉ!' ਹੈਂਕੜ ਭਰੀ ਤਾਨਾਸ਼ਾਹ ਆਵਾਜ਼ ਸੀ।
'ਜੀ ਜਲੰਧਰ!' ਉਸ ਨੇ ਬੜੀ ਨਿਮਰਤਾ ਨਾਲ ਦੱਸਿਆ।
'ਦਿਖਾਉ ਕਾਗ਼ਜ਼!' ਫਿਰ ਧੌਂਸ ਭਰੀ ਚਿਤਾਵਨੀ ਸੀ।
'ਜੀ! ਜੀ! ... ਅਜੇ ਗੱਡੀ ਨਵੀ ਹੈ! ਹੁਣੇ ਹੀ ਲੈ ਕੇ ਆ ਰਹੇ ਹਾਂ!'
'ਬਾਹਰ ਨਿਕਲ!' ਹੌਲਦਾਰ ਦਬਕੇ ਨਾਲ ਬੋਲਿਆ।

'ਹੌਲਦਾਰ ਸਾਹਿਬ! ਇਹ ਬੀਟ ਬੌਕਸ ਹੈ ਨਾ ਜੋ, ਤੁਹਾਡੇ ਬੈਠਣ ਵਾਸਤੇ, ਇਹ ਮੇਰੇ ਪਿਤਾ ਜੀ ਨੇ ਬਣਾ ਕੇ ਦਿੱਤਾ ਸੀ...।' ਤਾਕੀ ਚੋਂ ਬਾਹਰ ਮੂੰਹ ਕੱਢਦੇ ਉਸ ਨੇ ਆਪਣੇ ਨੰਬਰ ਬਣਾਉਣੇ ਚਾਹੇ।

'ਚੱਲ ਸਾਲਾ ਵੱਡਾ ਦੇਵਤਾ।' ਹੌਲਦਾਰ ਦੇ ਮੂੰਹੋਂ ਗਾਲ ਦੇ ਨਾਲ ਸ਼ਰਾਬ ਦੀ ਹਵਾੜ੍ਹ ਹਵਾ ਵਿਚ ਫੈਲ ਗਈ।

'ਸਿਪਾਹੀ!'
'ਹਾਂ ਜਨਾਬ!'
'ਉਏ ਰੰਗੇਜ਼ੀ ਆਉਂਦੀ ਏ ਤੈਨੂੰ? ਕਿੰਨੀ ਕੁ........।'
'ਜੀ ਸਾਰੀ ਆਉਂਦੀ ਹੈ ...।'
'ਕੀ ਹੁੰਦਾ ਏ ਬੀਟ ਬਕਸ ਦਾ ਮਤਲਬ?'
'ਕੁੱਟਣਾ ....ਜਨਾਬ ਕੁੱਟਣਾ....ਬਕਸੇ 'ਚ ਬੰਦ ਕਰਕੇ ਕੁੱਟਣਾ, ਅੰਦਰ ਪਾ ਕੇ ਕੁੱਟਣਾ ...।'
'ਤੇ ਕੀ ਉਡੀਕਦੋਂ ਫਿਰ?'

'ਫੜੋ ਉਏ ਢਾਉ ਇਹਨੂੰ! ਨਾਲੇ ਗੱਡੀ ਏਨੀ ਤੇਜ਼ ਲਿਜਾ ਰਿਹਾ ਜਿਵੇਂ ਚੋਰੀ ਦੀ ਹੋਵੇ, ਸੀਟ-ਬੈਲਟ ਤੋਂ ਬਿਨਾ ਮੂੰਹ ਮੱਥਾ ਭਨਾਈ ਫਿਰਦਾ, ਉਪਰੋਂ ਕਾਗ਼ਜ਼ ਕੋਈ ਨਹੀਂ ਤੇ ਹੋਰ ਰੋਹਬ ਝਾੜ੍ਹ ਰਿਹਾ! ਬੀਟ ਬੌਕਸ ਦਾ...।' ਹੌਲਦਾਰ ਨੇ ਸਿਪਾਹੀ ਨੂੰ ਤੁੱਖਣਾ ਦਿੱਤੀ।

'ਬੀਟ ਬੌਕਸ 'ਤੇ ਲੱਖਾਂ ਲਗਾ ਸਕਦੇ ਉ। ਕਾਰ ਤੇ ਲੱਖਾਂ ਲਗਾ ਸਕਦੇ ਉ। ਤਾਂ ਸਾਡੇ ਲਾਗ ਵੇਲੇ ਏਨੇ ਨਖ਼ਰੇ!' ਸਿਪਾਹੀ ਨੇ ਮਿੱਠੀ ਚਾਟ ਖਿਲਾਰੀ।

ਫੂਕ ਵਿਚ ਆ ਕੇ ਉਸ ਨੇ ਪੰਜ ਸੌ ਦਾ ਨੋਟ ਕੱਢਿਆ।

'ਨਹੀਂ! ਨਹੀਂ! ਤੈਨੂੰ ਸਾਰੀ ਰਾਤ ਬਠਾਊਂ ਬੀਟ ਬੌਕਸ ਵਿਚ। ਤੈਨੂੰ ਲੰਮੇ ਲੰਮੇ ਡੰਗਾਂ ਵਾਲਾ ਮੱਛਰ ਲੜਾਊਂ, ਜਿਹੜਾ ਤੇਰੇ ਬਾਪ ਨੇ ਪਾਲਿਆ ਇਥੇ ਬੀਟ ਬੌਕਸ ਵਿਚ ਸਾਡੇ ਵਾਸਤੇ, ਤੇਰੀ ਸੇਵਾ ਕਰਾਂਗੇ ਰੱਜ ਕੇ .....।'

ਹੁਣ ਹੌਲਦਾਰ ਦਾ ਦੂਜਾ ਦਬਕਾ ਹੋਰ ਤੇਜ਼ ਗਤੀ ਵਿਚ ਸੀ। ਉਸ ਨੇ ਅਗਲੀ ਜਲਾਲਤ ਤੋਂ ਬਚਣ ਲਈ ਜੇਬ ਵਿਚੋਂ ਹੋਰ ਨੋਟ ਕੱਢੇ, ਇਕ ਹਜ਼ਾਰ ਬਣਾ ਕੇ ਉਧਰ ਵਧਾਏ।

'ਹਾਂ! ਇਹ ਹੋਈ ਨਾ ਗੱਲ। ਪਰ ਯਾਦ ਰੱਖ। ਤੈਨੂੰ ਛੱਡ ਤਾਂ ਦਿੰਦੇ ਹਾਂ ਪਰ ਕਿਸੇ ਕੋਲ ਗੱਲ ਨਾ ਕਰੀਂ। ਨਾਲੇ ਇਹ ਜ਼ਬਰਦਸਤੀ ਨਹੀਂ, ਅਸੀਂ ਤਾਂ ਪਾਰਟੀ ਹੀ ਕਰਨੀ ਹੈ, ਤੇਰੀ ਨਵੀਂ ਗੱਡੀ ਦੀ। ਆ ਜਾ ਲਾ ਲੈ ਘੁੱਟ! ਤੂੰ ਵੀ...।'

'ਨਹੀ ਜਨਾਬ! ਸ਼ੁਕਰੀ...।'

ਡਰਾਈਵਰ ਨੇ ਇਕ ਦਮ ਕਾਰ ਖਿੱਚ ਦਿੱਤੀ, ਜਿਵੇਂ ਸੱਚੀਂ -ਮੁੱਚੀਂ ਚੋਰੀ ਕਰਕੇ ਲਿਆਏ ਹੋਣ ਤੇ ਉਹਨਾਂ ਪਿੱਛੇ ਵਾਹਰ ਲੱਗੀ ਹੋਵੇ।

👎 👎 👎

## ਡੈਡੀ ਦੀ ਊਈ ਊਈ

ਬਾਬੇ ਦੀ ਮੂਰਤੀ ਪਿੱਛੇ ਲੁਕਾ ਕੇ ਰੱਖੀ ਕੱਲ੍ਹ ਦੀ ਬਚੀ ਵਿਸਕੀ ਦੀ ਬੋਤਲ ਚੋਰੀ-ਚੋਰੀ ਕੱਢ ਕੇ ਉਹ ਬਾਥਰੂਮ ਵਿਚ ਲੈ ਗਿਆ। ਹੁਣ ਉਹ ਆਪਣੀ ਘਰ ਵਾਲੀ ਤੇ ਬੱਚਿਆਂ ਦੀਆਂ ਨਜ਼ਰਾਂ ਤੋਂ ਉਹਲੇ ਸੀ। ਬੋਤਲ ਕੱਲ੍ਹ ਨਾਲੋਂ ਕੁਝ ਊਣੀ ਸੀ। ਪਰ ਉਸਨੂੰ ਇਸ ਬਾਰੇ ਦੇਖਣ ਸੋਚਣ ਦਾ ਸਬਰ ਕਿੱਥੇ? ਦਰਵਾਜ਼ੇ ਦੀ ਕੁੰਡੀ ਅੰਦਰੋਂ ਲਗਾਈ, ਜਲਦੀ ਜਲਦੀ ਗਿਲਾਸੀ ਵਿਚ ਪਾਈ, ਇਕੋ ਘੁੱਟੇ ਅੰਦਰ ਸੁੱਟੀ ਤੇ ਜੇਬ ਵਿਚੋਂ ਲਾਚੀਆਂ ਕੱਢ ਕੇ ਮੂੰਹ ਵਿਚ ਪਾਈਆਂ। ਹੱਥ ਮੂੰਹ ਤੇ ਦੋ ਚਾਰ ਛਿੱਟੇ ਮਾਰੇ ਤੇ ਖਾਣੇ ਵਾਲੇ ਮੇਜ਼ 'ਤੇ ਆ ਬੈਠਾ।

'ਡੈਡੀ ਅੱਜ ਮੈਨੂੰ ਵੀ ਵਿਸਕੀ ਪਿਆਉ...।' ਸ਼ਰਾਬੀਆਂ ਵਾਂਗ ਝੂਮਦੇ ਉਸ ਦੇ ਬੱਬੂ ਨੇ ਪੈੱਗ ਦੀ ਤਲਬ ਜ਼ਾਹਰ ਕੀਤੀ।

'ਨਹੀਂ ਬੇਟੇ! ਬੱਚੇ ਵਿਸਕੀ ਨਹੀ ਪੀਂਦੇ।'

ਉਸ ਨੂੰ ਜਾਪਿਆ ਜਿਵੇਂ ਬੱਬੂ ਨੇ ਉਸ ਦੀ ਚੋਰੀ ਫੜ ਲਈ ਹੈ, ਉਸਨੇ ਉਸ ਨੂੰ ਟਰਕਾਉਣਾ ਚਾਹਿਆ।

'ਪਾਪਾ! ਮੈਂ ਤਾਂ ਅੱਜ ਸੁਆਦ ਵੇਖਿਆ, ਬੜੀ ਚੰਗੀ ਏ ਵਿਸਕੀ...।' ਮੈਂ ਵੀ ਤੁਹਾਡੇ ਵਾਂਗ ਰੋਜ਼ ਪੀਆ ਕਰਾਂਗਾ।'

ਬੱਬੂ ਸ਼ਰਾਬੀਆਂ ਵਾਂਗ ਲੜਖੜਾ ਰਿਹਾ ਸੀ। ਡੈਡੀ ਦੇ ਹੱਥਾਂ ਦੇ ਤੋਤੇ ਉੱਡ ਗਏ, ਘੁੱਟ ਪੀਤੀ ਕਿਤੇ ਦੂਰ ਖੰਭ ਲਾ ਕੇ ਰਫੂ-ਚੱਕਰ ਹੋ ਗਈ।

'ਛੋਟੇ ਬੱਚੇ ਦੇ ਮੂੰਹ ਇਹ ਹੁਣ ਤੋਂ ਹੀ ਲੱਗ ਗਈ, ਤਾਂ ਇਹਦਾ ਜੀਵਨ ਨਰਕ ਬਣਾ ਦੇਵੇਗੀ। ਮੈਂ ਆਪ ਪੀ ਕੇ ਇਸ ਨੂੰ ਪੀਣ ਤੋਂ ਕਿਵੇਂ ਰੋਕ ਸਕਾਂਗਾ?' ਉਹ ਬੜੀ ਕਸੂਤੀ ਜਿਹੀ ਉਲਝਣ ਵਿਚ ਫਸ ਗਿਆ।

'ਕਿਥੋਂ ਪੀਤੀ ਏ ਹਰਾਮ ਖੋਰ?' ਡੈਡੀ ਅੱਗ ਬਗੋਲ੍ਹਾ ਹੋ ਗਿਆ।

'ਅੱਜ ਮੈਂ ਤੁਹਾਡੀ ਚੋਰੀ ਕੀਤੀ ਏ ਡੈਡੀ...।' ਉਹ ਰੁਕ-ਰੁਕ ਕੇ ਬੋਲਿਆ।

'ਬੋਤਲ ਸੱਚਮੁੱਚ ਹੀ ਘੱਟ ਸੀ, ਬੱਬੂ ਨੇ ਜ਼ਰੂਰ ਹੀ ਪੀ ਕੇ ਊਣੀ ਕਰ ਦਿੱਤੀ ਹੋਵੇਗੀ...।'

ਇਕ ਦਮ ਡੈਡੀ ਦੇ ਅੱਗੇ ਪੂਰੀ ਬੋਤਲ ਘੁੰਮ ਗਈ। ਉਸ ਦਾ ਹੱਥ ਬੱਬੂ ਨੂੰ ਕੁੱਟਣ ਲਈ ਉੱਠਿਆ, ਪਰ...

'ਮੈਂ ਤੁਹਾਡੇ ਲਈ ਵੀ ਰੱਖੀ ਹੈ ਡੈਡੀ...।'

ਬੱਬੂ ਨੇ ਨੇੜੇ ਚੋਂ ਕੱਢ ਕੇ ਪਊਆ ਡੈਡੀ ਦੇ ਸਾਹਮਣੇ ਰੱਖ ਦਿਤਾ। ਉਹ ਮਸਖ਼ਰਿਆਂ ਵਾਂਗ ਮੁਸਕਰਾ ਰਿਹਾ ਸੀ।

'ਤੁਸੀਂ ਮੈਨੂੰ ਕਦੇ ਸੁਲਹ ਨਹੀ ਮਾਰੀ... ਆਉ ਅੱਜ ਦੋਨੋਂ ਪਿਉ ਪੁੱਤਰ ਇਕਠੇ ਪੀਏ ਘੁੱਟ-ਘੁੱਟ...।'

ਉਹ ਹੱਸਦਾ-ਹੱਸਦਾ ਗੁੱਸੇ ਨਾਲ ਲਾਲ ਪੀਲੇ ਹੋਏ ਡੈਡੀ ਦੇ ਗਲ ਲਿਪਟ ਗਿਆ।

'ਊਈ... ਊਈ... ਊਈ... ਡੈਡੀ ਦੀ ਊਈ-ਊਈ...।'

ਅੰਗੂਠੇ ਦਾ ਇੱਡੂ ਵਿਖਾਉਂਦਾ ਉਹ ਡੌਰ-ਭੌਰੇ ਹੋਏ ਡੈਡੀ ਦੇ ਸਾਹਮਣੇ ਖੜ੍ਹਾ ਕਪਾਹ ਦੀ ਫੁੱਟੀ ਵਾਂਗ ਖਿੜ ਰਿਹਾ ਸੀ।

ਉਸ ਦੀ ਮੰਮੀ ਉਹਲੇ ਖੜ੍ਹੀ ਪਿਉ ਪੁੱਤਰ ਦਾ ਡਰਾਮਾ ਵੇਖ ਕੇ ਹੱਸ-ਹੱਸ ਦੂਹਰੀ ਚੌਹਰੀ ਹੋ ਰਹੀ ਸੀ।

## ਖੇਤੀ ਕਰਮਾਂ ਸੇਤੀ

ਪਿਛਲੇ ਤਿੰਨ ਦਿਨਾਂ ਤੋਂ ਸੰਸਾਰਾ ਝੋਨੇ ਦੀ ਢੇਰੀ ਦੇ ਸਰਹਾਣੇ ਮੰਡੀ ਵਿੱਚ ਬੈਠਾ ਕਈ ਸੁਪਨੇ ਬਣਾਉਂਦਾ ਰਿਹਾ, ਕਈ ਢਾਹੁੰਦਾ ਰਿਹਾ। ਆੜ੍ਹਤੀ ਆਉਂਦਾ, ਉਸ ਦੀ ਢੇਰੀ ਦੇ ਦਾਣੇ ਮੁੱਠੀ 'ਚ ਭਰ ਕੇ ਉੱਪਰ ਸੁੱਟ ਕੇ ਮੂੰਹ ਮਰੋੜ ਕੇ ਅੱਗੇ ਤੁਰ ਜਾਂਦਾ। ਹੋਰ ਕਈ ਕਿਸਾਨ ਰਾਤ ਨੂੰ ਟਰਾਲੀਆਂ ਲਿਆਂਦੇ ਤੇ ਉਸੇ ਵੇਲੇ ਆੜ੍ਹਤੀ ਨਾਲ ਉਂਗਲਾਂ ਰਲਾ ਕੇ ਬੋਰੀਆਂ ਭਰਾ ਕੇ ਤੁਰ ਜਾਂਦੇ। ਉਸ ਨੇ ਵੀ ਕਈ ਵੇਰਾਂ ਮਜ਼ਦੂਰਾਂ ਨਾਲ ਅੱਟੀ-ਸੱਟੀ ਰਲਾਉਣ ਦੀ ਕੋਸ਼ਿਸ਼ ਕੀਤੀ ਪਰ ਕਿਸੇ ਨੇ ਵੀ ਉਸ ਨਾਲ ਅੱਖ ਨਾ ਮਿਲਾਈ। ਪਿਛਲੇ ਸਾਲ ਕੀਤੀ ਆੜ੍ਹਤੀਏ ਦੀ ਸ਼ਕਾਇਤ ਐਤਕੀਂ ਉਸ ਲਈ ਸਰਾਪ ਬਣ ਕੇ ਉਸ ਦੇ ਮੂਹਰੇ ਖੜ੍ਹ ਗਈ। ਉਸ ਨੇ ਕਣਕ ਦੀ ਤੁਲਾਈ ਸਮੇਂ ਦੋ ਕਿਲੋ ਹਰ ਬੋਰੀ ਵੱਧ ਭਰਦੇ ਮਜ਼ਦੂਰ ਫੜ ਲਏ ਸਨ ਤੇ ਫਿਰ ਸ਼ਕਾਇਤ ਲਗਾ ਦਿੱਤੀ ਸੀ, ਮੰਡੀ ਦੇ ਅਧਿਕਾਰੀਆਂ ਨੂੰ।

ਛੇਆ ਮਹੀਨਿਆਂ ਦੀ ਉਸ ਦੀ ਮਿਹਨਤ, ਮਹਿੰਗੇ ਖਾਦ ਤੇ ਬੀਜ ਦਾ ਖਰਚ, ਲੁਆਈ ਗੁਡਾਈ, ਕਟਾਈ ਤੇ ਝੜਾਈ ਦੀ ਲੱਕ ਤੋੜਵੀਂ ਝਾਂਬ, ਬਿਜਲੀ ਦੀ ਕਿੱਲਤ ਕਰਕੇ ਡਰੰਮਾਂ ਦੇ ਡਰੰਮ ਡੀਜ਼ਲ ਦੀ ਖਪਤ! ਮਣਾ ਮੂੰਹੀਂ ਸਿਰ ਚੜ੍ਹਿਆ ਕਰਜ਼ਾ ਇਸੇ ਝੋਨੇ ਦੀ ਆਸ 'ਤੇ ਨਿਰਭਰ ਕਰਦਾ ਸੀ।

ਅੱਜ ਉਸ ਨੂੰ ਉਹੀ ਮਜ਼ਦੂਰ ਤੇ ਮਜ਼ਦੂਰਾਂ ਦਾ ਠੇਕੇਦਾਰ ਘੂਰ-ਘੂਰ ਵੇਖ ਰਹੇ ਸਨ। ਉਸ ਨੇ ਮਹਿਸੂਸ ਕੀਤਾ, ਸਾਰਾ ਸਮਾਂ ਸਖ਼ਤ ਮਿਹਨਤ ਕਰ ਕੇ ਪਕਾਈ ਉਸ ਦੀ ਇਹ ਫਸਲ ਇਹਨਾਂ ਮਜ਼ਦੂਰਾਂ ਦੇ ਰਹਿਮ 'ਤੇ ਹੀ ਸੀ। ਉਨ੍ਹਾਂ ਦੀ ਮਰਜ਼ੀ ਨਾਲ ਹੀ ਕਿਸੇ ਢੇਰੀ ਦੀ ਸਫਾਈ ਹੁੰਦੀ, ਤੁਲਾਈ ਹੁੰਦੀ, ਤੇ ਇੰਸਪੈਕਟਰ ਦੇ ਆਉਣ ਤੋਂ ਪਹਿਲਾਂ ਹੀ ਬੋਰੀਆਂ ਭਰ ਕੇ ਗੁਦਾਮ ਨੂੰ ਚੜ੍ਹ ਜਾਂਦੀਆਂ।

ਅਜੇ ਕੱਲ੍ਹ ਹੀ ਇੰਸਪੈਕਟਰ ਆਇਆ ਸੀ। ਇਕ ਬਹੁਤ ਵੱਡੀ ਸਾਰੀ ਢੇਰੀ ਨੂੰ ਵੇਖ ਕੇ ਦੂਰੋਂ ਹੀ ਆੜ੍ਹਤੀ ਨੂੰ ਹਾਂ ਕਰ ਗਿਆ ਸੀ।

'ਇਨ੍ਹਾਂ ਦਾ ਸਾਰਾ ਚੁੱਕ ਲਉ... ਭਰ ਦਿਓ ਬੋਰੀਆਂ... ਜੋ ਟਰਾਲੀਆਂ ਵਿਚ ਆ ਰਿਹਾ ਹੈ, ਉਹੀ ਵੀ ਤੇ ਜੋ ਖੇਤਾਂ ਵਿਚ ਵੱਢਿਆ ਜਾ ਰਿਹਾ ਹੈ ਉਹ ਵੀ...।'

ਤੇ ਫਿਰ ਆੜ੍ਹਤੀ, ਉਹ ਕਿਸਾਨ ਤੇ ਇੰਸਪੈਕਟਰ ਪਰੇ ਖੜ੍ਹੀ ਕਾਰ ਵਿਚ ਜਾ ਬੈਠੇ ਸਨ, ਤੇ ਉਹ ਵੱਡੀ ਢੇਰੀ ਬਿਨਾਂ ਸਾਫ ਕੀਤੇ, ਬਿਨਾਂ ਸਿੱਲ੍ਹ ਪਰਖੇ ਤੇ ਬਿਨਾਂ ਪੱਖਾਂ ਲਗਾਏ ਬੋਰੀਆਂ 'ਚ ਭਰ ਕੇ ਟਰੱਕ ਵਿਚ ਸਵਾਰ ਹੋ ਗਈ ਸੀ।

ਸੰਸਾਰੇ ਨੇ ਆਸਮਾਨ ਵੱਲ ਵੇਖਿਆ। ਵੱਡਾ ਸਾਰਾ ਹਉਕਾ ਭਰਿਆ।

'ਰਹਿਮ ਕਰੀਂ ਮਾਲਕਾ!'

ਉਸ ਨੇ ਦੋਨੇਂ ਹੱਥ ਜੋੜ ਕੇ ਉਪਰ ਨੂੰ ਅਰਦਾਸ ਕੀਤੀ। ਪੱਛਮ ਵੱਲੋਂ ਛੋਟੇ-ਛੋਟੇ ਬੱਦਲ ਨਿਕਲ ਆਏ ਸਨ।

'ਮੇਰਾ ਵੀ ਜੱਬ੍ਹ ਮੁਕਾ ਠੇਕੇਦਾਰਾ।' ਉਸ ਨੇ ਤਰਲੇ ਭਰੀ ਆਵਾਜ਼ ਲਗਾਈ।
'ਤੇਰਾ ਕੰਮ ਤਾਂ ਅੱਜ ਕਰ ਦਿੰਦੇ, ਪਰ ਲੇਬਰ ਬੜੀ ਥੱਕੀ ਹੋਈ ਆ...।'
ਠੇਕੇਦਾਰ ਨੇ ਮੂੰਹ ਜਿਹਾ ਮਰੋੜਿਆ।

'ਕੋਈ ਨੀ, ਅੱਜ ਫਿਰ ਲਾਹ ਦੇ ਇਨ੍ਹਾਂ ਦੀ ਥਕਾਵਟ! ਨਾਲੇ ਮੈਨੂੰ ਵੀ ਤਾਂ ਉਬਾਸੀਆਂ ਆ ਰਹੀਆਂ ਨੇ।' ਕਮੀਜ਼ ਦੇ ਥੱਲਿਉਂ ਫਤੂਹੀ ਵਿਚੋਂ ਅਗਾਊਂ ਲਏ ਪੈਸਿਆਂ ਵਿਚੋਂ ਆਖਰੀ ਨੋਟ ਕੱਢ ਕੇ ਫੜਾਉਂਦੇ ਉਸ ਨੇ ਕਿਹਾ।

ਸੰਸਾਰਾ ਅੱਜ ਹਾਰਿਆ ਹਾਰਿਆ ਮਹਿਸੂਸ ਕਰ ਰਿਹਾ ਸੀ। ਪਿਛਲੇ ਕਈ ਦਿਨਾਂ ਦਾ ਮੰਡੀ ਦਾ ਖਰਚ ਤੇ ਪਿਛਲੇ ਕੰਮ ਕਾਰ ਦਾ ਨੁਕਸਾਨ ਉਸ ਦੇ ਸਬਰ ਤੋਂ ਬਾਹਰ ਹੋ ਰਿਹਾ ਸੀ। ਲੋਕਾਂ ਦੇ ਟਰੈਕਟਰਾਂ ਨੇ ਮਿੱਧ ਮਿੱਧ ਕੇ ਤੇ ਮਜ਼ਦੂਰਾਂ ਨੇ ਝਾੜੂ ਫੇਰਦੇ ਫੇਰਦੇ ਉਸਦੀ ਢੇਰੀ ਬੌਣੀ ਕਰ ਦਿੱਤੀ ਸੀ।

'ਜੱਟ ਗੰਨਾ ਨਹੀਂ ਦਿੰਦਾ, ਰੋੜੀ ਦਿੰਦਾ ਹੈ।'

ਢੇਰੀ ਵੱਲ ਹੱਥ ਕਰਦੇ ਦੋ ਪੱਲੇਦਾਰ ਉਸ ਨੂੰ ਵਿਸ਼ੇਸ਼ਣ ਸੁੱਟ ਕੇ ਉਸ ਦਾ ਕਾਲਜਾ ਛਲਨੀ ਛਲਨੀ ਕਰ ਗਏ।

ਦੋ ਦੋ ਪੈੱਗ ਲਗਾ ਕੇ ਮਜ਼ਦੂਰਾਂ ਨੇ ਪੱਖਾਂ ਰੋੜ੍ਹ ਕੇ ਉਸ ਦੀ ਢੇਰੀ ਲਾਗੇ ਖੜ੍ਹਾ ਕਰਕੇ ਬਟਨ ਦੱਬ ਦਿੱਤਾ। ਉਪਰੋਂ ਪੀਪੇ ਪੈਂਦੇ ਰਹੇ, ਥੱਲਿਓਂ ਦਾਣਿਆਂ ਦੀ ਢੇਰੀ ਲਗਦੀ ਰਹੀ। ਦਾਣਿਆਂ ਨਾਲੋਂ ਛਾਣ ਦਾ ਢੇਰ ਵੱਡਾ ਲਗਦਾ ਵੇਖ ਕੇ ਉਸ ਨੂੰ ਘਬਰਾਹਟ ਵੀ ਹੋਈ ਪਰ ਕੁਝ ਰਾਹਤ ਵੀ। ਹੁਣ ਉਸ ਦੀ ਢੇਰੀ ਇਕ ਘੰਟੇ ਦੇ ਅੰਦਰ ਅੰਦਰ ਹੀ ਬੋਰੀਆਂ ਵਿਚ ਬੰਦ ਹੋ ਜਾਣੀ ਸੀ ਤੇ ਫਿਰ ਨੋਟਾਂ ਦੀ ਥੱਥੀ ਲੈ ਕੇ ਉਸ ਨੇ ਵਾਪਸ ਘਰ ਮੁੜ ਜਾਣਾ ਸੀ।

ਵੇਖਦੇ ਵੇਖਦੇ ਠੰਢੀ ਹਵਾ ਦਾ ਇਕ ਬੁੱਲ੍ਹਾ ਆਇਆ। ਤੇਜ਼ ਹਨੇਰੀ ਬਣ ਗਈ। ਅਸਮਾਨ ਕਾਲੇ ਬਦਲਾਂ ਨੇ ਢੱਕ ਲਿਆ, ਤੇ ਫਿਰ ਮੂਸਲਾਧਾਰ ਬਾਰਸ਼ ਸ਼ੁਰੂ ਹੋ ਗਈ।

ਸਾਰੇ ਮਜ਼ਦੂਰ ਅਧ-ਛਣੀ ਢੇਰੀ ਛੱਡ ਕੇ ਤੰਬੂਆਂ ਵਿਚ ਜਾ ਵੜੇ। ਸਾਰੀ ਮੰਡੀ ਜਲ-ਥਲ ਹੋ ਗਈ।

*ਖੇਤੀ ਦਾ ਨਾ ਮਾਣ ਕਰੀਂ ਕਿਰਸਾਣਾ ਮੰਡੀ ਦੂਰ ਹੈ।*

*ਬੋਰੀਆਂ ਭਰ ਕੇ ਤੁਰ ਜਾਏ ਤਦ ਤੇਰੀ ਮਿਹਨਤ ਮਨਜ਼ੂਰ ਹੈ।*

ਚਾਹ ਵਾਲੀ ਦੁਕਾਨ ਤੋਂ ਕੈਸਟ ਦੀ ਉੱਚੀ ਆਵਾਜ਼ ਵਿੱਚ ਕਿਸਾਨ ਦੀ ਪ੍ਰਾਲਬਧ ਬਾਰੇ ਅਟਲ ਸਚਾਈ ਉਸ ਦੀਆਂ ਸਾਰੀਆਂ ਆਸਾਂ ਉਮੀਦਾਂ ਨੂੰ ਹੜ੍ਹ ਕੇ ਲੈ ਗਈ।

'ਹੱਛਾ ਪ੍ਰਮਾਤਮਾ! ਕੀ ਜ਼ੋਰ ਤੇਰੇ ਤੇ...ਜਿੱਥੇ ਰੱਖੇਂ ਉਥੇ ਰਹੀਏ...ਖੇਤੀ ਕਰਮਾਂ ਸੇਤੀ।'

ਉਸ ਨੇ ਇਕ ਡੂੰਘਾ ਜਿਹਾ ਹੌਕਾ ਲਿਆ ਤੇ ਡੱਬ ਚੋਂ ਕੱਢ ਕੇ ਬਚੀ ਅੱਧਵਰਿੱਤੀ ਬੋਤਲ ਮੂੰਹ ਨੂੰ ਲਾ ਲਈ।

ਸਾਖਰਤਾ

ਲਹਿੰਦੇ ਪਾਸੇ ਦੀ ਧਰਮਸ਼ਾਲਾ ਕਿਸੇ ਵੱਡੇ ਮੈਰਿਜ ਪੈਲੇਸ ਵਾਂਗ ਰੰਗ ਰੋਗਨ ਕੀਤੀ ਲਿਸ਼ਕਾਂ ਮਾਰ ਰਹੀ ਸੀ। ਵੱਡੀ ਸੜਕ ਦੇ ਵੱਡੇ ਗੇਟ ਤੋਂ ਲੈ ਕੇ ਧਰਮਸ਼ਾਲਾ ਤੱਕ ਸਾਰਾ ਰਸਤਾ ਝੰਡੀਆਂ ਤੇ ਗ਼ੁਬਾਰਿਆਂ ਨਾਲ ਭਰਿਆ-ਭਰਿਆ ਟਹਿਕ ਰਿਹਾ ਸੀ। ਕਿਤੇ-ਕਿਤੇ ਅਸਲੀ ਤੇ ਨਕਲੀ ਫੁੱਲਾਂ ਦੇ ਹਾਰ ਟੰਗੇ ਪਏ ਸਨ। ਸੜਕ ਤੇ ਚਿੱਟੀ ਤੇ ਰੰਗਦਾਰ ਕਲੀ ਨਾਲ ਵੇਲਾਂ ਬੂਟੇ ਵਾਹੇ ਗਏ ਸਨ। ਬੜਾ ਮਨਮੋਹਕ ਤੇ ਆਕਰਸ਼ਕ ਨਜ਼ਾਰਾ ਸੀ।

ਪਿੰਡ ਦੇ ਬਾਹਰਲੇ ਵੱਡੇ ਦਰਵਾਜ਼ੇ 'ਤੇ ਲਿਖਿਆ ਹੋਇਆ ਸੀ।

'ਹੁਣ ਅਸੀਂ ਸਾਰੇ ਪੜ੍ਹੇ ਹੋਏ ਹਾਂ, ਸਾਡੇ ਨਾਲ ਪੜ੍ਹਿਆਂ ਲਿਖਿਆਂ ਵਾਲਾ ਵਿਵਹਾਰ ਕੀਤਾ ਜਾਏ...।'

ਜ਼ਿਲ੍ਹੇ ਦੇ ਡੀ. ਸੀ. ਦੇ ਦਫ਼ਤਰ ਤੇ ਬਲਾਕ ਦੇ ਦਫ਼ਤਰਾਂ ਦੇ ਕੁਝ ਕਰਮਚਾਰੀ ਇਸ ਸਾਰੇ ਜਸ਼ਨਾਂ ਦੇ ਇੰਤਜ਼ਾਮ ਦੀ ਦੇਖ-ਰੇਖ ਕਰ ਰਹੇ ਸਨ।

ਇਹ ਪਿੰਡ ਸਮੁੱਚਾ ਸਾਖਰਤ ਹੋ ਗਿਆ ਸੀ। ਇਥੇ ਦਾ ਹਰ ਬੱਚਾ, ਬੁੱਢਾ, ਅਨਪੜ੍ਹ ਹੁਣ ਅੱਖਰ ਗਿਆਨ ਨਾਲ ਗਿਆਨੀ ਹੋ ਗਿਆ ਸੀ। ਪੂਰਨ ਸਾਖਰਤਾ ਦੀ ਪੰਜਾਹ ਹਜ਼ਾਰ ਰੁਪੇ ਦੀ ਗਰਾਂਟ ਵਾਸਤੇ ਇਸ ਪਿੰਡ ਨੂੰ ਵਿਸ਼ੇਸ਼ ਇਨਾਮ ਲਈ ਚੁਣਿਆ ਗਿਆ ਸੀ। ਧਰਮਸ਼ਾਲਾ ਦੇ ਇਕ ਪਾਸੇ ਚਾਹ ਪਾਣੀ ਦਾ ਵਿਸ਼ੇਸ਼ ਸਟਾਲ ਲਗਾਇਆ ਗਿਆ ਸੀ। ਪਿੰਡ ਦਾ ਸਰਪੰਚ ਤੇ ਕੁਝ ਹੋਰ ਚੋਣਵੇਂ ਸੱਜਣ ਹੱਥਾਂ 'ਚ ਹਾਰ ਲਈ ਸੜਕ ਵੱਲ ਬੜੇ ਉਤਾਵਲੇ-ਪਨ ਨਾਲ ਨੀਝ ਲਗਾ ਕੇ ਇੰਤਜ਼ਾਰ ਕਰ ਰਹੇ ਸਨ।

ਕਾਰਾਂ ਜੀਪਾਂ ਦਾ ਇਕ ਕਾਫ਼ਲਾ ਇਧਰ ਆਉਂਦਾ ਦਿਸਿਆ। ਆਤਸ਼-ਬਾਜ ਨੇ ਪਟਾਕਿਆਂ ਤੇ ਹਵਾਈਆਂ ਨਾਲ ਉਹਨਾਂ ਦਾ ਸੁਆਗਤ ਕੀਤਾ। ਪਤਵੰਤੇ ਸੱਜਣਾਂ ਨੇ ਵੱਖ-ਵੱਖ ਮਹਿਮਾਨਾਂ ਨੂੰ ਹਾਰਾਂ ਨਾਲ ਲੱਦ ਦਿਤਾ। ਡੀ. ਸੀ. ਸਾਹਿਬ, ਤੇ ਇਸ ਇਲਾਕੇ ਦਾ ਐਮ. ਐਲ. ਏ ਬੜੇ ਚਾਵਾਂ ਨਾਲ ਹਾਰ ਪੁਆ ਕੇ ਸਟੇਜ 'ਤੇ ਕੁਰਸੀਆਂ ਉੱਪਰ ਸੱਜ ਗਏ। ਸਟੇਜ ਸਕੱਤਰ ਨੇ ਉਹਨਾਂ ਦਾ ਰਵਾਇਤੀ ਸਵਾਗਤ ਕੀਤਾ ਤੇ ਦੱਸਿਆ ਕਿ ਕਿਵੇਂ ਇਸ ਪਿੰਡ ਦੀਆਂ ਅਨਪੜ੍ਹ ਕੁੜੀਆਂ ਦਾ ਅਖੀਰਲਾ ਬੈਂਚ ਹੁਣ ਪੜ੍ਹ ਲਿਖ ਕੇ ਆਪਣੇ ਪੈਰੀਂ ਖੜ੍ਹਾ ਹੋ ਗਿਆ ਹੈ। ਚਾਰ ਚੁਫੇਰੇ ਤਾੜੀਆਂ ਦੀ ਆਵਾਜ਼ ਗੂੰਜੀ। ਇਸ ਪਿੰਡ ਦੇ ਸਿੱਖਿਆ ਕਰਮੀ ਜਿਨ੍ਹਾਂ ਦੀ ਮਿਹਨਤ ਸਦਕਾ ਇਹ ਕੰਮ ਸਿਰੇ ਚੜ੍ਹਿਆ ਸੀ, ਉਹ ਵੀ ਪ੍ਰਧਾਨਗੀ ਮੰਡਲ ਵਿਚ ਸਸ਼ੋਭਿਤ ਸਨ, ਕਿਉ ਜੋ ਉਹ ਐਮ. ਐਲ. ਏ. ਸਾਹਿਬ ਦੇ ਰਿਸ਼ਤੇਦਾਰ ਵੀ ਸਨ। ਡੀ. ਸੀ. ਸਾਹਿਬ ਤੇ ਐਮ. ਐਲ. ਏ. ਸਾਹਿਬ ਨੇ ਇਸ ਮੁਹਿੰਮ ਲਈ ਸਭ ਦਾ ਧੰਨਵਾਦ ਕੀਤਾ ਤੇ ਸਿੱਖਿਆ ਕਰਮੀਆਂ ਦੋਹਾਂ ਨੂੰ ਦਸ ਦਸ ਹਜ਼ਾਰ ਰੁਪੇ ਦਾ ਸਪੈਸ਼ਲ ਇਨਾਮ ਦੇਣ ਦੀ ਰਸਮ ਨਿਭਾਈ। ਪੰਡਾਲ ਫਿਰ ਤਾੜੀਆਂ ਨਾਲ ਗੂੰਜ ਉਠਿਆ।

ਏਨੇ ਚ ਕਾਮਰੇਡ ਬਚਨਾ ਰਾਮ ਉੱਠ ਕੇ ਖੜ੍ਹਾ ਹੋ ਗਿਆ।

'ਸਕੱਤਰ ਸਾਹਿਬ! ਮੈਂ ਵੀ ਕੁਝ ਕਹਿਣਾ ਹੈ, ਮੈਂ ਕੁਝ ਜ਼ਰੂਰੀ ਬਚਨ-ਬਿਲਾਸ ਤੇ ਬੇਨਤੀਆਂ ਕਰਨੀਆਂ ਹਨ ਸਰਕਾਰ ਵਾਸਤੇ।'

ਉਸ ਨੇ ਬੈਠੇ ਅਫ਼ਸਰਾਂ ਵੱਲ ਉਂਗਲ ਕਰਦੇ ਬੋਲਣ ਦਾ ਸਮਾਂ ਮੰਗਿਆ। ਸਕੱਤਰ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਸਨੂੰ ਪਤਾ ਸੀ ਪਈ ਇਹ ਸ਼ਰਾਰਤੀ ਕਾਮਰੇਡ ਜ਼ਰੂਰ ਕੋਈ ਨਾ ਕੋਈ ਭਾਂਡਾ ਭੰਨੂ।

'ਮੁਰਦਾ ਬੋਲੂ ਖੱਫਣ ਪਾੜੂ।' ਵਿਚੋਂ ਹੀ ਕਿਸੇ ਹੋਰ ਦੀ ਵੀ ਆਵਾਜ਼ ਸੀ।

'ਆਉ ਜਨਾਬ! ਸਾਨੂੰ ਪਤੈ ਤੁਹਾਡੇ ਜਿਹੇ ਅਗਾਂਹ ਵਧੂ ਆਗੂਆਂ ਦੀ ਸ਼ਿਰਕਤ ਬਿਨਾਂ ਇਹ ਮਹਿਫਲ ਅਧੂਰੀ ਰਹਿ ਜਾਣੀ ਸੀ...ਧੰਨਵਾਦ। ਮੁਆਫ਼ ਕਰਨਾ ਤੁਸੀਂ ਆਪ ਹੀ ਯਾਦ ਕਰਾ ਦਿੱਤਾ। ਪਰ ਮੈਂ ਬੇਨਤੀ ਕਰਦਾ ਹਾਂ ਤੇ ਆਸ ਰੱਖਦਾ ਹਾਂ ਕਿ ਤੁਸੀਂ ਸਮੇਂ ਦੀ ਕਿੱਲਤ ਨੂੰ ਵੇਖਦੇ ਹੋਏ ਆਪਣਾ ਸੁਨੇਹਾ ਦੋ ਮਿੰਟ ਵਿਚ ਪੂਰਾ ਕਰ ਦਿਉਗੇ..।'

'ਮੈਂ ਡੀ. ਸੀ. ਸਾਹਿਬ ਤੇ ਐਮ. ਐਲ. ਏ. ਸਾਹਿਬ ਦਾ ਬਹੁਤ ਧੰਨਵਾਦੀ ਹਾਂ ਕਿ ਉਹਨਾਂ ਸਾਡੇ ਪਿੰਡ ਚਰਨ ਪਾਏ ਅਤੇ ਆਪਣੇ ਹੱਥੀਂ ਇਨਾਮ ਸਨਮਾਨ ਵੰਡੇ। ਪਰ ਮੈਂ ਗੁਸਤਾਖ਼ੀ ਕਰਕੇ ਦੱਸਣ ਲੱਗਾ ਹਾਂ ਕਿ ਜਿਹੜੀਆਂ ਕੁੜੀਆਂ ਇਹਨਾਂ ਸਿੱਖਿਆ ਕਰਮੀਆਂ ਨੇ ਪੜ੍ਹਾਈਆਂ ਨੇ, ਉਹ ਤਾਂ ਪਹਿਲਾਂ ਹੀ ਆਪਣੇ ਨਾਨਕੇ ਪਿੰਡੋਂ ਦਸ-ਦਸ ਜਮਾਤਾਂ ਪਾਸ ਕਰ ਕੇ ਆਈਆਂ ਨੇ ਤੇ ਇਹ ਸਾਰਾ ਢਕੌਂਜ ਸਰਕਾਰੀ ਖ਼ਜ਼ਾਨੇ ਨੂੰ ਲੁੱਟਣ ਵਾਸਤੇ ਬਣਾਇਆ ਗਿਆ ਹੈ। ਮੁਆਫ਼ ਕਰਨਾ ਜਨਾਬ! ਇਸ ਦੀ ਪੜਤਾਲ ਕਰਵਾਈ ਜਾਏ।'

ਦੋ ਮਿੰਟ ਦੀ ਥਾਂ ਉਸ ਦੇ ਇੱਕ ਮਿੰਟ ਨੇ ਹੀ ਭਾਂਬੜ ਬਾਲ ਦਿੱਤੇ।

ਡੀ. ਸੀ. ਤੇ ਐਮ. ਐਲ. ਏ. ਦੇ ਗਲਾਂ ਦੇ ਹਾਰ ਸੱਪ ਬਣ ਉੱਠੇ। ਉਹਨਾਂ ਇਕ ਦਮ ਉਤਾਰ ਕੇ ਪਾਸੇ ਰੱਖ ਦਿੱਤੇ। ਸਾਰੇ ਹਾਲ ਵਿਚ ਸਨਾਟਾ ਜਿਹਾ ਛਾ ਗਿਆ।

👎 👎 👎

## ਨਾ ਬਾਬਾ ਨਾ

ਚੌਂਕ ਵਿੱਚ ਇਕ ਦਮ ਲਾਲ ਬੱਤੀਆਂ ਹੋਣ ਨਾਲ ਤੇਜ਼ ਰਫ਼ਤਾਰ ਜਾਂਦੇ ਟਰੱਕ ਦੀਆਂ ਬਰੇਕਾਂ ਚੀਕ ਉੱਠੀਆਂ। ਰੀਸੋ-ਰੀਸੀ ਅੱਗੇ ਲੱਗਣ ਦੀ ਹੋੜ ਨਾਲ ਪਿੱਛੇ ਆ ਰਹੀ ਇਕ ਕਾਰ ਦਾ ਅੱਧਾ ਹਿੱਸਾ ਟਰੱਕ ਦੇ ਥੱਲੇ ਘੁਸ ਗਿਆ। ਪਲੋ-ਪਲੀ ਵਿਚ ਇਕ ਚੀਕ ਚਿਹਾੜਾ ਜਿਹਾ ਮੱਚਿਆ ਤੇ ਫਿਰ ਸ਼ਾਂਤ ਹੋ ਗਿਆ। ਲੋਕਾਂ ਨੇ ਦੌੜ ਭੱਜ ਕਰਕੇ ਖਿੱਚ ਧੂਹ ਕੇ ਕਾਰ ਪਿੱਛੇ ਖਿੱਚੀ। ਫਸੀਆਂ ਸਵਾਰੀਆਂ 'ਚੋਂ ਡਰਾਈਵਰ ਤਾਂ ਦਮ ਤੋੜ ਚੁੱਕਾ ਸੀ ਤੇ ਦੋ ਹੋਰ ਕਰਾਹ ਰਹੇ ਸਨ, ਸਹਿਕ ਰਹੇ ਸਨ। ਕਾਰ ਦੀ ਭੰਨ ਤੋੜ ਸ਼ੁਰੂ ਹੋਈ। ਲੋਕ ਫਸੇ ਹੋਏ ਲੋਕਾਂ ਨੂੰ ਬਾਹਰ ਕੱਢਣ ਲਈ ਜੱਦੋ- ਜਹਿਦ ਕਰਨ ਲੱਗੇ।

ਕੁਝ ਨਿਹੰਗ ਸਿੰਘਾਂ ਨੇ ਬਰਛੇ ਨਾਲ ਤਾਕੀਆਂ ਭੰਨ ਕੇ ਇਹ ਕੰਮ ਸੁਖਾਲਾ ਕਰ ਦਿੱਤਾ। ਟਰੱਕ ਵਾਲਾ ਇਹ ਘਾਣ ਹੋਇਆ ਵੇਖ ਕੇ ਭੀੜ ਵਿਚ ਗੁੰਮ ਹੋ ਗਿਆ। ਸੀਟੀਆਂ ਵਜਾਉਂਦੇ ਪੁਲਿਸ ਦੇ ਸਿਪਾਹੀ ਵੀ ਨੇੜੇ ਆਏ। ਆਉਂਦੇ ਜਾਂਦੇ ਹੋਰ ਵਾਹਨ ਸਵਾਰ ਜ਼ਖਮੀਆਂ ਨੂੰ ਤੜਫਦੇ ਵੇਖਦੇ ਤੇ ਤੁਰ ਜਾਂਦੇ, ਕਿਸੇ ਨੇ ਵੀ ਹਸਪਤਾਲ ਪਹੁੰਚਾਉਣ ਦਾ ਖ਼ਤਰਾ ਮੁੱਲ ਨਾ ਲਿਆ।

ਸਿਪਾਹੀ ਟਰੈਫ਼ਿਕ ਕੰਟਰੋਲ ਕਰਨ ਵਿਚ ਮਗਨ ਹੋ ਗਏ। ਹੌਲੀ-ਹੌਲੀ ਚਾਰ ਲਾਸ਼ਾਂ ਜਾਪਦੇ ਸਰੀਰ ਸੜਕ 'ਤੇ ਵਿਛ ਗਏ। ਦਿਲ-ਹਲੂਣਵਾਂ ਸੀਨ ਦੇਖ ਕੇ ਇਕ ਸੱਜਣ ਨਿੱਤਰਿਆ ਵੱਡੀ ਕਾਰ ਵਾਲਾ, ਬਾਬਾ ਜੀ ਸੀ ਕੋਈ।

'ਲਿਆਉ... ਪਾਉ ਮੇਰੀ ਗੱਡੀ ਵਿਚ...।' ਭਾਈ ਘਨਈਆ ਜਾਪਦਾ ਇਹ ਸੱਜਣ ਸਾਰਿਆਂ ਨੂੰ ਟੋਹਣ ਲੱਗਾ।

'ਛੇਤੀ ਕਰੋ...।' ਉਸ ਨੇ ਆਪ ਹੀ ਪਹਿਲ ਕੀਤੀ।

ਉਸ ਦੇ ਪਿੱਛੇ ਹੋਰਾਂ ਨੇ ਵੀ ਉਸ ਦੀ ਮਦਦ ਕੀਤੀ।

ਐਮਰਜੈਂਸੀ ਵਾਰਡ ਵਿਚ ਪਹੁੰਚ ਕੇ ਉਸ ਨੇ ਚਾਹ ਪੀਂਦੇ ਡਾਕਟਰਾਂ ਦੇ ਹੱਥੋਂ ਕੱਪ ਛੁਡਾ ਦਿੱਤੇ।

ਸਟ੍ਰੈਚਰਾਂ ਵਾਲੇ ਚੁਕੰਨੇ ਹੋ ਕੇ ਜਲਦੀ ਹੀ ਜ਼ਖਮੀਆਂ ਨੂੰ ਅੰਦਰ ਲੈ ਗਏ।

'ਕੌਣ ਹੈ ਇਹਨਾਂ ਦੇ ਨਾਲ?' ਮੂੰਹ 'ਤੇ ਖੜ੍ਹ ਬਾਨਾ ਜਿਹਾ ਬੰਨ੍ਹਦਾ ਇਕ ਡਾਕਟਰ ਲੱਗਦਾ ਭੱਦਰ-ਪੁਰਸ਼ ਪੁੱਛਣ ਲੱਗਾ।

'ਮੈਂ ਹੀ ਹਾਂ ਜੀ! ਮੈਂ ਲੈ ਕੇ ਆਇਆਂ ਇਹਨਾਂ ਨੂੰ?' ਬਾਬਾ ਹੱਥ ਜੋੜੀ ਖੜ੍ਹਾ ਸੀ।

ਡਾਕਟਰ ਰਜਿਸਟਰ ਫੜ ਕੇ ਨਾਮ ਪਤਾ ਪੁੱਛਣ ਲੱਗਾ।

'ਕੀ ਨਾਮ ਤੁਹਾਡਾ? ਦੀ ਨਾਮ ਇਹਨਾਂ ਦਾ? ਤੁਹਾਡੇ ਕੀ ਲਗਦੇ ਨੇ?'

'ਜਨਾਬ ਪਹਿਲਾਂ ਇਹਨਾਂ ਨੂੰ ਸਾਂਭ ਲਉ, ਇਹਨਾਂ ਦਾ ਦਵਾ-ਦਾਰੂ ਕਰੋ, ਮਲ੍ਹਮ ਪੱਟੀ ਕਰਕੇ ਵਗਦੇ ਖ਼ੂਨ ਦਾ ਇੰਤਜ਼ਾਮ ਕਰੋ। ਬਾਕੀ ਕਾਰਵਾਈ ਫੇਰ ਕਰ ਲਿਉ।'

ਬਾਬੇ ਦੀ ਹਦਾਇਤ ਵਰਗੀ ਵਜ਼ਨਦਾਰ ਬੋਲੀ ਨੇ ਡਾਕਟਰ ਦੇ ਹੱਥੋਂ ਰਜਿਸਟਰ ਤੇ ਪੈੱਨ ਛੁਡਾ ਦਿੱਤੇ ਤੇ ਉਸ ਦੇ ਹੱਥ ਕਾਹਲੀ ਨਾਲ ਮਰੀਜ਼ਾਂ ਨੂੰ ਟੋਹਣ ਲੱਗ ਪਏ।

ਹੂਟਰ ਵਜਾਉਂਦੀ ਪੁਲਿਸ ਦੀ ਮੋਬਾਈਲ ਵੈਨ ਵੀ ਆ ਪਹੁੰਚੀ ਵੇਖ ਕੇ ਬਾਬੇ ਨੇ ਸੁੱਖ ਦਾ ਸਾਹ ਲਿਆ।

ਪਰ ਉਹਨਾਂ ਦੇ ਵੀ ਉਹੀ ਸਵਾਲ ਸੁਣ ਕੇ ਉਹ ਘਬਰਾ ਗਿਆ। ਉਸ ਨੇ ਕੰਨੀ ਕਤਰਾਉਣੀ ਚਾਹੀ।

'ਚੰਗਾ ਜੀ ਮੈਨੂੰ ਆਗਿਆ ਬਖ਼ਸ਼ੋ...।' ਉਹਨਾਂ ਦੇ ਰੋਲ-ਘਚੋਲੇ ਤੋਂ ਉਹ ਬਹੁਤ ਗੈਰਤਮੰਦ ਹੋਇਆ।

'ਕਿਉਂ ਬਾਬਾ ਜੀ! ...ਏਨੀ ਜਲਦੀ?।' ਹੌਲਦਾਰ ਦੀਆਂ ਮੁੱਛਾਂ 'ਚ ਜਲੂਣ ਜਿਹੀ ਹੋਈ।

'ਮੈਂ ਵੀ ਕਿਸੇ ਦੇ ਭੋਗ 'ਤੇ ਜਾਣਾ ਸੀ, ਮੈਨੂੰ ਦੇਰ ਹੋ ਰਹੀ ਹੈ।'

'ਨਾ ਬਾਬਾ ਨਾ! ਇਹ ਗੱਲ ਨੀ ਬਣਨੀ ਹੁਣ...।' ਹੌਲਦਾਰ ਦੀ ਗੱਲ ਸੁਣ ਕੇ ਬਾਬਾ ਕੁਝ ਝੇਪ ਜਿਹਾ ਗਿਆ। ਆਪੇ ਫਾਥੜੀਏ ਤੈਨੂੰ ਕੌਣ ਛਡਾਏ।

'ਮੈਂ ਤਾਂ ਮਨੁੱਖਤਾ ਦਾ ਸੇਵਕ ਹਾਂ...ਇਹ ਸੜਕ 'ਤੇ ਪਏ ਤੜਫਦੇ ਮੈਥੋਂ ਦੇਖ ਨਾ ਹੋਏ। ਮੈਂ ਤਾਂ ਪਰਉਪਕਾਰ ਹੀ ਕੀਤਾ ਹੈ, ਇਹ ਮੇਰੇ ਕੋਈ ਰਿਸ਼ਤੇਦਾਰ ਨਹੀਂ। ਮੈਂ ਤਾਂ ਆਪਣਾ ਫ਼ਰਜ਼ ਨਿਭਾਇਆ ਹੈ ਜੋ ਇਨਸਾਨ ਨੂੰ ਇਨਸਾਨ ਲਈ ਕਰਨਾ ਚਾਹੀਦਾ ਹੈ। ਰੱਬ ਕਰੇ! ਇਹ ਠੀਕ ਹੋ ਜਾਣ, ਨਹੀਂ ਤਾਂ ਉਥੇ ਤੜਫਦੇ ਇਹ ਹੁਣ ਤੱਕ ਖ਼ਤਮ ਹੋ ਗਏ ਹੁੰਦੇ।

'ਚੱਲ! ਵੱਡਾ ਆਇਐ! ਭਾਈ ਘਨਈਆ...।'

ਬਾਬੇ ਦੇ ਵਿਸਥਾਰ ਨਾਲ ਉਹ ਕੁਝ ਖਫ਼ਾ ਜਿਹੇ ਹੋ ਗਏ।

'ਸਾਨੂੰ ਪਤਾ ਲੱਗ ਗਿਆ ਬਾਬਾ ਜੀ। ਤੁਸੀਂ ਗੱਡੀ ਬਹੁਤ ਤੇਜ਼ ਚਲਾ ਰਹੇ ਸੀ ਤੇ ਇਕ ਦਮ ਬਰੇਕ ਮਾਰ ਕੇ, ਤੁਸੀਂ ਹੀ ਇਹ ਸਾਰਾ ਐਕਸੀਡੈਂਟ ਕਰ ਮਾਰਿਆ।' ਪੁਲਸੀਆਂ ਦੀਆਂ ਘਿਣਾਉਣੀਆਂ ਕੁੱਟਲ ਚਾਲਾਂ ਸਮਝ ਕੇ ਬਾਬੇ ਦੇ ਤਿੱਤਰ ਉੱਡ ਗਏ। ਉਸਨੂੰ ਘੁਮੇਟਣੀ ਜਿਹੀ ਆ ਗਈ। ਉਹਨਾਂ ਨੇ ਅੱਗੋਂ ਵਲ ਕੇ ਸਭ ਕੁਝ ਉਲਟਾ ਪੁਲਟਾ ਕਰ ਦਿੱਤਾ।

'ਨਹੀਂ ਸਰਕਾਰ ਜੀ! ਮੇਰੇ ਪਹੁੰਚਣ ਤੋਂ ਕਿੰਨਾ ਚਿਰ ਪਹਿਲਾਂ ਇਹ ਹਾਦਸਾ ਵਾਪਰ ਚੁੱਕਾ ਸੀ। ਕੋਈ ਇਹਨਾਂ ਨੂੰ ਉਠਾਉਣ ਲਈ ਰਾਜ਼ੀ ਨਹੀਂ ਸੀ। ਤੁਹਾਡੀਆਂ ਇਹਨਾਂ ਹੀ ਨੁਕਸ ਬੀਨੀਆਂ ਤੇ ਰਿਸਕ-ਫਾਹੀਆਂ ਤੋਂ ਡਰਦਾ ਕੋਈ ਸੜਕ ਕਿਨਾਰੇ ਤੜਫਦੇ ਜ਼ਖਮੀਆਂ ਨੂੰ ਚੁੱਕਣ ਦਾ ਜੋ ਖ਼ਮ ਮੁੱਲ ਨਹੀਂ ਲੈਂਦਾ। ਤੁਹਾਡੀਆਂ ਏਹੋ ਜਿਹੀਆਂ ਕੁਟਲ-ਚਾਲਾਂ ਲੋਕਾਂ ਦੇ ਧਰਵਾਸ ਨੂੰ ਢਾਹ ਲਗਾ ਰਹੀਆਂ ਨੇ।'

'ਤੇ ਚੰਗਾ ਫਿਰ! ਕੀ ਮਰਜ਼ੀ? ਤੂੰ ਆਪਣੀ ਸਾਂਭ ਤੈਨੂੰ ਹੋਰ ਨਾਲ ਕੀ!'

ਇਕ ਸਾਦਾ ਕੱਪੜਿਆਂ ਵਿਚ ਅਫਸਰ ਲਗਦੇ ਆਦਮੀ ਦਾ ਨਰਮ ਜਿਹਾ ਲਹਿਜ਼ਾ ਸੀ।

'ਮੈਨੂੰ ਛੁੱਟੀ ਦਿਉ... ਮਹਾਰਾਜ!' ਉਹ ਪੂਰੀ ਤਰ੍ਹਾਂ ਲਿਫਿਆ ਖੜ੍ਹਾ ਸੀ ਜਿਵੇਂ ਇਹ ਨੇਕ-ਨਾਮੀ ਕਰਨ ਦਾ ਖਮਿਆਜ਼ਾ ਭੁਗਤ ਰਿਹਾ ਹੋਵੇ।

'ਤੁਸੀਂ ਸਾਨੂੰ ਫਸਾ ਕੇ ਆਪ ਛੁੱਟੀ ਮੰਗਦੇ ਹੋ! ਕਮਾਲ ਹੈ, ਤੁਸੀਂ ਏਨੀ ਨੇਕੀ ਕਰਕੇ ਹੁਣ ਦੌੜ ਰਹੇ ਹੋ। ਸਾਡੀ ਵੀ ਤਾਂ ਕੁਝ ਡਿਊਟੀ ਹੈ, ਅਸੀਂ ਉੱਪਰਲਿਆਂ ਨੂੰ ਕੀ ਜਵਾਬ ਦਿਆਂਗੇ?'

'ਦੱਸੋ! ਹੁਕਮ ਕਰੋ ਤੁਸੀਂ ਕੀ ਚਾਹੁੰਦੇ ਹੋ?' ਉਸ ਨੇ ਖੁਸ਼ਾਮਦ ਕੀਤੀ।

'ਉਹਨਾਂ ਦੀ ਸੇਵਾ ਕੀਤੀ ਤੁਸਾਂ... ਤੇ ਸਾਡੀ ਸੇਵਾ?' ਸੇਵਾਦਾਰ ਨੂੰ ਭੰਬਲਭੂਸੇ ਵਿੱਚ ਪਾ ਦਿੱਤਾ।

ਬਾਬਾ ਜਲਦੀ ਹੀ ਸਮਝ ਗਿਆ। ਉਸਨੇ ਜੇਬ 'ਚ ਹੱਥ ਪਾਇਆ ਤੇ ਉਸ ਨਾਲ ਮਿਲਾ ਦਿੱਤਾ।

'ਚੰਗਾ ਮਿਹਰਬਾਨੀ।' ਆਪਣਾ ਆਦਰ-ਅਨਾਦਰ ਸਨਮਾਨ ਕਰਾ ਕੇ ਉਸ ਨੇ ਪੁਲਸੀਆਂ ਦਾ ਧੰਨਵਾਦ ਕੀਤਾ।

👎 👎 👎

## ਕੰਮ ਦੀਆਂ ਗੱਲਾਂ

ਘੁਸਮੁਸੇ ਹਨੇਰੇ ਵਿਚ ਬਿਨਾਂ ਬੱਤੀ ਤੇ ਬਿਨਾਂ ਹੈਲਮਟ ਤੋਂ ਆਉਂਦਾ ਸਕੂਟਰ ਸਵਾਰ ਵੇਖ ਕੇ ਟਰੈਫ਼ਿਕ ਸਿਪਾਹੀ ਨੇ ਜ਼ੋਰ ਦੀ ਵਿਸਲ ਮਾਰੀ। ਸਵਾਰ ਨੇ ਨੇੜੇ ਆ ਕੇ ਕੁਝ ਹੌਲੀ ਕੀਤਾ ਤੇ ਫਿਰ ਝਕਾਨੀ ਮਾਰ ਕੇ ਗਤੀ ਤੇਜ਼ ਕਰ ਲਈ। ਪੁਲਸੀਆਂ ਨੂੰ ਉਸ ਵਿਚੋਂ ਭੁੱਕੀ ਵਰਗੀ ਜਾਂ ਕੋਈ ਹੋਰ ਖ਼ਤਰਨਾਕ ਮੁਜਰਮਾਂ ਵਾਲੀ ਸ਼ੰਕਾ ਉਤਪੰਨ ਹੋਈ। ਸਿਪਾਹੀਆਂ ਨੇ ਮੋਟਰ ਸਾਈਕਲ ਪਿੱਛੇ ਲਗਾ ਕੇ ਥੋੜ੍ਹੀ ਦੂਰ ਜਾ ਕੇ ਘੇਰ ਲਿਆ।

'ਹਾਂ ਜੀ ਦੱਸੋ? ਕੀ ਗੱਲ?ਤੁਸੀਂ ਕੌਣ ਹੋ? ਮੈਨੂੰ ਰੋਕਣ ਵਾਲੇ?' ਕਿਸੇ ਘਟੀਆ ਮਾਰਕਾ ਸ਼ਰਾਬ ਦੀ ਦੁਰਗੰਧ ਉਸ ਦੇ ਮੂੰਹੋਂ ਹਵਾ ਨੂੰ ਪ੍ਰਦਰਸ਼ਿਤ ਕਰ ਗਈ।

'ਡਿੱਗੀ ਖੋਲ੍ਹ! ਤਲਾਸ਼ੀ ਕਰਾ..ਚਲਾਣ ਕਰਾ...ਕਾਗ਼ਜ਼ ਦਿਖਾ...।'

'ਕਾਹਦਾ ਚਲਾਣ...।' ਉਸ ਦੀ ਬੋਲੀ ਵਿਚ ਵੀ ਰੋਹਬ ਝਲਕ ਰਿਹਾ ਸੀ।

'ਚੱਲ ਪਿੱਛੇ-ਮੁੜ..., ਦੱਸਦੇ ਹਾਂ ਤੈਨੂੰ।'

'ਮੈਨੂੰ ਨਹੀਂ ਜਾਣਦੇ? ਮੈਂ ਕੌਣ ਹਾਂ?'

'ਜਨਾਬ ਤੁਸੀਂ ਜੋ ਵੀ ਹੋ... ਹੋ, ਪਰ ਅਸੀਂ ਤੁਹਾਡੇ ਸੇਵਾਦਾਰ ਹਾਂ, ਤੁਹਾਡੇ ਹਮਦਰਦ ਹਾਂ। ਤੁਸੀਂ ਬੱਤੀ ਨਾ ਜਗਾ ਕੇ, ਹੈਲਮਟ ਨਾ ਪਾ ਕੇ, ਸ਼ਰਾਬ ਪੀ ਕੇ ਸਕੂਟਰ ਚਲਾ ਰਹੇ ਹੋ, ਇਹ ਕਿੰਨਾ ਗੈਰ-ਕਾਨੂੰਨੀ ਹੈ। ਕਿੰਨਾ ਵੱਡਾ ਜੁਰਮ ਹੈ ਇਹ।' ਸਿਪਾਹੀਆਂ ਦੀ ਬੋਲੀ ਵਿਚ ਹਲੀਮੀ ਤੇ ਤਹੱਮਲ ਵੇਖ ਕੇ ਉਹ ਹੋਰ ਚੌੜਾ ਹੋ ਗਿਆ। ਚੱਲ ਗਿਆ ਤੇ ਤੀਰ, ਨਹੀਂ ਤੇ ਤੁੱਕਾ ਹੀ ਸਹੀ।

'ਤੁਹਾਡਾ ਡਿਪਟੀ ਮੇਰਾ ਦੋਸਤ ਹੈ।' ਉਸ ਨੇ ਆਪਣੀ ਜਾਣ-ਪਛਾਣ ਵਿਚ ਹੋਰ ਭਾਵ-ਪੂਰਕ ਰੰਗ ਬਿਖੇਰ ਦਿੱਤਾ।

ਸਿਪਾਹੀਆਂ ਨੇ ਹਨੇਰੇ ਵਿਚ ਹੀ ਇਕ ਦੂਸਰੇ ਦੀਆਂ ਨਜ਼ਰਾਂ ਪੜ੍ਹੀਆਂ।

'ਚਲੋ ਪਿੱਛੇ! ਸਾਹਿਬ ਨਾਲ ਗੱਲ ਕਰ ਲਉ।'

ਪਿੱਛੇ ਮੁੜ ਕੇ ਉਸਨੇ ਫੇਰ ਦਬਕੀਆਂ ਜਿਹੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।

ਮੁਰਗੀ ਆਉਂਦੀ ਵੇਖ ਕੇ ਢਾਬੇ ਵਿੱਚ ਬੈਠੇ ਥਾਣੇਦਾਰ ਨੇ ਗਿਲਾਸੀ ਖਾਲੀ ਕੀਤੀ ਤੇ ਮੁੱਛਾਂ ਨੂੰ ਤਾਅ ਦਿੱਤਾ।

'ਜਨਾਬ ਇਹ ਡਿਪਟੀ ਸਾਹਿਬ ਦੇ ਰਿਸ਼ਤੇਦਾਰ ਹਨ। ਇਹਨਾਂ ਨੂੰ ਜਾਣ ਦਿਉ।' ਸਿਪਾਹੀ ਦੀ ਬੋਲੀ ਵਿਚ ਕੱਸਵਾਂ ਵਿਅੰਗ ਜਿਹਾ ਸੀ।

'ਥਾਣੇਦਾਰ ਨੇ ਇਕ ਦਮ ਚਲਾਣ ਬੁੱਕ ਫੜੀ ਤੇ ਚਲਾਣ ਲਿਖ ਦਿਤਾ,

'ਬਿਨਾਂ ਬੱਤੀ, ਬਿਨਾਂ ਹੈਲਮਟ, ਬਿਨਾਂ ਕਾਗ਼ਜ਼!'

'ਲਉ ਸਾਈਨ ਕਰੋ।'

ਚਲਾਣ 'ਤੇ ਸਾਈਨ ਸੁਣ ਕੇ ਉਸ ਦੀ ਪੀਤੀ ਖੰਭ ਲਾ ਕੇ ਉੱਡ ਗਈ।

'ਅਰੇ ਭਾਈ! ਕੁਝ ਆਪਣਿਆਂ ਦਾ ਲਿਹਾਜ਼ ਤਾਂ ਕਰਿਆ ਕਰੋ।'

'ਅਸੀਂ ਜਨਾਬ ਤੁਹਾਡਾ ਲਿਹਾਜ਼ ਹੀ ਤਾਂ ਕੀਤਾ ਹੈ। ਤੁਸੀਂ ਸਾਡੇ ਸਾਹਿਬ ਦੇ ਨਜ਼ਦੀਕੀ ਹੋ, ਇਸ ਲਈ ਅਸੀਂ ਨਹੀਂ ਚਾਹੁੰਦੇ ਕਿ ਤੁਹਾਡਾ ਸਿਰ ਮੂੰਹ ਭੱਜੇ, ਤੁਹਾਡਾ ਨੁਕਸਾਨ ਹੋਵੇ ਤੇ ਸਾਹਿਬ ਸਾਨੂੰ ਫਿਟਕਾਰ ਪਾਉਣ। ਇਸ ਲਈ ਇਹ ਚਲਾਣ ਭਰੋ ਤੇ ਅੱਗੇ ਲਈ ਇਹ ਯਾਦ ਰੱਖਿਓ।

ਇਹ ਤੁਹਾਡੇ ਕੰਮ ਦੀਆਂ ਗੱਲਾਂ ਹਨ।'

## ਤੀਸਰਾ ਸੀਨ

ਸਟੇਜ 'ਤੇ ਸ਼ਰਾਬੀ ਪਤੀ ਦਾ ਰੋਲ ਵੇਖ ਕੇ ਮੇਰਾ ਮਨ ਡੂੰਘੀ ਚਿੰਤਾ ਵਿਚ ਡੁੱਬ ਗਿਆ। ਵਿਚਾਰੇ ਛੋਟੇ-ਛੋਟੇ ਦੋ ਬੱਚੇ ਸਕੂਲੋਂ ਮਾਸਟਰ ਦੀਆਂ ਝਿੜਕਾਂ ਖਾ ਕੇ ਰੋਂਦੇ ਕੁਰਲਾਉਂਦੇ ਘਰ ਮੁੜ ਆਉਂਦੇ ਹਨ। ਸਕੂਲ ਦੀ ਫੀਸ ਸਮੇਂ ਸਿਰ ਨਾ ਦੇ ਹੋਈ, ਵਰਦੀ ਨਾ ਪਾਈ ਹੋਣੀ, ਸਿਰ ਨਾ ਵਾਹਿਆ ਹੋਣਾ, ਕਿਤਾਬਾਂ ਪੂਰੀਆ ਨਾ ਹੋਣੀਆਂ, ਕੱਪੜੇ ਗੰਦੇ ਹੋਣੇ, ਇਸ ਸਭ ਕੁਝ ਲਈ ਮਾਸਟਰ ਨੇ ਬੱਚਿਆਂ ਨੂੰ ਘੂਰ ਕੇ, ਮਾਰ ਕੇ ਸਕੂਲੋਂ ਕੱਢ ਦਿੱਤਾ।

ਬੱਚਿਆਂ ਦੀ ਮਾਂ ਕੋਲੋਂ ਰੋਜ਼ ਦਾ ਇਹ ਸਿੜ੍ਹੀ-ਸਿਆਪਾ ਨਾਂ ਸਹਾਰ ਹੋਇਆ। ਉਸ ਨੇ ਇਹ ਸਭ ਕੁਝ ਵੇਖ ਕੇ ਆਪਣੇ ਕਰਮਾਂ ਨੂੰ ਕੋਸਦੀ ਅਸਮਾਨ ਸਿਰ 'ਤੇ ਚੁੱਕ ਲਿਆ,

'ਇਹ ਨਿਖਾਫ਼ਣਾ ਜੋ ਚਾਰ ਛਿੱਲੜ ਮਜ਼ਦੂਰੀ ਕਰਦਾ, ਸ਼ਰਾਬ ਦੇ ਰਾਹ ਉਜਾੜ ਛੱਡਦਾ, ਘਰ ਵਿਚ ਭੰਗ ਭੁੱਜਦੀ ਪਈ ਹੈ। ਹਾਏ ਮੇਰੇ ਲੇਖ! ਹੇ ਰੱਬਾ! ਮੈਂ ਕੀ ਕਰਾਂ? ਮੈਂ ਤਾਂ ਜੀਉਂਦੀ ਹੀ ਮਰੀ ਹੋਈ ਹਾਂ।'

ਉੱਠ ਕੇ ਅੰਦਰੋਂ ਇਕ ਸ਼ੀਸ਼ੀ ਲੈ ਆਉਂਦੀ ਹੈ।

'ਜ਼ਹਿਰ! ਹਾਂ...ਇਹ ਜ਼ਹਿਰ।' ਲੋਕਾਂ ਨੂੰ ਦਿਖਾਉਂਦੀ ਹੈ, ਹੱਸਦੀ ਹੈ, ਪਾਗਲਾਂ ਵਾਂਗ।

'ਲਉ ਬੱਚਿਓ ਪੀਉ... ਪੀ ਲਉ ਇਹ ਅੰਮ੍ਰਿਤ! ਤੁਹਾਡੇ ਸਾਰੇ ਕਸ਼ਟ, ਮੁਸੀਬਤਾਂ ਦੂਰ ਹੋ ਜਾਣਗੇ...।'

ਦਰਸ਼ਕਾਂ ਦੀ ਉਤਸੁਕਤਾ ਵਿਚ ਉਹ ਦੋਨੋਂ ਬੱਚੇ ਤੇ ਫਿਰ ਉਹ ਆਪ ਪੀ ਕੇ ਨਿਢਾਲ ਹੋ ਥੱਲੇ ਡਿੱਗ ਪੈਂਦੇ ਹਨ।

ਘਰ ਦਾ ਮਾਲਕ ਬਾਹਰੋਂ ਸ਼ਰਾਬੀ ਹਾਲਤ ਵਿਚ ਡਿੱਗਦਾ ਢਹਿੰਦਾ ਲੜਖੜਾਉਂਦਾ ਸਾਹਮਣੇ ਸਟੇਜ 'ਤੇ ਆਉਂਦਾ ਹੈ। ਤਿੰਨਾਂ ਨੂੰ ਹਿਲਾਉਂਦਾ ਹੈ... ਸੁੰਘਦਾ ਹੈ...ਟੋਂਹਦਾ ਹੈ।

'ਬੱਸ! ਮਰ ਗਏ? ... ਸਾਰੇ ਹੀ ਮਰ ਗਏ...? ਹੈਂ? ਇਹ ਜ਼ਹਿਰ ਪੀ ਕੇ? ਹਾਅ...ਹਾਂ... ਹਾਂ...।' ਸ਼ੀਸ਼ੀ ਫੜ ਕੇ ਹੱਸਦਾ ਹੈ, ਫਿਰ ਰੋਣ ਲਗਦਾ ਹੈ।

'ਚਲੋ ਪੁੱਤਰੋ! ਮੇਰੀ ਨਸੀਬੋ! ਮੈਂ ਵੀ ਲਾਵਾਂ ਲਈਆਂ ਨੇ ਤੇਰੇ ਨਾਲ... ਤੇਰਾ ਪਿੱਛਾ ਮੈਂ ਵੀ ਨਹੀ ਉ ਛੱਡਣਾ। ਬੂਅ ਆ...।' ਹਾਕਰ ਮਾਰਦਾ ਹੈ।

ਉਹ ਸ਼ੀਸ਼ੀ ਵਿਚ ਬਾਕੀ ਬਚਿਆ ਜ਼ਹਿਰ ਆਪਣੇ ਮੂੰਹ ਵਿਚ ਉਲੱਦ ਲੈਂਦਾ ਹੈ ਤੇ ਤਿੰਨਾਂ ਲਾਸ਼ਾਂ ਉੱਤੇ ਢੇਰੀ ਹੋ ਜਾਂਦਾ ਹੈ।

ਪਰਦਾ ਡਿੱਗਣ ਲਗਦਾ ਹੈ...।

'ਠਹਿਰੋ... ਠਹਿਰੋ... ਇਹ ਗਲਤ ਹੈ... ਇਹ ਬੁਜ਼ਦਿਲੀ ਹੈ। ਅਜਿਹੇ ਨਾਕਾਰਮਿਕ ਸੀਨ ਨਹੀ ਦਿਖਾਉਣੇ ਚਾਹੀਦੇ। ਇਹ ਗਲਤ ਸਿੱਖਿਆ ਦਿੰਦੇ ਹਨ ਤੇ ਗਲਤ ਸੇਧ ਦਿੰਦੇ ਹਨ। ਔਰਤਾਂ ਨੂੰ ਰੱਬ ਨੇ ਅਥਾਹ ਤਾਕਤ ਬਖਸ਼ੀ ਹੈ ਤੇ ਸਰਕਾਰ ਨੇ ਹਰ ਥਾਂ ਬਰਾਬਰ ਹਿੱਸੇਦਾਰੀ ਪਾ ਕੇ ਔਰਤ ਦਾ ਸਮਾਜਿਕ ਰੁਤਬਾ ਉੱਚਾ ਕੀਤਾ ਹੈ। ਇਸ ਵਿਚ ਲੇਖਕ ਵੀ ਊਣਾ ਤੇ ਕਲਾਕਾਰ ਵੀ ਕੁਰਾਹੀਆ ਹੈ। ਸ਼ਰਾਬੀ ਦੇ ਦੁੱਖਾਂ ਤੋਂ ਤੰਗ ਆ ਕੇ ਆਪਣੀ ਕੀਮਤੀ ਜਾਨ ਦੀ ਜੀਵਨ ਲੀਲ੍ਹਾ ਖ਼ਤਮ ਕਰ ਦੇਣੀ! ਤਿੰਨ ਕਤਲ ਤੇ ਆਤਮ ਹੱਤਿਆ! ਬੜਾ ਵੱਡਾ ਬੱਜਰ ਸਮਾਜਿਕ ਪਾਪ ਤੇ ਗੁਨਾਹ ਹੈ।

ਔਰਤ ਆਦਮੀ ਦੇ ਨੱਕ ਦੀ ਨਕੇਲ ਹੈ, ਉਹ ਜਿਵੇਂ ਚਾਹੇ ਆਦਮੀ ਨੂੰ ਢਾਲ ਸਕਦੀ ਹੈ, ਆਪਣੇ ਪ੍ਰੇਮ ਦੇ ਜਾਦੂ ਨਾਲ... ਮਿੱਠੇ ਮੂਹਰੇ ਨਾਲ। ਉਂਗਲਾਂ 'ਤੇ ਨਚਾ ਸਕਦੀ ਹੈ, ਉਸ ਨੂੰ ਵੱਸ ਕਰ ਸਕਦੀ ਹੈ।

ਜੇ ਇਹ ਹਥਿਆਰ ਕਾਰਗਰ ਸਾਬਤ ਨਹੀ ਹੁੰਦਾ ਤਾਂ ਅੱਜ ਕਲ ਹਰ ਥਾਂ ਨਸ਼ਾ ਛਡਾਊ ਕੇਂਦਰ ਮਿਲ ਜਾਂਦੇ ਹਨ, ਉਹਨਾਂ ਦਾ ਆਸਰਾ ਲੈਣਾ ਚਾਹੀਦਾ ਹੈ। ਤੇ ਜੇ ਚਾਰੇ ਬੰਨੇ ਇਹ ਵੀ ਇਲਾਜ ਨਾ ਚੱਲੇ, ਤਾਂ ਕੂੰਡਾ ਡੰਡਾ.. ਵੇਲਣਾ... ਤਾਂ ਹਰ ਵਕਤ ਜ਼ਨਾਨੀ ਕੋਲ ਮੌਜੂਦ ਹੁੰਦਾ ਹੈ। ਉਸ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ, ਅਜਿਹੇ ਪਤੀ ਪਰਮੇਸ਼ਰ ਵਾਸਤੇ। ਅਜਿਹੇ ਕੰਮ ਵਾਸਤੇ ਆਪਣੀ ਜਾਨ ਦੇਣੀ ਕਾਇਰਤਾ ਹੈ। ਹਿੰਮਤ ਕਰੋ ਤੇ ਅੱਗੇ ਆਉ ਬੀਬੀਓ...ਇਹ ਨੁਸਖ਼ਾ ਵਰਤੋ। ਅਜਿਹੇ ਲਾ-ਇਲਾਜ ਰੋਗ ਲਈ ਥੱਪੜ-ਥਪੇੜ ਦਾ ਫ਼ਾਰਮੂਲਾ ਵੀ ਅਜ਼ਮਾਇਆ ਜਾ ਸਕਦਾ ਹੈ।'

ਪ੍ਰਧਾਨਗੀ ਮੰਡਲ ਵਿੱਚ ਬੈਠੀ ਪਿੰਡ ਦੀ ਸਰ ਪੰਚਣੀ ਵਾਰੀ ਦੀ ਆਵਾਜ਼ ਤੋਂ ਪਹਿਲਾਂ, ਸੀਨ ਖਤਮ ਹੁੰਦੇ ਸਾਰ ਸਟੇਜ 'ਤੇ ਆ ਕੇ ਮਾਈਕ ਫੜ ਬੈਠੀ ਤੇ ਪ੍ਰਬੰਧਕਾਂ ਨੂੰ ਨਿਰਉੱਤਰ ਕਰ ਦਿੱਤਾ। ਜਿਥੇ ਲੋਕ ਪਹਿਲੇ ਸੀਨ 'ਤੇ ਹੰਝੂ ਵਗਾ ਰਹੇ ਸਨ, ਪਾਤਰਾਂ ਨਾਲ ਹਮਦਰਦੀ ਜਿਤਾ ਰਹੇ ਸਨ, ਤਰਸ ਖਾ ਰਹੇ ਸਨ, ਤੀਸਰੇ ਸੀਨ ਨਾਲ ਤਾੜੀਆਂ ਮਾਰਨ ਲੱਗੇ।

👎 👎 👎

## ਸੌਂਕਣ

ਅੱਜ ਮੈਂ ਫਿਰ ਪੀ ਰਿਹਾ ਹਾਂ, ਪੀਵੀ ਜਾਂਦਾ ਹਾਂ। ਆਪਣੀ ਪਤਨੀ ਦਾ ਪ੍ਰਤੀਕਰਮ ਉਡੀਕਣ ਤੋਂ ਬਿਨਾਂ ਹੀ ਪੈੱਗ ਲਗਾਈ ਜਾਂਦਾ ਹਾਂ, ਉਸ ਨੂੰ ਚਿੜਾਉਣ ਲਈ ਦਿਖਾਈ ਜਾਂਦਾ ਹਾਂ।

ਪਰ ਉਹ ਚੁੱਪ ਹੈ...ਬਿਲਕੁਲ ਚੁੱਪ। ਰੋਜ਼ ਦੀ ਤਰਾਂ ਉਸ ਦੀ ਕੁਮੈਂਟਰੀ, ਮੁਹਾਰਨੀ ਸੁਨਣ ਲਈ ਮੇਰੇ ਕੰਨ ਉਤਾਵਲੇ ਨੇ।

'ਉਹ ਕਹੇਗੀ...ਇਹ ਮੇਰੀ ਸੌਂਕਣ ਫੇਰ ਆ ਗਈ ਮੇਰੇ ਘਰ! ਆ ਜਾ...ਆ ਜਾ... ਜ਼ਰੂਰ ਆ...ਛੇਤੀ ਆ...ਤੇਰੀ ਹੀ ਲੋੜ ਸੀ ਮੈਨੂੰ...। ਮੇਰਾ ਘਰ ਪੁੱਟਣ ਲਈ ਤੂੰ ਹੀ ਕਾਫੀ ਹੈਂ...ਆ ਜਾ...।' ਪਰ ਅੱਜ ਉਹ ਬੋਲੀ ਵੀ ਨਹੀ ਤੇ ਚਿੰਤਾਤੁਰ ਵੀ ਨਹੀ।

ਹੱਸਦੀ-ਹੱਸਦੀ ਅੰਦਰੋਂ ਲਿਆ ਕੇ ਨਮਕੀਨ, ਭੁਜੀਆ, ਆਮ ਲੇਟ, ਕਾਜੂ ਤੇ ਹੋਰ ਕਈ ਕੁਝ ਖਾਦ ਪਦਾਰਥ ਮੇਜ਼ 'ਤੇ ਪਰੋਸ ਦਿੰਦੀ ਹੈ।

'ਲਉ ਰੱਜ ਕੇ ਪੀ ਲਉ ਅੱਜ। ਅਗਲਾ ਪਿਛਲਾ ਸਾਰਾ ਕੋਟਾ ਖਤਮ ਕਰ ਲਉ, ਪਤਾ ਨਹੀ ਕੱਲ੍ਹ ਦਾ ਦਿਨ ਚੜ੍ਹੇ ਜਾਂ ਨਾਂ।'

ਮੈਂ ਸੋਚਦਾ ਹਾਂ, ਪਤਾ ਨਹੀਂ ਉਹ ਹਾਰ ਗਈ ਹੈ ਜਾਂ ਮੈਂ ਹਾਰ ਗਿਆ ਹਾਂ। ਇਸ ਤੋਂ ਪਹਿਲਾਂ ਉਸ ਦਾ ਰੋਜ਼ ਦਾ ਵਰਤਾਰਾ, ਉਸ ਦੇ ਮੱਥੇ ਦੀਆਂ ਤਿਊੜੀਆਂ, ਰਸੋਈ 'ਚ ਖੜਕਦੇ, ਟੁੱਟਦੇ-ਭੱਜਦੇ ਭਾਂਡੇ, ਨਿਆਣਿਆਂ ਦੀ ਕੁੱਟ ਮਾਰ! ਦੋ ਬੋਤਲਾਂ ਪੀ ਕੇ ਵੀ ਨਸ਼ਾ ਨਹੀਂ ਸੀ ਚੜ੍ਹਦਾ ਤੇ ਜੋ ਚੜ੍ਹਿਆ ਉਹ ਉਤਰ ਜਾਂਦਾ ਸੀ।

ਅਜੇ ਪਰਸੋਂ ਹੀ ਤਾਂ ਮੈਂ ਸਮਝਾਇਆ ਸੀ ਉਸਨੂੰ, ਸ਼ਰਾਬੀਆਂ ਵਾਲੀ ਸਿੱਖਿਆ, 'ਪੀ ਲੈਣ ਦੇ ਭਲੀਏ ਲੋਕੇ! ਨਾ ਬੋਲ-ਕਬੋਲ ਕੱਢਿਆ ਕਰ। ਪਤਾ ਨਹੀ ਕਦ ਇਹ ਨਾਨ-ਸਟਾਪ ਗੱਡੀ ਦਾ ਇੰਜਣ ਜੁਆਬ ਦੇ ਜਾਏ। ਸਾਰਾ ਦਿਨ ਕੰਮ ਕਰਦੇ-ਕਰਦੇ ਥਕਾਵਟ ਦਾ ਇਹੀ ਤਾਂ ਇਲਾਜ ਹੈ ਇੱਕ।'

ਉਸ ਨੇ ਕਿਹਾ ਸੀ, ਮੈਨੂੰ ਪਤਾ ਹੈ, ਮੇਰੀ ਇਹ ਸੌਂਕਣ ਆਖਰ ਇਹੀ ਚੰਦ ਚੜ੍ਹਾਏਗੀ। ਤੇ ਫਿਰ ਉਹ ਗੁੰਮ-ਸੁੰਮ ਜਿਹੀ ਹੋ ਗਈ ਸੀ। ਉਸ ਦਿਨ ਦੀ ਉਹ ਗੰਭੀਰ ਜਿਹੀ ਰਹਿਣ ਲੱਗੀ ਹੈ, ਖੁੱਲ੍ਹ ਕੇ ਨਹੀ ਹੱਸੀ। ਹੁਣ ਉਹ ਮੇਰੇ ਸਾਹਮਣੇ ਅੱਖਾਂ ਮੁੰਦ ਕੇ ਬੈਠ ਗਈ ਹੈ...ਨਿਢਾਲ ਜਿਹੀ। ਮੇਰੇ ਹੱਥਾਂ ਦੇ ਤੋਤੇ ਉੱਡਣ-ਉੱਡਣ ਕਰਦੇ ਨੇ। ਉਹ ਬੇ-ਹਰਕਤ ਬੇਜਾਨ ਜਿਹੀ ਹੋ ਰਹੀ ਹੈ। ਮੈਂ ਉੱਠ ਕੇ ਉਸ ਨੂੰ ਕਲਾਵਾ ਭਰ ਕੇ ਮੰਜੇ ਤੇ ਲਿਟਾਉਂਦਾ ਹਾਂ। ਉਸ ਦੀਆਂ ਤਲੀਆਂ ਝੱਸਦਾ ਹਾਂ। ਮੈਂ ਤਰਲਾ ਜਿਹਾ ਕਰਦਾ ਹਾਂ,

'ਅੱਖਾਂ ਖੋਲ੍ਹ ਮੇਰੀ ਰਾਣੋ! ਮੈਨੂੰ ਛੱਡ ਕੇ ਨਾ ਜਾਈਂ। ਜਿਵੇਂ ਕਹੇਂਗੀ ਮੈਂ ਉਵੇਂ ਹੀ ਕਰਾਂਗਾ। ਉੱਠ ਇਕ ਵੇਰਾਂ ਫਿਰ ਮੈਨੂੰ ਰੋਕ ਦੇਹ, ਮੈਂ ਇਹ ਤੇਰੀ ਸੌਂਕਣ ਘਰ ਵਿੱਚ ਨਹੀ ਲਿਆਵਾਂਗਾ।'

ਉਹ ਝਟਕੇ ਜਿਹੇ ਨਾਲ ਹਿੱਲੀ ਹੈ ਤੇ ਡਡਿਆ ਕੇ ਮੇਰੇ ਨਾਲ ਚਿੰਬੜ ਜਾਂਦੀ ਹੈ ਹਫਦੀ ਹੋਈ। ਮੈਂ ਪਾਣੀ ਲਿਆ ਕੇ ਉਸਦੇ ਮੂੰਹ 'ਤੇ ਛਿੱਟੇ ਮਾਰਦਾ ਹਾਂ।

ਉਹ ਕੁਝ-ਕੁਝ ਸੋਮਨ ਜਿਹੀ ਹੋਈ ਹੈ।

'ਕੀ ਹੋਇਆ ਸੀ ਮੈਨੂੰ?' ਜਿਵੇਂ ਉਹ ਸੁਪਨੇ ਚੋਂ ਜਾਗੀ ਹੋਵੇ। ਮੋਢੇ ਜਿਹੇ ਸੁੰਗੇੜਦੀ ਹੈ।

'ਤੈਨੂੰ ਨਹੀਂ ਹੋਇਆ, ਹੋਇਆ ਤਾਂ ਮੈਨੂੰ ਸੀ ਮੇਰੀ ਜਾਨ! ਝੱਲ ਹੋ ਗਿਆ ਸੀ ਮੈਨੂੰ।'

'ਇਹੋ ਜਿਹਾ ਨਸ਼ਾ ਹੁੰਦਾ ਹੈ ਇਹਦੇ ਵਿਚ। ਬੜਾ ਸਰੂਰ ਹੋਇਆ ਪਿਆਰਾ ਜਿਹਾ...ਸੁਰਗਾਂ ਦੇ ਝੂਟੇ! ਸੱਚੀਂ ਮੁਚੀ ਬਹਾਰਾਂ ਹੀ ਬਹਾਰਾਂ। ਮੇਰੇ ਲਈ ਤਾਂ ਇਕ ਹਾੜਾ ਹੀ ਕਾਫੀ ਹੈ।' ਉਸਦੀ ਜ਼ਬਾਨ ਲਰਜ਼ ਰਹੀ ਹੈ।

'ਮੈਂ ਵੀ ਥੱਕ ਜਾਂਦੀ ਹਾਂ ਰੋਜ਼...ਸਵੇਰੇ ਪੰਜ ਵਜੇ ਤੋਂ ਰਾਤ ਨੌਂ ਵਜੇ ਤੱਕ ਘਰ ਦਾ ਕੰਮ ਕਰਦੇ ਕਰਦੇ। ਮੈਂ ਵੀ ਪੀਆ ਕਰਾਂਗੀ, ਚੰਗੀ ਹੈ ਇਹ, ਬੜੀ ਚੰਗੀ ਹੈ, ਰੋਜ਼ ਦੀ ਥਕਾਨ ਹਟਾਉਣ ਵਾਸਤੇ।'

ਬੋਤਲ ਚੋਂ ਪੈੱਗ ਪਾਉਂਦੇ-ਪਾਉਂਦੇ ਮੇਰੇ ਹੱਥੋਂ ਬੋਤਲ ਥੱਲੇ ਡਿੱਗ ਜਾਂਦੀ ਹੈ ਧੜਕ ਕਰਕੇ, ਕਚਰਾ ਕਚਰਾ ਹੋ ਜਾਂਦੀ ਹੈ।

'ਨਹੀਂ! ਨਹੀਂ! ਇਕ ਪੈੱਗ ਹੋਰ, ਮੇਰੀ ਥਕਾਉਣ ਨਹੀ ਹਟੀ ਅਜੇ।'

ਉਹ ਪੁਕਾਰ ਰਹੀ ਹੈ...। 'ਇਕ ਪੈੱਗ ਹੋਰ... ਇਕ ਪੈੱਗ ਹੋਰ...।'

ਚਿਲਾਈ ਜਾਂਦੀ ਹੈ। ਜਿਵੇਂ ਉਸ ਨੂੰ ਟੋਟ ਲੱਗੀ ਹੋਵੇ।

ਉਸਦਾ ਲਗਾਤਾਰ ਤਰਲਾ ਜਿਹਾ ਵੇਖ ਕੇ ਮੇਰਾ ਹੌਂਸਲਾ ਟੁੱਟਣ ਲਗਦਾ ਹੈ।

'ਕੀ ਕਰਾਂ ਹੁਣ? ਕਿਥੇ ਖੜ੍ਹਾਂ ? ਕੀਹਨੂੰ ਬੁਲਾਵਾਂ? ਕੀਹਨੂੰ ਵਿਖਾਵਾਂ।' ਮੇਰੇ ਦੁਖੀ ਬੋਲਾਂ ਨਾਲ ਉਹ ਕੁਝ ਕੁਝ ਪੰਘਰ ਗਈ ਹੈ...ਹਿੱਲੀ ਹੈ...।

ਉਸ ਦੇ ਬੁੱਲ੍ਹ ਫਰਕੇ ਹਨ...

'ਬੱਸ...!'

'ਹਾਂ ਬੱਸ! ਬਹੁਤ ਹੋ ਗਈ...ਹੁਣ ਇਸ ਤੋਂ ਅੱਗੇ ਨਾ ਜਾਈਂ...।'

'ਤੇ ਖਾਉ ਕਸਮ...।'

ਤਾਂ ਮੈਂ ਕਸਮ ਖਾਂਦਾ ਹਾਂ...।

'ਹਾਂ ਮੈਂ ਕਸਮ ਖਾਂਦਾ ਹਾਂ। ਤੂੰ ਜਿੱਤੀ ਤੇ ਮੈਂ ਹਾਰ ਗਿਆ।' ਉਹ ਉੱਠ ਕੇ ਬੈਠ ਜਾਂਦੀ ਹੈ।

👎 👎 👎

## ਸ਼ਾਂਤੀ ਸੁਧਾ

ਸ਼ਾਂਤੀ ਤੇ ਸੁਧਾ ਦੋਨੋ ਸਹਿ-ਕਿਰਾਏਦਾਰਨੀਆਂ ਸਨ, ਅਤੇ ਉਹਨਾਂ ਦਾ ਪਿਆਰ ਸਕੀਆਂ ਭੈਣਾਂ ਨਾਲੋਂ ਵੀ ਕਿਤੇ ਵੱਧ ਸੀ। ਹਰ ਕੰਮ ਇਕ ਦੂਜੀ ਦੀ ਸਲਾਹ ਨਾਲ ਕਰਦੀਆਂ ਸਨ। ਬਜ਼ਾਰੋਂ ਸਬਜ਼ੀ ਲੈਣ ਜਾਣਾ, ਜਾਂ ਹੋਰ ਸੌਦਾ ਪੱਤਾ ਲੈਣ ਜਾਣਾ ਜਾਂ ਮਾਲਕ ਮਕਾਨ ਨਾਲ ਲੜਨਾ, ਆਢਾ ਲਗਾਉਣਾ, ਇਸ ਸਭ ਕਾਸੇ ਲਈ ਉਹਨਾਂ ਦੀ ਇਕੋ ਹੀ ਰਗ ਸੀ, ਇਕੋ ਹੀ ਚਾਲ ਤੇ ਇਕੋ ਹੀ ਪਾਲਿਸੀ ਸੀ।

ਕਰਵਾ ਚੌਥ ਦੇ ਦਿਨੀਂ ਦੋਵਾਂ ਨੇ ਸਲਾਹ ਕਰਕੇ ਰੱਜ ਕੇ ਖਰੀਦਾਰੀ ਕੀਤੀ। ਫਲ ਫਰੂਟ ਤੇ ਹੋਰ ਨਿੱਕ-ਸੁੱਕ ਖਰੀਦ ਕੇ ਸਾਰਾ ਦਿਨ ਵਿਹੜੇ 'ਚ ਮੰਜੀ ਡਾਹ ਕੇ ਬੈਠੀਆਂ, ਗੱਪ-ਸ਼ੱਪ ਮਾਰਦੀਆਂ, ਆਪਣੇ ਵਰਤ ਦਾ ਸਿਲਾ ਪੂਰਾ ਕਰਦੀਆਂ ਰਹੀਆਂ।

ਸ਼ਾਮ ਨੂੰ ਕਰਵਾ ਚੌਥ ਦੀ ਕਥਾ ਸੁਣਾਉਣ ਲਈ ਪੰਡਤਾਣੀ ਉਹਨਾਂ ਨੇ ਘਰੇ ਹੀ ਸੱਦ ਲਈ। ਉਹਨੇ ਕਰਵਾ ਚੌਥ ਦੀ ਕਹਾਣੀ ਸੁਣਾ ਕੇ ਪਤੀ-ਵਰਤਾ ਹੋਣ ਦੀ ਬਾਰ-ਬਾਰ ਤਾਕੀਦ ਕੀਤੀ। ਕਥਾ ਦੇ ਹਰ ਸ਼ਬਦ ਨਾਲ ਦੋਨੋਂ ਹੱਥ ਜੋੜ ਕੇ ਸਿਰ ਨਿਵਾਉਂਦੀਆਂ, ਆਪਣੇ ਖਾਵੰਦ ਦੀ ਲੰਮੀ ਆਰਜ਼ੂ ਸਿਹਤ-ਸੁੰਦਰਤਾ ਤੰਦਰੁਸਤੀ ਤੇ ਕਾਮਯਾਬੀ ਲਈ ਅਰਦਾਸਾਂ ਕਰਦੀਆਂ।

ਪੰਡਤਾਣੀ ਦੇ ਜਾਣ ਮਗਰੋਂ ਉਹ ਕੋਠੇ 'ਤੇ ਚੜ੍ਹ ਗਈਆਂ। ਨਵੇਂ ਚੰਦ ਦੀ ਉਡੀਕ ਕਰਨ ਲੱਗੀਆਂ। ਇਸ ਦਿਨ ਔਰਤਾਂ ਆਪਣੇ ਜੀਵਨ ਸਾਥੀ ਲਈ ਸ਼ੁਭ-ਕਾਮਨਾਵਾਂ ਕਰਦੀਆਂ ਨੇ, ਉਹਨਾਂ ਨਾਲ ਹਮੇਸ਼ਾ ਸੁਹਿਰਦ ਜੀਵਨ ਜੀਵਨ ਦੀਆਂ ਤੰਦਾਂ ਨਵ੍ਹਾਉਂਦੀਆਂ ਨੇ।

ਛੋਟੇ ਜਿਹੇ ਬਾਲ ਵਾਂਗ ਮੁਖੜਾ ਸੰਵਾਰਦਾ ਚੰਨ ਬੱਦਲਾਂ ਉਹਲਿਉਂ ਨਿਕਲਿਆ ਵੇਖ ਕੇ ਉਹਨਾਂ ਨੂੰ ਚਾਅ ਚੜ੍ਹ ਗਿਆ। ਸਿਜਦਾ ਕੀਤਾ, ਮੱਥਾ ਟੇਕਿਆ, ਕੱਚੀ ਲੱਸੀ ਚੜ੍ਹਾਈ, ਇਕ ਦੂਜੀ ਨੂੰ ਪ੍ਰਸਾਦਿ ਵੰਡਿਆ, ਆਂਢੀਆਂ-ਗਵਾਂਢੀਆਂ ਬੱਚੇ ਬੁੱਢਿਆਂ ਨੂੰ ਤੋਹਫ਼ੇ ਵੰਡੇ ਤੇ ਆਪਣੀ-ਆਪਣੀ ਰਸੋਈ ਵੱਲ ਚਲੇ ਗਈਆਂ।

ਸ਼ਾਂਤੀ ਦਾ ਦੂਤ ਸ਼ਰਾਬ ਨਾਲ ਮਦਹੋਸ਼ ਅੱਧਵਰਿੱਤਾ ਉਸ ਦੀ ਇੰਤਜ਼ਾਰ ਕਰ ਰਿਹਾ ਸੀ। ਉਸ ਨੇ ਉਹਨੂੰ ਰੋਟੀ ਖਾਂਦੀ ਨੂੰ ਧੂਹ ਕੇ ਅੰਦਰ ਖਿੱਚ ਕੇ ਕੁੰਡਾ ਮਾਰ ਲਿਆ।

ਸੁਧਾ ਦੇ ਕਾਲਜੇ ਹੌਲ ਪੈਣ ਲੱਗੇ। ਉਸ ਦਾ ਸੀਨਾ ਮੱਚ ਉਠਿਆ। ਏਨੀ ਸੁੰਦਰ ਸੁਹਾਵਣੀ ਰਾਤ! ਤੇ ਉਸ ਦਾ ਘਰ ਵਾਲਾ ਅਜੇ ਤੱਕ ਨਹੀਂ ਸੀ ਬਹੁੜਿਆ।

'ਅੱਗੇ ਰੋਜ਼ ਤਾਂ ਇਹੀ ਕਰਤੂਤ ਕਰਦਾ ਸੀ ਪਰ ਅੱਜ ਚੰਗਾ ਭਲਾ ਪਤੈ, ਵਰ੍ਹੇ ਦਿਨਾ ਦਾ ਸੱਗਾਰਿਤਾ ਇਕੋ ਇਕ ਦਿਨ! ਅੱਜ ਤਾਂ ਆ ਜਾਂਦਾ ਟਾਈਮ ਸਿਰ।' ਉਹ ਡੁੱਬਣ ਲੱਗੀ, ਕਲਪਣ ਲੱਗੀ।

ਸਾਹਮਣੇ ਮਾਲਕ ਮਕਾਨ ਦਾ ਨੌਜਵਾਨ ਮੁੰਡਾ! ਜੋ ਕਈ ਦਿਨਾਂ ਤੋਂ ਚੁਬਾਰੇ ਵਾਲੀ ਤਾਕੀ ਰਾਹੀਂ ਉਸ ਵੱਲ ਵੇਖਦਾ ਅੱਖਾਂ ਮਟਕਾਅ ਰਿਹਾ ਸੀ। ਉਸ ਨੂੰ ਬੜਾ ਬੁਰਾ ਲੱਗਾ। ਉਸ ਨੇ ਸਬਰ ਕਰ ਲਿਆ।

ਅੱਜ ਦੇਖਿਆ ਸਾਂਤੀ ਅੰਦਰ ਸੀ, ਉਸ ਦਾ ਘਰ ਵਾਲਾ ਵੀ ਤਾਂ ਅੰਦਰ ਹੀ ਸੀ, ਚਾਹੇ ਕਿਸੇ ਹਾਲਤ ਵਿਚ। ਪਰ ਉਸ ਦਾ ਚੰਦ! ਜਿਸਦੀ ਤੰਦਰੁਸਤੀ ਵਾਸਤੇ ਉਹ ਸਵੇਰ ਦੀ ਫਾਕਾ ਕੱਟ ਰਹੀ ਸੀ, ਪਤਾ ਨਹੀਂ ਕਿਹੜੇ ਹੋਟਲ-ਬਾਰ ਵਿਚ ਰੰਗੀਨੀਆਂ ਵਿਚ ਮਸਤ ਹੋਊ, ਸੋਚਦੇ ਸੋਚਦੇ ਉਸ ਦਾ ਸਬਰ ਟੁੱਟਣ ਲੱਗਾ।

ਉਸ ਨੇ ਅਕਾਸ਼ ਵੱਲ ਤੱਕਿਆ, ਚੰਦ ਦੀ ਛੋਟੀ ਜਿਹੀ ਚਿੱਪਰ ਫਿਰ ਬੱਦਲਾਂ ਵਿਚ ਅਲੋਪ ਹੋ ਰਹੀ ਸੀ। ਉਸ ਨੇ ਵਿਹੜੇ ਵਾਲੇ ਦਰਵਾਜ਼ੇ ਦੀ ਅੰਦਰੋਂ ਕੁੰਡੀ ਲਗਾਈ ਤੇ ਅਛੋਪਲੇ ਜਿਹੇ ਉਪਰਲੇ ਚੁਬਾਰੇ ਚੜ੍ਹ ਗਈ।

☟ ☟ ☟

## ਕੁੰਡੀ

ਮਾਲਕ ਮਕਾਨ ਤੇ ਕਿਰਾਏਦਾਰ ਦੀ ਯਾਰੀ ਦੋਸਤੀ ਘੱਟ ਹੀ ਨਿਭੀ ਹੈ। ਇਸ ਰਿਸ਼ਤੇ ਵਿਚ ਕੜਵਾਹਟ ਆਉਣੀ ਸੁਭਾਵਿਕ ਹੀ ਹੈ, ਕਦੇ ਪਾਣੀ ਤੋਂ, ਬਿਜਲੀ ਤੋਂ, ਬਾਥਰੂਮ ਤੋਂ, ਟੱਟੀਆਂ ਤੋਂ, ਤੂੰ-ਤੂੰ, ਮੈਂ-ਮੈਂ ਤੇ ਟੋਕਾ ਟਾਕੀ, ਨਿੱਤ ਦਿਨ ਦੀਆਂ ਤਲਖ਼-ਕਲਾਮੀਆਂ ਚਲਦੀਆਂ ਹੀ ਰਹਿੰਦੀਆਂ ਹਨ। ਤੇ ਜੇ ਕਿਤੇ ਕੁੰਡੀ ਫਸ ਜਾਏ ਪ੍ਰੇਮ-ਮਿਲਾਪ ਦੀ, ਤਾਂ ਇਹ ਆ-ਜੀਵਨ ਨਾਲ ਵੀ ਗੁਜ਼ਰ ਜਾਂਦੀ ਹੈ। ਅਜਿਹੇ ਤਜਰਬੇ ਲੈ ਕੇ ਨਵਾਂ-ਨਵਾਂ ਬਦਲ ਕੇ ਆਇਆ ਸਰਕਾਰੀ ਅਫਸਰ ਸ਼ਹਿਰ ਦੇ ਮਹੱਲੇ-ਮਹੱਲੇ ਵਿਚ ਮਕਾਨ ਦੀ ਤਲਾਸ਼ ਵਿਚ ਭਟਕਿਆ, ਪਰ ਕਿਸੇ ਨੇ ਉਸ ਨੂੰ ਹਾਂ ਨਾ ਭਰੀ। ਆਖਰ ਇਕ ਪ੍ਰਾਪਰਟੀ ਡੀਲਰ, ਦੇ ਪਿੱਛੇ ਪੈ ਕੇ, ਮਹੀਨੇ ਦਾ ਅੱਧਾ ਕਿਰਾਇਆ ਕਮਿਸ਼ਨ ਦੇ ਕੇ, ਮਕਾਨ ਲੈਣ ਵਿਚ ਉਸ ਨੂੰ ਸਫਲਤਾ ਮਿਲ ਗਈ। ਉਹ ਬੜਾ ਖੁਸ਼ ਹੋਇਆ। ਪੇਇੰਗ ਗੈਸਟ ਦੇ ਤੌਰ ’ਤੇ ਰੋਟੀ ਪਾਣੀ ਸਮੇਤ ਤਿੰਨ ਹਜ਼ਾਰ ਰੁਪੇ ਮਹੀਨੇ ਦਾ ਸੌਦਾ ਤਹਿ ਕਰਕੇ ਉਸ ਨੂੰ ਇਵੇਂ ਜਾਪਿਆ ਜਿਵੇਂ ਕੋਈ ਖ਼ਜ਼ਾਨਾ ਮਿਲ ਗਿਆ ਹੋਵੇ।

ਪੱਕੀ ਪਕਾਈ ਰੋਟੀ, ਚਾਹ, ਪਾਣੀ, ਧੁਲੇ-ਧੁਲਾਏ ਪ੍ਰੈਸ ਕੀਤੇ ਕੱਪੜੇ ਤੇ ਹੋਰ ਹਰ ਸਹੂਲਤ ਉਸ ਨੂੰ ਹਾਸਲ ਸੀ। ਮਾਲਕ ਮਕਾਨ, ਉਸ ਦੀ ਘਰ ਵਾਲੀ ਤੇ ਬੱਚੇ ਉਸ ਦੇ ਅੱਗੇ ਪਿਛੇ ਫਿਰਦੇ, ਉਸ ਨੂੰ ਆਪਣੇ ਘਰ ਦੀ ਯਾਦ ਭੁੱਲ ਗਈ। ਉਸ ਦਾ ਅਪਣਾ ਕਮਰਾ ਚੰਗਾ ਸਾਫ ਸੁਥਰਾ ਸੀ। ਟੈਲੀਫੋਨ, ਫਰਿੱਜ, ਕੂਲਰ, ਉਸ ਨੇ ਆਪ ਆਪਣੇ ਕਮਰੇ ਵਿੱਚ ਫਿੱਟ ਕਰਵਾ ਲਏ। ਦਫ਼ਤਰ ਜਾਣ ਲੱਗੇ ਤਾਲਾ ਲਗਾ ਕੇ ਚਾਬੀ ਉਸ ਨੇ ਮਾਲਕ ਮਕਾਨ ਨੂੰ ਦੇਣੀ ਚਾਹੀ।

‘ਨਹੀਂ ਭਾਅ ਜੀ, ਇਹ ਕੰਮ ਅਸੀਂ ਨਹੀ ਕਰਨਾ, ਅਸੀਂ ਇਹ ਜ਼ਿੰਮੇਵਾਰੀ ਨਹੀਂ ਲੈਣੀ। ਤੁਹਾਡੀਆਂ ਕੀਮਤੀ ਚੀਜ਼ਾਂ ਕਾਗ਼ਜ਼ ਪੱਤਰ! ਇਹ ਨਿਆਣੇ ਸਿਆਣਿਆਂ ਵਾਲਾ ਘਰ, ਪਤਾ ਨਹੀਂ ਕਿਸ ਵੇਲੇ ਕੀਹਦਾ ਦਿਲ ਬੇਈਮਾਨ ਹੋ ਜਾਏ, ਦੁੱਧ ਤੇ ਬੁੱਧ ਮਲੀਨ ਭਰਿਸ਼ਟ ਹੁੰਦੇ ਦੇਰ ਨਹੀਂ ਲਗਦੀ।’ ਮਾਲਕ ਮਕਾਨ ਤੀਵੀਂ ਦੀ ਸਿਆਣਿਆਂ ਵਾਲੀ ਸੋਚ ਨੇ ਚਾਬੀ ਵਾਪਸ ਉਸ ਦੀ ਜੇਬ ਵਿਚ ਪੁਆ ਦਿੱਤੀ।

ਦੋ ਮਹੀਨਿਆਂ ਬਾਦ ਅਠਾਰਾਂ ਸੌ ਰੁਪੇ ਦਾ ਟੈਲੀਫੋਨ ਬਿੱਲ ਵੇਖ ਕੇ ਉਸ ਦਾ ਸਾਹ ਸੁਤਿਆ ਗਿਆ। ‘ਮੈਂ ਤਾਂ ਕੇਵਲ ਦਸ ਪੰਦਰਾਂ ਫੋਨ ਹੀ ਕੀਤੇ ਨੇ ਗਿਣਤੀ ਦੇ ਤੇ ਇਹ ਬਿੱਲ!’ ਉਹ ਅਜੇ ਸੋਚ ਹੀ ਰਿਹਾ ਸੀ ਕਿ ਮਾਲਕ ਮਕਾਨ ਤਾੜ ਕੇ ਅੰਦਰ ਆ ਗਿਆ।

‘ਕਿੰਨਾ ਕੁ ਆਇਆ ਬਿੱਲ ਭਾ ਜੀ?’

‘ਇਹੋ ਕੋਈ ਦੋ ਕੁ ਹਜ਼ਾਰ ਦਾ...!’

‘ਏਨਾ !’ ਉਸ ਦਾ ਮੂੰਹ ਅੱਡਿਆ ਰਹਿ ਗਿਆ।

'ਸੁੱਖ-ਸਹੂਲਤ ਵੀ ਤਾਂ ਬਹੁਤ ਹੈ ਇਸ ਦੀ, ਪਰ ਬਾਬੂ ਜੀ! ਇਸ ਦੀ ਕੁੰਡੀ ਨਹੀ ਲੱਗਦੀ...? ਮੇਰੀ ਘਰ ਵਾਲੀ ਕੁੰਡੀ ਲਗਾਉਣ ਵਿਚ ਬੜੀ ਮਾਹਿਰ ਹੈ। ਵੇਖੋ ਸਾਡੇ ਬਿਜਲੀ ਦਾ ਬਿੱਲ ਸੌ ਡੇਢ ਸੌ ਤੋਂ ਕਦੇ ਨਹੀ ਟੱਪਿਆ...।' ਉਸਨੇ ਬਾਂਹਾਂ ਫੈਲਾ ਕੇ ਆਪਣੀ ਘਰਵਾਲੀ ਦੀ ਤਾਰੀਫ਼ ਕੀਤੀ।

'ਏਨਾ ਤੇ ਨਹੀਂ ਹੋ ਸਕਦਾ...ਚਲੋ! ਖੈਰ! ਦੇਖਾਂਗੇ ...।'

ਅਗਲੇ ਦਿਨ ਦਫ਼ਤਰ ਬੈਠੇ-ਬੈਠੇ ਉਸ ਨੇ ਆਪਣਾ ਨੰਬਰ ਘੁਮਾ ਦਿੱਤਾ,

'ਹੈਲੋ...ਹੈਲੋ...ਬਾਊ ਜੀ ਨੂੰ ਮਿਲਾਉ...।' ਉਸ ਨੇ ਚਪੜਾਸੀ ਦੀ ਆਵਾਜ਼ ਰਾਹੀਂ ਪੁੱਛ ਕੀਤੀ।

'ਹਾਂ ਜੀ...ਉਹ ਤਾਂ ਘਰ ਨਹੀਂ...ਤੁਸੀਂ ਕੰਮ ਦੱਸੋ ... ਸੁਨੇਹਾ ਪਹੁੰਚਾ ਦਿਆਂਗੇ।'

ਤੀਵੀਂ ਦੀ ਜਾਣੀ-ਪਛਾਣੀ ਆਵਾਜ਼ ਨਾਲ ਉਸ ਨੂੰ ਦਾਲ ਵਿਚ ਕੁਝ ਕਾਲਾ-ਕਾਲਾ ਜਾਪਣ ਲੱਗਾ। ਮਕਾਨ ਇਕ ਮੁਹੱਲੇ ਵਿਚ ਵੱਡੀ ਸੜਕ ਤੋਂ ਕੋਈ ਫਰਲਾਂਗ ਕੁ ਅੰਦਰ ਸੀ ਤੇ ਅੰਦਰ ਖੜ੍ਹੇ ਆਦਮੀ ਨੂੰ ਬਾਹਰੋਂ ਆਉਣ ਜਾਣ ਵਾਲਾ ਹਰ ਵਿਅਕਤੀ ਸੜਕ ਤੋਂ ਹੀ ਨਜ਼ਰੀਂ ਪੈ ਜਾਂਦਾ ਸੀ। ਭਰੇ-ਪੀਤੇ ਨੇ ਘਰ ਪੈਰ ਪਾਇਆ। ਉਸ ਦਾ ਲਟਕਦਾ ਤਾਲਾ ਹਿੱਲ ਰਿਹਾ ਸੀ। ਅੰਦਰ ਵੜਿਆ, ਉਸ ਦੀ ਬੱਤੀ ਜਗ ਰਹੀ ਸੀ। ਮਾਲਕ ਮਕਾਨ ਤੋਂ ਡਰਦੇ ਉਸ ਨੇ ਝੱਟ ਦੇਣੀ ਬੁਝਾ ਦਿਤੀ, ਮਾਨੋ ਸਵੇਰੇ ਜਾਣ ਲੱਗੇ ਗਲਤੀ ਨਾਲ ਚਲਦੀ ਰਹਿ ਗਈ ਹੋਵੇ। ਉਸ ਨੂੰ ਯਾਦ ਆਇਆ ਪਹਿਲਾਂ ਵੀ ਇਕ ਵੇਰਾਂ ਉਸ ਦੇ ਅੰਦਰ ਵੜਨ ਤੇ ਕੂਲਰ ਦਾ ਪੱਖਾ ਚੱਲ ਰਿਹਾ ਸੀ ਜੋ ਹੌਲੀ-ਹੌਲੀ ਬੰਦ ਹੋ ਗਿਆ, ਉਸਨੇ ਇਸ ਨੂੰ ਜ਼ਿਆਦਾ ਗੰਭੀਰਤਾ ਨਾਲ ਨਾ ਲਿਆ।

ਅੰਦਰ ਆਉਂਦੇ ਹੀ ਪਾਣੀ ਦਾ ਗਿਲਾਸ ਤੇ ਫਿਰ ਚਾਹ ਦਾ ਕੱਪ, ਨਾਲ ਮਠਿਆਈ ਦੇ ਕੁਝ ਟੁਕੜੇ ਉਸ ਦੇ ਸੁਆਲੀਆ ਨਿਸ਼ਾਨ ਤੇ ਡੰਡੀ ਲਗਾ ਗਏ।

'ਕਿੰਨੇ ਚੰਗੇ ਨੇ ਇਹ ਲੋਕ।' ਗਰਮੀ ਦੀ ਸਿਖਰ ਦੁਪਹਿਰੇ ਪਾਣੀ ਦਾ ਇਹ ਗਿਲਾਸ, ਡੁੱਬਦੇ ਨੂੰ ਤਿਣਕੇ ਦੇ ਸਹਾਰੇ ਵਾਂਗ ਉਸ ਨੂੰ ਸ਼ਾਂਤ ਕਰ ਗਿਆ।

'ਆਉ ਭਾਅ ਜੀ...ਜ਼ਰਾ ਸਾਡੇ ਗਰੀਬਾਂ ਦੇ ਅੰਦਰ ਵੀ ਚਰਨ ਪਾਉ।' ਮਾਲਕ ਮਕਾਨ ਬਾਂਹੋਂ ਫੜ ਕੇ ਉਠਾ ਕੇ ਦੂਸਰੇ ਕਮਰੇ ਵਿਚ ਲੈ ਗਿਆ। ਦਾਰੂ ਦੀ ਬੋਤਲ ਤੇ ਖਾਲੀ ਗਿਲਾਸ ਮੇਜ਼ ਤੇ ਪਏ ਵੇਖ ਕੇ ਉਸ ਦਾ ਸਿਰ ਚਕਰਾਇਆ।

'ਨਹੀਂ! ਇਸ ਵੇਲੇ ਇਹ ਨਹੀਂ...।' ਉਸ ਨੇ ਹੱਥ ਹਿਲਾਉਂਦਿਆਂ ਨਾਂਹ ਕਰ ਦਿੱਤੀ।

'ਨਾਂ ਵੀਰ ਜੀ। ਤੁਸੀਂ ਬੜੇ ਵੱਡੇ ਅਫਸਰ ਹੋ, ਵੇਖੋ ਕਿਵੇਂ ਮੇਰੀ ਵੀ ਘਰ ਦੀ ਹੱਥੀਂ ਕੱਢੀ ਦੀ ਕਮਾਲ!' ਉਸ ਨੇ ਚਿੱਟੀ ਕੁੰਗਰੂ ਵਾਂਗ ਨਿੱਤਰੀ ਦਾਰੂ ਗਿਲਾਸੀ ਵਿਚ ਪਾਉਂਦੇ ਆਪਣੀ ਤਾਰੀਫ਼ ਕੀਤੀ।

ਅਜੇ ਉਹ 'ਚੁੱਕਾਂ ਜਾਂ ਨਾਂ ਚੁੱਕਾਂ' ਜੱਕੋ ਤੱਕੋ ਵਿਚ ਹੀ ਸੀ, ਕਿ ਉਸ ਦੀ ਅਲਮਾਰੀ ਖੁੱਲ੍ਹਣ ਦੀ ਬਿੜਕ ਉਸ ਦੇ ਕੰਨਾਂ ਨੂੰ ਚੁਕੰਨਾ ਕਰ ਗਈ। ਉਹ ਉੱਠ ਕੇ ਆਪਣੇ ਕਮਰੇ ਵੱਲ ਅਹਲਿਆ। ਮਾਲਕ ਮਕਾਨ ਦੀ ਤੀਵੀਂ ਉਸ ਦੀ ਅਲਮਾਰੀ ਵਿਚੋਂ ਨੋਟਾਂ ਦੀ ਥੱਥੀ ਫੜ ਕੇ ਪਲੋਸ ਰਹੀ ਸੀ। ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਜਾਪੀ।

'ਲਉ ਭਾਅ ਜੀ! ਆਪਣੀ ਅਮਾਨਤ! ਪੂਰੀ ਕਰ ਲਉ।'

ਉਹ ਹੱਸ ਰਹੀ ਸੀ।

ਉਸ ਦੀ ਸੋਚ ਜੁਆਬ ਦੇ ਗਈ। ਇਹ ਕੀ ਵੇਖ ਰਿਹਾ ਸੀ ਉਹ, ਉਸ ਨੇ ਕੀ ਸੋਚਿਆ ਸੀ ਤੇ ਕੀ ਦੇਖ ਰਿਹਾ ਹੈ।

'ਅਸਲ ਵਿਚ ਭਾ ਜੀ ਤੁਹਾਨੂੰ ਸੱਚੀ ਦੱਸਾਂ। ਅਸਾਂ ਕੋਈ ਬੇਈਮਾਨੀ ਨਹੀਂ ਕੀਤੀ, ਕੱਲ ਤੁਹਾਡੇ ਪੰਦਰਾਂ ਸੌ ਰੁਪਏ ਕੱਢੇ ਸੀ। ਸਾਨੂੰ ਅੱਜ ਮਿਲ ਗੇ ਕਿਤੋਂ, ਉਹ ਤੁਹਾਡੇ ਪੂਰੇ ਕਰ ਦਿੱਤੇ... ਗੁੱਸਾ ਨਾ

ਕਰਿਉ। ਅਸੀਂ ਆਪਣਾ ਕੰਮ ਸਾਰ ਲਿਆ ਹੈ, ਅਮਾਨਤ ਵਿਚ ਖਿਆਨਤ ਨਹੀਂ ਕੀਤੀ।' ਉਹ ਕਦੇ ਹੱਥ 'ਚ ਫੜੀ ਗਲਾਸੀ ਨੂੰ ਵੇਖ ਰਿਹਾ ਸੀ ਤੇ ਕਦੇ ਖੁੱਲ੍ਹੀ ਅਲਮਾਰੀ ਨੂੰ।

👎 👎 👎

## ਭੰਡਾਂ ਦੇ ਟੋਟਕੇ

'ਉਏ ਭੰਡਾ ਤੂੰ ਬੜਾ ਚੰਗਾ ਗਾਉਂਦੋਂ, ਬੜਾ ਚੰਗਾ ਵਾਜਾ ਵਜਾ ਲੈਂਨੈਂ, ਬੜਾ ਚੰਗਾ ਭੰਗੜਾ ਪਾ ਲੈਂਨੈਂ...।'

'ਹਾਂ ਤੇ ਫਿਰ! ਤੈਨੂੰ ਕੀ ਤਕਲੀਫ਼? ਕੀ ਪੀੜ?'

'ਮੈਨੂੰ ਤਕਲੀਫ਼ ਨਹੀਂ ਪਤੰਦਰਾ! ਮੈਂ ਕਹਿਨੈਂ, ਕਦੇ ਟੀ. ਵੀ. 'ਤੇ ਵੀ ਗਿਐਂ ਕਿ ਨਹੀ? ਉਥੇ ਤਾਂ ਤੇਰੇ ਵਰਗੇ ਕਲਾਕਾਰਾਂ ਦੀ ਬੜੀ ਕਦਰ ਆ...।'

'ਕਲਾਕਾਰਾਂ ਦੀ ...?'

''ਹਾਂ! ... ਤੂੰ ਕਲਾਕਾਰ ਨਹੀਂ?'

'ਹਾਂ ਮੈਂ ਤਾਂ ਬੜਾ ਵੱਡਾ ਕਲਾਕਾਰ ਹਾਂ ...। ਇਕੇਰਾਂ ਗਿਆ ਸੀ...
ਬੜੀ ਮੁਸ਼ਕਲ ਨਾਲ ਕਈ ਵਿੰਗੇ ਟੇਢੇ ਰਸਤੇ ਲੰਘ ਕੇ ਪੌੜੀਆਂ ਚੜ੍ਹ ਗਿਆ...।'

'ਹਾਂ... ਤੇ ਫੇਰ? ਉਹਨਾਂ ਤੇਰੀ ਆਉ ਭਗਤ ਕੀਤੀ ਹੋਣੀ ਐਂ ਬੜੀ!'

'ਮੈਂ ਆਪਣੀ-ਜਾਣ ਪਛਾਣ ਕਰਾਈ! ਮੇਰੇ ਮੋਢੇ 'ਤੇ ਪਿਆ ਆਹ ਪਰਨਾ ਵੇਖ ਕੇ ਉਹਨਾਂ ਮੂੰਹ ਪਰੇ ਕਰ ਲਿਆ...।'

'ਉਹ ਕਿਉ! ਤੇਰੇ ਪਰਨੇ 'ਚ ਮੈਲ ਹੋਣੀ? ਬੋਅ ਆਉਂਦੀ ਹੋਣੀ।'

'ਨਹੀਂ ਪਤੰਦਰਾ! ਪਰਨੇ ਨੂੰ ਤਾਂ ਮੈਂ ਖ਼ੁਸ਼ਬੋ ਲਗਾ ਕੇ ਗਿਆ ਸੀ। ਮੈਂ ਉਹਨਾਂ ਨੂੰ ਫਿਰ ਖੰਘੂਰਾ ਜਿਹਾ ਮਾਰ ਕੇ ਸਮਝਾਇਆ, ਪਈ ਮੈਂ ਬੜਾ ਵੱਡਾ ਹੋਣਹਾਰ ਕਲਾਕਾਰ ਕਵੀ ਹਾਂ।'

ਫਿਰ ਉਹਨੇ ਐਨਕਾਂ ਚੋਂ ਡੇਲੇ ਜਿਹੇ ਤਾਂਹ ਚੁੱਕ ਕੇ ਮੇਰੇ ਵੱਲ ਝਾਕਿਆ ਮਸਾਂ।

'ਜਨਾਬ ਮੈਨੂੰ ਇਕ ਵੇਰ੍ਹਾਂ ਮੌਕਾ ਦੇ ਕੇ ਵੇਖੋ! ਮੈਂ ਕਈ ਵੇਰਾਂ ਰੇਡੀਓ ਟੇਸ਼ਨ ਤੇ ਹੋ ਆਇਆ ਹਾਂ।'

'ਫੇਰ ਉਹਨਾਂ ਚੁਣ ਲਿਆ ਤੈਨੂੰ... ?'

'ਨਹੀਂ! ਯਾਰ! ਕਹਿੰਦਾ! 'ਉਥੋਂ ਕਿੰਨੇ ਪੈਸੇ ਮਿਲੇ?'

'ਫੇਰ ?'

'ਮੈਂ ਕਿਹਾ, ਜੀ ਦੋ ਸੌ ਪੰਜਾਹ ਰੁਪੇ...।'

'ਉਹ ਰੁਪੇ ਤੂੰ ਕੀ ਕੀਤੇ...?' ਉਹ ਮੇਰੀ ਇੰਟਰਵਿਊ ਲੈਣ ਲੱਗੇ।

'ਕੀ ਕਰਨੇ ਸੀ ਜੀ...? ਮੈਂ ਬਾਹਰ ਨਿਕਲ ਕੇ ਠੇਕੇ ਤੇ ਗਿਆ, ਇਕ ਬੋਤਲ ਲਈ ਤੇ ਪੀ ਲਈ।

'ਇਕੱਲੇ ਨੇ ਹੀ...?' ਉਹਨਾਂ ਬੜੀ ਹੈਰਾਨੀ ਨਾਲ ਪੁੱਛਿਆ।

'ਹਾਂ ਜੀ! ਹੋਰ ਇਕ ਬੋਤਲ ਨਾਲ ਦਸਾਂ ਜਣਿਆ ਨੇ ਰੱਜਣਾ ਸੀ...? ਫਿਰ ਉਹਨਾਂ ਕਿਹਾ, ਜਾਹ! ਤੈਨੂੰ ਚਿੱਠੀ ਪਾ ਦਿਆਂਗੇ...। ਤੇ ਮੈਂ ਅੱਜ ਤੱਕ ਡਾਕੀਏ ਦੇ ਪਿੱਛੇ ਫਿਰਦਾ ਚਿੱਠੀ... ਲੱਭ ਰਿਹਾ ਹਾਂ।'

'ਦੂਰ ਫਿੱਟੇ ਮੂੰਹ।'....ਫੜਕ!

'ਉਹ ਕਿਉਂ...?'

'ਆਪਣੇ ਪੈਰੀਂ ਆਪ ਕੁਹਾੜੀ ਮਾਰੀ ਤੂੰ ...ਉਏ ਕਮਲਿਆ! ਤੂੰ ਕਹਿਣਾ ਸੀ, ਜੀ ਮੈਂ ਦੋ ਸੌ ਪੰਜਾਹ ਰੁਪੈ ਹੋਰ ਪਾ ਕੇ ਉਹਨਾਂ ਦੀ ਪਾਰਟੀ ਕਰ ਦਿੱਤੀ।'

'ਫੜਾਕ'

'ਇਹ ਕੀ? ਕਿਉਂ ਮਾਰਦੈ ਯਾਰ ਨੂੰ?'

'ਫੇਰ ਤੈਨੂੰ ਉਹਨਾਂ ਉਸੇ ਵੇਲੇ ਸਟੂਡਿਓ ਵਿੱਚ ਲੈ ਜਾਣਾ ਸੀ...।'

'ਫੜਾਕ!'

👎 👎 👎

## ਜੂੰ

ਭਾਬੀ ਦੇ ਪੱਟਾਂ ਵਿਚ ਬੈਠਾ ਸਿਰ ਦਿਖਾਉਂਦੇ ਵੇਖ ਕੇ ਬਾਬੀ ਪਤਾ ਨਹੀ ਕਿਧਰੋਂ ਆ ਧਮਕੀ।

'ਜੂੰਆਂ ਪੈ ਗਈਆਂ ਚੰਨ ਦੇ...?' ਉਸਨੇ ਹੱਸਦੇ-ਹੱਸਦੇ ਟਕੋਰ ਜਿਹੀ ਕੱਢ ਮਾਰੀ।

'ਹਾਂ ਨੀ... ਆਹੋ, ਆ ਜਾਹ...ਦੇਖ ਕਿੱਦਾਂ ਸਿਰ ਭਰਿਆ ਪਿਆ...।' ਮਖੌਲਣ ਭਾਬੀ ਨੇ ਮਸ਼ਕਰੀਆਂ ਕਰਦੇ-ਕਰਦੇ ਹੋਰ ਪੋਲ ਖੋਲ੍ਹ ਦਿਤਾ। ਮੈਂ ਭਾਵੇਂ ਭਾਬੀ ਦੇ ਹੱਥਾਂ ਦਾ ਮੱਠਾ ਮੱਠਾ ਨਿੱਘਾ ਸਪਰਸ਼ ਮਾਨਨ ਲਈ ਹੀ ਜੂੰਆਂ ਦਾ ਬਹਾਨਾ ਕੀਤਾ ਸੀ, ਪਰ ਬਾਬੀ ਸਾਹਮਣੇ ਇਹ ਗੁਪਤ ਭੇਦ ਜੱਗ-ਜ਼ਾਹਰ ਹੋ ਜਾਣ ਕਰਕੇ ਮੈਂ ਅੰਦਰੋਂ ਪਾਣੀ-ਪਾਣੀ ਹੋ ਗਿਆ। ਭਾਬੀ ਇਸ ਤੋਂ ਵੱਧ ਚਿਤ ਮਣੀ ਵਿਚ ਸੀ ਤੇ ਬਾਬੀ ਹੋਰ ਈਰਖਾ ਵਿਚ।

'ਛੱਡ ਨੀ ਸੀਤੋ! ਤੂੰ ਕੋਈ ਹੋਰ ਕੰਮ ਕਰ ਲੈ...ਬਾਬੀ ਨੂੰ ਦਿਖਾ ਲੈ...ਨਾਲੇ ਇਹਦੀਆਂ ਅੱਖਾਂ ਵੀ ਬੜੀਆਂ ਤੇਜ਼ ਨੇ...।' ਦਾਦੀ ਦੇ ਹੁਕਮਾਂ ਨੇ ਮਾਨੋ ਮੇਰੀ ਲਾਟਰੀ ਖ਼ੋਲ ਦਿਤੀ। ਅੰਨ੍ਹਾ ਕੀ ਭਾਲੇ ਦੋ ਅੱਖੀਆਂ, ਮੇਰੀ ਖੁਸ਼ੀ ਦਾ ਕੋਈ ਹੱਦ ਬੰਨਾ ਨਾ ਰਿਹਾ ਤੇ ਬਾਬੀ ਜਿਵੇਂ ਪਹਿਲਾਂ ਹੀ ਤਿਆਰ ਸੀ, ਭਾਬੀ ਨੂੰ ਪਰੇ ਹਟਾ ਕੇ ਕੋਲ ਬੈਠ ਗਈ।

ਪੋਲੇ-ਪੋਲੇ ਨਾਜ਼ਕ ਹੱਥਾਂ ਦੀਆਂ ਫਲੀਆਂ ਵਰਗੀਆਂ ਉਂਗਲਾਂ ਮੇਰੇ ਸਿਰ ਵਿਚ ਫਿਰਦੇ ਹੀ ਸਾਰੇ ਸਰੀਰ ਦੀ ਨਾੜ-ਨਾੜ ਵਿਚ ਝਰਨਾਹਟ ਛੇੜ ਗਈਆਂ। ਉਹ ਮੰਜੇ ਤੇ ਬੈਠੀ, ਮੇਰੇ ਪੀਹੜੀ ਤੇ ਬੈਠਣ ਨਾਲੋਂ ਕੁਝ ਉੱਚੀ ਜਗ੍ਹਾ 'ਤੇ ਸੀ ਤੇ ਉਸ ਦਾ ਜੇਠ ਹਾੜ ਦੀਆਂ ਲੂੰਆਂ ਵਾਂਗ ਤਪਦਾ ਗਰਮ ਸਾਹ ਮੇਰੇ ਸਿਰ ਵਿਚ ਠੋਲ੍ਹੇ ਲਗਾਉਣ ਲੱਗਾ। ਉਸ ਦੀ ਛਾਤੀ ਚੋਂ ਨਿਕਲਦੇ ਲਾਵੇ ਵਰਗਾ ਸੇਕ ਮੈਨੂੰ ਸਣ-ਕੱਪੜੇ ਸਾੜਨ ਭੁੰਨਣ ਲੱਗਾ।

'ਜੂੰ...ਜੂੰ...।'

ਉਸ ਨੇ ਉੱਚੀ ਜਿਹੀ ਕਿਹਾ, ਜਿਵੇਂ ਭਾਬੀ ਨੂੰ ਸੁਣਾ ਰਹੀ ਹੋਵੇ।

'ਨਹੀਂ ਹੋ ਸਕਦਾ... ਗਲਤ... ਝੂਠ...।' ਮੈਂ ਮੁਨਕਰ ਹੋ ਜਾਂਦਾ ਹਾਂ। ਉਹ ਫਿਰ ਠੋਲ੍ਹੇ ਲਗਾਉਣ ਲਗਦੀ ਹੈ।

ਉਪਰ ਦੇਖਦਾ ਹਾਂ। ਉਸ ਦਾ ਇਕ ਹੱਥ, ਉਸ ਦੇ ਆਪਣੇ ਸਿਰ ਵਿਚ ਫਿਰ ਰਿਹਾ ਸੀ, ਉਸ ਨੇ ਸਿਰ ਵਿਚੋਂ ਕੁਝ ਕੱਢ ਕੇ ਨਹੁੰ 'ਤੇ ਰੱਖ ਲਿਆ।

'ਜੂੰ ਸੱਚੀ ਮੁੱਚੀਂ ਦੀ ਜੂੰ...।' ਦੂਜੇ ਨਹੁੰ ਨਾਲ ਫੇਹ ਕੇ ਪਟੱਕ ਕਰ ਦਿੱਤੀ।

ਉਸ ਨੇ ਫੇਰ ਨਹੁੰਆਂ ਨਾਲ ਚੂੰਢੀ ਜਿਹੀ ਭਰੀ ਤੇ ਨਹੁੰ 'ਤੇ ਰੱਖ ਕੇ ਦੂਸਰੇ ਹੱਥ ਦੇ ਨਹੁੰ ਨਾਲ 'ਚਟਕ' ਕਰ ਦਿਤਾ।

'ਕੀ ਹੋਇਆ...?' ਮੈਂ ਮੂੰਹ ਉੱਪਰ ਚੁੱਕ ਕੇ ਉਸ ਨਾਲ ਅੱਖਾਂ ਮਿਲਾਣ ਦੀ ਕੋਸ਼ਿਸ਼ ਕੀਤੀ।

'ਜੂੰ... ਜੂੰ...।' ਉਹ ਹੱਸ ਰਹੀ ਸੀ।

'ਕਦੇ ਨਹੀਂ ਹੋ ਸਕਦਾ...।' ਮੈਂ ਫਿਰ ਜ਼ਿਦ ਜਿਹੀ ਕੀਤੀ। ਹੁਣ ਉਸ ਦੇ ਦੋ ਹੱਥਾਂ ਦੀ ਥਾਂ ਇਕ ਹੱਥ ਦਾ ਸਪਰਸ਼ ਮੇਰੇ ਸਿਰ ਵਿਚ ਰਹਿ ਗਿਆ।

ਮੈਂ ਸਿਰ ਉੱਪਰ ਤੱਕਿਆ...ਉਹ ਆਪਣੇ ਸਿਰ ਵਿਚ ਹੱਥ ਮਾਰ ਰਹੀ ਸੀ। ਤੇ ਫਿਰ ਮੇਰਾ ਸਿਰ ਪਲੋਸਦੀ ਫਰੋਲਦੀ ਇਕ ਹੋਰ ਚੂੰਢੀ ਜਿਹੀ ਭਰੀ।

'ਲੈ ਹੋਰ ਲੈ ਲੈ...। ਕਿੱਦਾਂ ਸਾਰਾ ਸਿਰ ਜੂੰਆਂ ਨਾਲ ਕੁਰਬਲ ਕੁਰਬਲ ਕਰਦਾ ਪਿਆ ਏ... ਹੈ ਸ਼ੀ... ਸ਼ੀ...। ਫੜ...।'

ਉਸ ਨੇ ਮੇਰੇ ਹੱਥ 'ਤੇ ਜੂੰ ਰੱਖ ਦਿੱਤੀ...।

'ਨਹੀਂ ਮੇਰੀ ਨਹੀਂ...ਇਹ ਮੇਰੀ ਨਹੀ ਹੋ ਸਕਦੀ...।'

ਮੈਂ ਆਪਣਾ ਸਪਸ਼ਟੀਕਰਨ ਦਿੰਦਾ ਨਾਂਹ-ਨਿੰਮ੍ਹ ਕਰਦਾ ਹਾਂ।

'ਇਹ ਤਾਂ ਮੈਨੂੰ ਵੀ ਪਤੈ ਕਿ ਤੇਰੀ ਨਹੀਂ! ਮੈਨੂੰ ਇਸ ਵਿਚੋਂ ਰਾਣੀ ਦੀ ਜੂੰ ਨਾਲ ਮੁਹਾਂਦਰਾ ਰਲਦਾ ਜਾਪਦੇ। ਜਾਂ ਫਿਰ ਇਸ ਦੇ ਲੱਤਾਂ ਪੈਰ ਤੇਰੀ ਭਰਜਾਈ ਦੀ ਜੂੰ ਨਾਲ ਕੁਝ-ਕੁਝ... ਮੇਲ ਖਾਂਦੇ ਨੇ...।' ਉਹ ਮਿੰਨ੍ਹਾ-ਮਿੰਨ੍ਹਾ ਹੱਸਦੀ-ਹੱਸਦੀ ਰੋ ਪੈਂਦੀ ਹੈ। ਮੂੰਹ ਮੇਰੇ ਸਿਰ ਨਾਲ ਘੁੱਟ ਕੇ ਫਿੱਸ ਪੈਂਦੀ ਹੈ।

'ਦੂਰ ਫਿੱਟੇ ਮੂੰਹ! ਸੁੱਖੀ ਸਾਂਦੀ! ਛੱਡ ਪਰੇ। ਮੁੰਡੇ ਦਾ ਸਿਰ ਫੜ ਕੇ ਰੋਣ ਲੱਗ ਪਈ ਏ ਕੁਲਹਿਨੀ ਕੁਲੱਛਣੀ ...।' ਦਾਦੀ ਦੀ ਦਿਲ ਚੀਰਵੀਂ ਫਿਟਕਾਰ ਨਾਲ ਉਹ ਅੱਖਾਂ ਪੂੰਝਦੀ ਮੈਥੋਂ ਪਰੇ ਹੋ ਜਾਂਦੀ ਹੈ।

👎 👎 👎

## ਜੰਤਰ

ਸੜਕ 'ਤੇ ਖੜ੍ਹੇ ਲੋਕਾਂ ਦੀ ਭੀੜ ਵੇਖ ਕੇ ਡਰਾਈਵਰ ਨੇ ਬਰੇਕ ਲਗਾਈ। ਲੋਕ ਉਤਸੁਕਤਾ ਨਾਲ ਬਾਹਰ ਵੇਖਣ ਲੱਗੇ। ਸੜਕ ਦੇ ਪਾਸੇ ਖਤਾਨ ਵਿਚ ਇਕ ਸਕੂਟਰ ਉਲਟਿਆ ਪਿਆ ਸੀ ਤੇ ਨਾਲ ਇਕ ਲਾਸ਼ ਨੌਂ ਨਿੱਸਲ! ਭੀੜ ਵਿਚ ਕੁਝ ਬੰਦੇ ਜਾਣੇ ਪਛਾਣੇ ਵੇਖ ਕੇ ਮੈਂ ਵੀ ਹੋਰ ਲੋਕਾਂ ਨਾਲ ਥੱਲੇ ਉੱਤਰਿਆ।

'ਕੌਣ ਸੀ ਇਹ ਵਿਚਾਰਾ ? ਕਰਮਾਂ ਮਾਰਾ?'

'ਹਾਏ ਓਏ ਮੇਰੇ ਪੁੱਤਰਾ! ਤੂੰ ਇਹ ਕੀ ਕੀਤਾ ? ਅਸੀਂ ਸਾਰੀ ਰਾਤ ਤੈਨੂੰ ਕਿਥੇ-ਕਿਥੇ ਲੱਭਦੇ ਰਹੇ...ਤੂੰ ਆਪਣੇ ਹੀ ਇਲਾਕੇ ਵਿਚ ਘਰ ਦੇ ਲਾਗੇ ਆ ਕੇ ਸੌਂ ਗਿਆ।' ਭੀੜ ਵਿਚ ਘਿਰਿਆ ਇਕ ਪੜ੍ਹਿਆ ਲਿਖਿਆ ਜਾਪਦਾ ਬਜ਼ੁਰਗ ਧਾਹਾਂ ਮਾਰ ਰਿਹਾ ਸੀ, ਵਿਰਲਾਪ ਕਰ ਰਿਹਾ ਸੀ।

'ਹਾਏ ਮੇਰੇ ਰੱਬਾ! ਤੂੰ ਇਹ ਕੀ ਕੀਤਾ...?

ਉਏ ਜਗਦੀਸ਼ ਪੁੱਤ। ਉੱਠ ਤੇਰੀ ਡਿਊਟੀ ਦਾ ਵੇਲਾ ਹੋ ਗਿਆ...ਹਾਏ ਉਏ ਲੋਕੋ! ਇਹ ਮੇਰਾ ਪੁੱਤ ਮੈਨੇਜਰ ਬਣਿਆ ਸੀ। ਤਰੱਕੀ ਹੋਈ ਸੀ ਇਸ ਦੀ...ਹਾਏ ਮੇਰੇ ਪੁੱਤਾ! ਤੂੰ ਨਿੱਜ ਮੈਨੇਜਰ ਬਣਦਾ...ਨਾ ਸਾਂਈਂ ਕੋਲ ਜਾਂਦਾ...ਨਾ ਅਣਿਆਈ ਮਰਦਾ...।' ਪੁਲੀਸ ਆਈ...ਭੀੜ ਕੁਝ ਪਾਸੇ ਹੋਈ...। ਇਕ ਸਿਪਾਹੀ ਨੇ ਥਾਣੇਦਾਰ ਦੇ ਇਸ਼ਾਰੇ ਨਾਲ ਉਸ ਦੀ ਗੁੱਟ ਘੜੀ ਲਾਹ ਕੇ ਬਜ਼ੁਰਗ ਵੱਲ ਵਧਾਈ। ਜੇਬ ਦਾ ਬਟੂਆ ਕੱਢਿਆ ਤੇ ਹੋਰ ਤਲਾਸ਼ੀ ਲਈ ਸਾਰੀ ਲਾਸ਼ ਦੀ।

ਹੋਰ ਕਾਗ਼ਜ਼ਾਂ ਦੇ ਨਾਲ ਉਸ ਦੀ ਜੇਬ ਵਿਚੋਂ ਇਕ ਸੰਧੂਰੀ ਛਿੱਟਿਆਂ ਨਾਲ ਰੰਗਿਆ ਕਾਗ਼ਜ਼, ਸਾਰੇ ਦਾ ਸਾਰਾ ਚਾਰ-ਖਾਨਿਆਂ ਨਾਲ ਭਰਿਆ ਸਿਪਾਹੀ ਨੇ ਖੋਲ੍ਹਿਆ।

'ਹਾਏ ਉਏ ਲੋਕਾ ਇਹੋ ਜੰਤਰ ਲੈਣ ਗਿਆ ਸੀ ਮੇਰਾ ਪੁੱਤ। ਕਹਿੰਦਾ ਸੀ ਤਰੱਕੀ ਵਾਲੀ ਨੌਕਰੀ ਜੁਆਇਨ ਕਰਨ ਤੋਂ ਪਹਿਲਾਂ ਵੱਡੇ ਬਾਬੇ ਦੇ ਪੈਰੀਂ ਹੱਥ ਲਗਾ ਆਵਾਂ, ਉਸ ਦਾ ਅਸ਼ੀਰਵਾਦ ਲੈ ਆਵਾਂ, ਰਾਤ ਦੀ ਚੌਂਕੀ ਭਰ ਆਵਾਂ...।'

'ਕਾਲਾ ਸ਼ੀਸ਼ਾ ਕੰਕਰ ਵਾਲਾ...ਜਗਦੀਸ਼ ਦਾ ਹੋ ਗਾ ਸਦਾ ਬੋਲ ਬਾਲਾ।' ਵਿੰਗੇ ਟੇਢੇ ਅੱਖਰਾਂ ਵਾਲਾ ਇਹ ਜੰਤਰ ਕਾਗ਼ਜ਼ ਦੇ ਦੂਸਰੇ ਪਾਸੇ ਲਿਖਿਆ ਪਿਆ ਸੀ।

'ਹਾਏ ਉਏ! ਤੇਰਾ ਬੇੜਾ ਗਰਕ ਇਹੋ ਜਿਹੇ ਬਾਬੇ ਤਾਂਤਰਿਕ ਦਾ, ਮੇਰਾ ਘਰ ਪੁੱਟ ਦਿਤਾ। ਹੁਣ ਆ ਕੇ ਉਠਾ ਮੇਰੇ ਪੁੱਤ ਨੂੰ...ਹੁਣ ਆ ਕੇ ਜਗਾ ਮੇਰੇ ਸ਼ੇਰ ਨੂੰ। ਕਹਿੰਦਾ ਸੀ ਜਿਹੜਾ ਮੇਰਾ ਤਵੀਤ ਕੋਲ ਰੱਖੂ, ਉਸ ਦੀਆਂ ਸਦਾ ਨੌਂ ਨਿਧਾਂ ਬਾਰਾਂ ਸਿਧਾਂ ਹੁੰਦੀਆਂ ਨੇ। ਉਸ ਦਾ ਵਾਲ ਵਿੰਗਾ ਨਹੀ ਹੁੰਦਾ।'

ਇਕ ਕਾਲੇ ਸ਼ੀਸ਼ਿਆਂ ਵਾਲੀ ਕਾਰ। ਅੱਗੇ ਪਿੱਛੇ ਭੰਗਵੇਂ ਤੇ ਹਰੇ ਕੱਪੜਿਆਂ ਦੀਆਂ ਝੰਡੀਆਂ, ਮੋਰਾਂ ਦੇ ਖੰਭਾਂ ਨਾਲ ਬੱਧੀਆਂ ਗੱਡੇ ਹੋਏ ਐਂਟੀਨੇ ਵਾਂਗ! ਸਭ ਦਾ ਧਿਆਨ ਉਧਰ ਖਿੱਚ ਗਈਆਂ। ਇਕ ਲੰਮੀ ਚਿੱਟੀ ਦਾੜ੍ਹੀ, ਸਿਰ ਜਟਾਵਾਂ ਵਾਲਾ ਉੱਚਾ ਲੰਮਾ ਭੰਗਵਾਂ ਚੋਲਾ, ਹੱਥ 'ਚ ਚਿਮਟਾ ਫੜੀ ਬਾਹਰ ਨਿਕਲਿਆ।

'ਔਲਖ ਨਿਰੰਜਨ!' ਉਸ ਨੇ ਚਿਮਟਾ ਖੜਕਾਇਆ। ਪਰ ਉਸ ਦਾ ਚਿਮਟਾ ਪੁਲਿਸ ਨੂੰ ਵੇਖ ਕੇ ਕੁਝ ਕੁਝ ਕੰਬ ਉਠਿਆ।

'ਧੰਨ ਹੋ ਸਾਈਂ ਜੀ! ਧੰਨ ਹੋ।' ਕੁਝ ਆਵਾਜ਼ਾਂ ਆਈਆਂ।

'ਵੇਖਿਆ! ਬਾਬਾ ਜੀ ਕਿੰਨੇ ਜਾਣੀ-ਜਾਣ ਨੇ, ਕਿੰਨੇ ਕਰਾਮਾਤੀ ਨੇ। ਹੁਣੇ ਅਰਦਾਸ ਕੀਤੀ, ਹੁਣੇ ਆਣ ਪਹੁੰਚੇ, ਆਪਣੇ ਭਗਤ ਦੇ ਕਸ਼ਟ ਨਿਵਾਰਨ ਵਾਸਤੇ..।'

'ਧੰਨ ਹੋ ਧੰਨ...ਮਹਾਰਾਜ!' ਬੁੱਢਾ ਰੋਂਦਾ ਰੋਂਦਾ ਚੁੱਪ ਹੋ ਗਿਆ। ਉਸ ਨੇ ਆਪਣੇ ਹੜ੍ਹ ਰਹੇ ਹੰਝੂ ਰੋਕੇ, ਤੇ ਝੁਕ ਕੇ ਉਸ ਦੇ ਚਰਨੀ ਢਹਿ ਪਿਆ।

'ਮੋੜ ਲਉ...ਸੰਤ ਜੀ! ਬਚਾ ਲੋ...ਮੇਰੇ ਪੁੱਤਰ ਨੂੰ...ਬਚਾ ਲਉ...ਛੋਟੇ ਛੋਟੇ ਬਾਲ ਬੱਚੇ..।' ਉਸ ਨੇ ਨਾਲ ਖੜ੍ਹੀ ਵਿਲਕਦੀ ਛੋਟੀ ਜਿਹੀ ਬੱਚੀ ਨੂੰ ਗਲ ਨਾਲ ਘੁੱਟ ਕੇ ਧਾਹਾਂ ਮਾਰੀਆਂ।

'ਸ਼ਾਂਤੀ! ਬੱਚਾ ਸ਼ਾਂਤੀ!'..ਸਾਈਂ ਨੇ ਉਸ ਦੇ ਸਿਰ 'ਤੇ ਹੱਥ ਧਰਿਆ।

ਉਹ ਲਾਸ਼ ਕੋਲ ਹੋ ਕੇ ਅੱਖਾਂ ਮੀਟ ਕੇ ਮੰਤਰ-ਮੁਗੰਧ ਹੋ ਬੈਠਾ। ਉਸ ਦੇ ਹੱਥ ਦਾ ਚਿਮਟਾ ਬਾਰ ਬਾਰ ਖੜਕਦਾ ਰਿਹਾ। ਉਸ ਨੇ ਜਗਦੀਸ਼ ਦੇ ਮੂੰਹ 'ਤੇ ਫੂਕਾਂ ਮਾਰੀਆਂ। ਚੋਲੇ 'ਚ ਲਿਆਂਦੀ ਪਾਣੀ ਦੀ ਬੋਤਲ ਚੋਂ ਛਿੱਟੇ ਮਾਰੇ ਤੇ ਚਰਨਾ ਮਤ ਉਸ ਦੇ ਬੁੱਲ੍ਹਾਂ ਨੂੰ ਛੁਹਾਈ।

'ਉੱਠ ਬੇਟਾ ਉੱਠ...। ਅਭੀ ਆਪ ਕਾ ਟਾਈਮ ਨਹੀਂ।'

ਬੁੱਢਾ ਕਿਸੇ ਅਣਕਿਆਸੀ ਹਸਰਤ ਵਿਚ ਪਾਗਲ ਹੋ ਰਿਹਾ ਸੀ। ਉਹ ਸਾਈਂ ਦੀ ਹਰ ਅਦਾ ਨੂੰ ਸਿਰ ਨਿਵਾ ਰਿਹਾ ਸੀ, ਜਿਸ ਨੇ ਹੁਣੇ ਉਸ ਦੇ ਮੁੰਡੇ ਨੂੰ ਉਠਾ ਕੇ ਬਿਠਾ ਦੇਣਾ ਸੀ।

'ਇਹ ਤਾਂ ਬਹੁਤ ਦੇਰ ਦਾ ਪੂਰਾ ਹੋ ਚੁੱਕਾ ਹੈ...ਭਗਤ ਜੀ।' ਸਾਈਂ ਨੇ ਚਿਮਟਾ ਉਛਾਲਦਿਆਂ ਅੱਖਾਂ ਫੈਲਾਈਆਂ।

'ਇਹ ਤਾਂ ਸਾਨੂੰ ਵੀ ਪਤੈ ਸਾਈਂ ਜੀ! ਤੁਸੀਂ ਕਰੋ ਕੁਝ। ਲੋਕਾਂ ਨੂੰ ਤਾਰਨ ਵਾਲੇ ਹੋ, ਸਾਡਾ ਵੀ ਡੁੱਬਿਆਂ ਬੇੜਾ ਤਾਰ ਦਿਉ...।' ਬੁੱਢਾ ਵਿਲਕ ਰਿਹਾ ਸੀ।

'ਯਹ ਪ੍ਰਮਾਤਮਾ ਦੀ ਲੀਲ੍ਹਾ ਹੈ, ਉਸੀ ਨੇ ਇਹ ਖੇਲ ਵਰਤਾਇਆ ਹੈ। ਹਮ ਉਸ ਕੇ ਰਸਤੇ ਮੇਂ ਰੁਕਾਵਟ ਨਹੀਂ ਬਣ ਸਕਤੇ। ਸਬਰ ਕਰੋ ਬੇਟਾ ਸਬਰ ਕਰੋ, ਸ਼ਾਂਤੀ ਕਰੋ। ਹਾਂ ਮੈਂ ਯਹ ਆਪ ਕੋ ਜ਼ਰੂਰ ਯਕੀਨ ਦਿਲਾਤਾ ਹੂੰ, ਕਿ ਉਹ ਸਿੱਧਾ ਸਵਰਗ ਮੈਂ ਗਿਆ ਹੈ...ਸਵਰਗ ਮੇਂ...। ਬੜੇ ਅਰਾਮ ਸੇ ਹੈ, ਮਜ਼ੇ ਮੇਂ ਹੈ...ਵੋਹ ਵਾਪਸ ਭੀ ਨਹੀਂ ਆਣਾ ਚਾਹਤਾ..।

ਪ੍ਰਭੂ ਇਸ ਕੀ ਆਤਮਾ ਕੋ ਸ਼ਾਂਤੀ ਪ੍ਰਦਾਨ ਕਰੇ...।'

ਸਾਈਂ ਨੇ ਉਪਰ ਹੱਥ ਜੋੜੇ ਤੇ ਕਾਰ ਵਿਚ ਜਾ ਬੈਠੇ।

ਮੈਂ ਵੱਡਾ ਸਾਰਾ ਹਉਕਾ ਲਿਆ। ਪਰ ਉਸ ਦੁੱਖਾਂ ਮਾਰੇ ਬਜ਼ੁਰਗ ਨੂੰ ਹੌਸਲਾ ਦੇਣ ਦੀ ਮੇਰੀ ਹਿੰਮਤ ਨਾ ਪਈ।

## ਹਮਦਰਦੀ

ਪੰਜਾਬ ਸਿੰਘ ਨੇ ਜਦ ਸੁਣਿਆ ਕਿ ਗੁਜਰਾਤ ਸਿੰਘ ਤੇ ਕੁਦਰਤ ਬਹੁਤ ਕਰੋਪ ਹੋ ਗਈ ਹੈ। ਭਿਆਨਕ ਤੁਫ਼ਾਨਾਂ ਨੇ ਉਸ ਦਾ ਘਰ ਘਾਟ ਤੇ ਫਸਲ ਜਿਨਸ ਸਭ ਆਪਣੀ ਲਪੇਟ ਵਿਚ ਲਪੇਟ ਕੇ ਮਿੱਟੀ ਦੇ ਢੇਰ ਬਣਾ ਦਿੱਤੇ ਨੇ। ਉਹ ਸਿਰ ਸੁੱਟ ਊਂਧੀ ਪਾ ਕੇ ਬੈਠ ਗਿਆ। ਪਰ ਛੇਤੀ ਹੀ ਟੈਲੀਫੋਨ ਦਾ ਚੋਗਾ ਫੜ ਨੰਬਰ ਘੁਮਾਉਣ ਲੱਗਾ।

'ਇਹ ਨੰਬਰ ਬਣਾਉਣ ਦਾ ਵੇਲਾ ਹੈ।

ਇਹ ਹਮਦਰਦੀ ਪ੍ਰਗਟਾਉਣ ਦਾ ਵੇਲਾ ਹੈ।

ਇਹ ਸੁਰਖ਼ੀਆਂ 'ਚ ਆਣ ਦਾ ਵੇਲਾ ਹੈ।' ਉਹ ਮਨ ਹੀ ਮਨ ਵਿੱਚ ਗੁਣਗੁਣਾਇਆ।

ਉਸ ਨੇ ਚੁਟਕੀ ਮਾਰੀ

'ਹੈਲੋ...ਹੈਲੋ! ਗੁਜਰਾਤ ਸਿੰਘ...?' ਪੰਜਾਬ ਸਿੰਘ ਨੇ ਉੱਚੀ ਅਵਾਜ਼ ਵਿਚ ਕਿਹਾ।

'ਹਾਂ ਜੀ...ਹਾਂ ਸਰ...। ਮੈਂ ਗੁਜਰਾਤ ਸਿੰਘ...।' ਅੱਗੋਂ ਅਵਾਜ਼ ਧੀਮੀ ਸੀ ਸਲ੍ਹਾਬੀ ਹੋਈ।

'ਬੜਾ ਦੁੱਖ ਹੋਇਆ ਭਰਾ! ਤੇਰਾ ਨੁਕਸਾਨ ਸੁਣ ਕੇ...ਮੈਂ ਬੜੀ ਦੂਰ ਬੈਠਾ ਹਾਂ। ਮੇਰਾ ਤਨ ਮਨ ਧਨ ਸਭ ਹਾਜਰ ਹੈ, ਤੇਰੇ ਲਈ ਇਹਨਾਂ ਸੰਤਾਪ ਦੇ ਦਿਨਾਂ ਵਿਚ।'

ਪੰਜਾਬ ਸਿੰਘ ਦਾ ਗਲਾ ਭਰ ਆਇਆ, ਆਵਾਜ਼ ਭਾਰੀ ਹੋ ਗਈ।

'ਕੋਈ ਨਾਂ ਭਰਾ ਜੀ! ਕੁਦਰਤ ਨਾਲ ਕੀ ਜ਼ੋਰ?' ਉਧਰੋਂ ਹਉਕਿਆਂ ਭਰੀ ਆਵਾਜ਼ ਪੰਜਾਬੂ ਨੂੰ ਤੀਰਾਂ ਵਾਂਗ ਚੁੱਭੀ।

‘ਹੌਸਲਾ ਨਾ ਢਾਹ ਮੇਰੇ ਵੀਰ! ਜੇ ਕਹੇਂ ਤਾਂ ਮੇਰੇ ਬੰਦੇ ਤੇਰੇ ਕੋਲ ਆ ਕੇ ਇਸ ਔਖ ਦੀ ਘੜੀ ਵਿਚ ਹਰ ਰੋਜ਼ ਤੇਰੇ ਇਕ ਲੱਖ ਤੋਂ ਵੱਧ ਬੰਦਿਆਂ ਦਾ ਭੋਜਨ ਲੰਗਰ ਪਕਾ ਕੇ ਭੁੱਖਿਆਂ ਦਾ ਢਿੱਡ ਭਰਨਗੇ ਤੇ ਜ਼ਖਮੀਆਂ ਬਿਮਾਰਾਂ ਦਾ ਇਲਾਜ ਕਰਨਗੇ...। ਲੋੜ ਅਨੁਸਾਰ ਜ਼ਰੂਰੀ ਵਸਤਾਂ ਸਮੱਗਰੀ ਸਪਲਾਈ ਕਰਨਗੇ। ਮੇਰੇ ਆਪਣੇ ਬਹੁਤ ਗੁਦਾਮ ਭਰੇ ਪਏ ਨੇ।’

‘ਧੰਨਵਾਦ! ਮੇਰੇ ਵੱਡੇ ਵੀਰ ਬਹੁਤ ਬਹੁਤ ਸ਼ੁਕਰੀਆ। ਪਰ ਮੈਂ ਤੁਹਾਨੂੰ ਏਨਾ ਵੱਡਾ ਕਸ਼ਟ ਨਹੀਂ ਦੇਣਾ ਚਾਹੁੰਦਾ ਕਿ ਤੁਹਾਡੇ ਲੋਕ ਏਨੀ ਦੂਰੋਂ ਤਕਲੀਫ਼ਾਂ ਕੱਟ ਕੇ ਆਉਣ ਤੇ ਇੱਧਰ ਆ ਕੇ ਉਹ ਵੀ ਦੁੱਖਾਂ ਦੇ ਮੂੰਹ ’ਚ ਪੈਣ। ਨਾਲੇ ਤੇਰਾ ਭੇਜਿਆ ਮਾਲ ਅੱਧਾ ਤਾਂ ਰਾਹ ਵਿਚ ਹੀ ਰਹਿ ਜਾਣਾ, ਰਸਤੇ ਦੇ ਟਰੱਕ ਗੱਡੀਆਂ ਨੇ ਹੀ ਖਾ ਜਾਣਾਂ। ਤੈਨੂੰ ਪਤੈ ਇਧਰਲੇ ਲੋਕ ਪੈਟਰੋਲ ਦੀਆਂ ਕੇਨੀਆਂ ਤੇ ਪੈਟਰੋਲ ਬੰਬਾਂ ਨਾਲ ਲੈਸ ਹਰ ਵਕਤ ਤਿਆਰ ਬਰ ਤਿਆਰ ਨੇ ਕੁਝ ਗਲਤ ਕਰ ਕਤਰਨ ਨੂੰ। ਪਤਾ ਨਹੀਂ, ਕਿਹੜੇ ਵੇਲੇ ਉਨ੍ਹਾਂ ਬੱਸਾਂ ਗੱਡੀਆਂ ’ਤੇ ਹਮਲਾ ਕਰਕੇ ਆਪਣੇ ਪਾਗਲਪਣ ਦਾ ਮੁਜ਼ਾਹਰਾ ਕਰ ਦੇਣੈ..।

ਮੈਂ ਇਕ ਲੱਖ ਆਦਮੀ ਤੁਹਾਡੇ ਕੋਲ ਹੀ ਭੇਜ ਦਿੰਦਾ ਹਾਂ, ਉਹਨਾਂ ਨੂੰ ਭੋਜਨ ਪਾਣੀ ਛਕਾ ਦੇਣਾ, ਪਤਾ ਨਹੀਂ ਸਾਨੂੰ ਨਵ-ਨਿਰਮਾਣ ਲਈ ਕਿੰਨੇ ਕੁ ਮਹੀਨੇ ਲੱਗ ਜਾਣੇ ਨੇ, ਉਤਨੀ ਦੇਰ ਤੁਸੀਂ ਸਾਡੇ ਭੁੱਖੇ ਬੇ-ਘਰੇ ਉੱਜੜੇ ਹੋਏ ਪਨਾਹਗੀਰਾਂ ਨੂੰ ਪਨਾਹ ਦੇ ਸਕੋ ਤਾਂ ਧੰਨਵਾਦ। ਤੁਹਾਡੀ ਹਮਦਰਦੀ ਦਾ ਬਹੁਤ ਬਹੁਤ ਸ਼ੁਕਰੀਆ।’

ਚੋਗਾ ਕੰਬ ਗਿਆ, ‘ਜੇ ਏਨੀ ਵਹੀਰ ਇਥੇ ਆ ਗਈ ਤਾਂ ਫਿਰ ਇੱਥੇ ਦਾ ਕੀ ਬਣੇਗਾ? ਇਥੇ ਧਰਤੀ ’ਤੇ ਤਾਂ ਪਹਿਲਾਂ ਹੀ ਪੈਰ ਰੱਖਣ ਨੂੰ ਥਾਂ ਨਹੀਂ ਮਿਲਦੀ। ਗਲੀਆਂ ਬਜ਼ਾਰ, ਸੜਕਾਂ ਸਭ ਤੂੜੇ ਪਏ ਨੇ ਪਰਦੇਸੀਆਂ ਨਾਲ।’ ਪੰਜਾਬੂ ਹੁਣ ਨੱਸਣ ਦੇ ਰੌਂ ਵਿਚ ਸੀ।

‘ਹੈਲੋ...ਹੈਲੋ। ’ ਉੱਚੀ-ਉੱਚੀ ਆਵਾਜ਼...।

‘ਹੈਲੋ! ਉੱਚੀ ਬੋਲੋ ਜਨਾਬ! ਤੁਹਾਡੀ ਆਵਾਜ਼ ਸੁਣਾਈ ਨਹੀਂ ਦਿੰਦੀ। ਹੈਲੋ ... ਹੈਲੋ... ਟੈਲੀਫੋਨ ਲਾਈਨ ਖਰਾਬ ਹੋ ਗਈ ਖੌਰੇ ...! ਹੈਲੋ ... ਹੈਲੋ ...!’ ਟੈਲੀਫੋਨ ਰੱਖ ਕੇ ਉਸ ਨੇ ਮੱਥੇ ’ਤੇ ਆਏ ਪਸੀਨੇ ਦੀਆਂ ਘਰਾਲ਼ਾਂ ਕੁਰਸੀ ਤੇ ਪਏ ਸਰਕਾਰੀ ਤੌਲੀਏ ਦੇ ਹਵਾਲੇ ਕਰ ਦਿੱਤੀਆਂ।

👎 👎 👎

ਮਹਿੰਗਾਈ

ਮੇਰੀ ਸੇਵਾ-ਮੁਕਤ ਪਤਨੀ ਅੱਜ ਬਜ਼ਾਰ ’ਚੋਂ ਸਮਾਨ ਖਰੀਦ ਕੇ ਵਾਪਸ ਆਈ। ਥੱਕੀ ਟੁੱਟੀ ਸਮਾਨ ਸੁੱਟ ਕੇ ਮੰਜੇ ਤੇ ਚੁਫਾਲ ਡਿੱਗ ਪਈ, ਹਉਕਾ ਜਿਹਾ ਭਰ ਕੇ।

‘ਕੀ ਗੱਲ! ਮੇਰੀ ਸਾਹਿਬਾ ?’ ਉਸ ਦੀ ਉਦਾਸ ਅਦਾ ਮੈਨੂੰ ਚਿੰਤਾਤੁਰ ਕਰ ਦਿੰਦੀ ਹੈ।

‘ਬੜੀ ਮਹਿੰਗਾਈ ਹੈ...।’ ਉਹ ਚੀਸਾਂ ਭਰੇ ਟੁਟਵੇਂ ਲਫਜ਼ਾਂ ਨਾਲ ਵਾਕ ਪੂਰਾ ਕਰਦੀ ਹੈ।

‘ਬੱਸ...?’ ਮੈਂ ਗੱਲ ਹਾਸੇ ਪਾਉਣੀ ਚਾਹੁੰਦਾ ਹਾਂ।

ਇਹਨਾਂ ਵਿਹਲੇ ਦਿਨਾਂ ਵਿਚ ਉਹ ਘਰ ਦੇ ਕੰਮਾਂ ਵਿਚ ਸਾਰਾ ਦਿਨ ਲਬਰੇਜ਼ ਰਹਿੰਦੀ ਹੈ। ਕਦੇ-ਕਦੇ ਥੱਕ ਟੁੱਟ ਕੇ ਆਪਣੇ ਆਪ ਵਿਚ ਬੁੜਬੁੜ ਕਰਦੀ ਆਪਣੇ ਆਪ ਨੂੰ ਕੋਸਦੀ ਹੈ। ਹੁਣ ਉਸ ਪਿਛੇ ਲਾਮ-ਲਸ਼ਕਰ ਨਹੀਂ ਆਉਂਦਾ। ਸਵੇਰੇ ਕੁੜੀਆਂ ਦੀ ਢਾਣੀ ਚਾਬੀਆਂ ਲੈਣ ਨਹੀਂ ਆਉਂਦੀ। ਚਪੜਾਸੀ ਗੈਸ ਸਲੰਡਰ ਜਾਂ ਕੁਝ ਹੋਰ ਕੰਮ ਕਾਜ ਬਾਰੇ ਹੁਕਮ ਲੈਣ ਨਹੀਂ ਆਉਂਦਾ। ਸਕੂਲ ਵਿਚ ਬੱਚਿਆਂ ਦੀ ਨਮਸਤੇ, ਸਤਿ ਸ੍ਰੀ ਅਕਾਲ ਦੀ ਆਵਾਜ਼ ਨੂੰ ਉਸ ਦੇ ਕੰਨ ਤਰਸਦੇ ਨੇ।

ਬੁੱਕ-ਭਰ ਤਨਖਾਹ ਤੇ ਲੱਪ-ਭਰ ਪੈਨਸ਼ਨ ਦਾ ਫਰਕ ਹੀ ਉਸ ਦੀ ਮਹਿੰਗਾਈ ਦੀ ਰੜਕ ਦਾ ਕਾਰਨ ਬਣਦਾ ਹੈ। ਸਮਾਨ ਤਾਂ ਪਹਿਲਾਂ ਵੀ ਉਹੀ ਲਿਆਉਂਦੀ ਸੀ, ਪਰ ਉਸ ਨੇ ਕਦੇ ਇਸ ਮਹਿੰਗਾਈ ਲਈ ਆਹ ਨਹੀਂ ਭਰੀ ਸੀ।

'ਐਵੇਂ ਪੰਗਾ ਪਾ ਲਿਆ ਆਪੇ, ਪਹਿਲਾਂ ਸੇਵਾ ਮੁਕਤੀ ਲੈ ਕੇ, ਮੈਂ ਕਿਹਾ ਕੁਝ ਅਰਾਮ ਮਿਲੇਗਾ, ਪਰ ਹੁਣ ਉਹ ਵੀ ਗਿਆ। ਪਹਿਲਾਂ ਘਰ ਦੇ ਝਮੇਲਿਆਂ ਤੋਂ ਛੁਟਕਾਰਾ ਪਾਉਣ ਲਈ ਦੋ ਪਲ ਸਰਕਾਰੀ ਕੁਰਸੀ 'ਤੇ ਬੈਠ ਕੇ ਸਕੂਨ ਮਿਲਦਾ ਸੀ, ਹੁਣ ਉਹ ਵੀ ਖਤਮ!'

'ਅਕਸਰ ਤਾਂ ਇਹ ਦਿਨ ਆਉਣੇ ਹੀ ਸਨ, ਅੱਜ ਨਹੀਂ ਤਾਂ ਕੱਲ੍ਹ। ਇਸ ਵਿਚ ਪਛਤਾਉਣ ਵਾਲੀ ਜਾਂ ਘਬਰਾਉਣ ਵਾਲੀ ਕੋਈ ਗੱਲ ਨਹੀ।' ਮੈਂ ਉਸ ਨੂੰ ਵਰਚਾਉਣ ਦੀ ਕੋਸ਼ਿਸ਼ ਕਰਦਾ ਹਾਂ।

'ਉਠੋ। ਆਰਾਮ ਨਾਲ ਬੈਠੋ...ਮੈਂ ਚਾਹ ਬਣਾਉਂਦਾ ਹਾਂ।'

'ਚਾਹ! ਤੇ ਤੁਸੀਂ ਬਣਾਓਗੇ...?' ਉਹ ਹੈਰਾਨ ਹੋ ਜਾਂਦੀ ਹੈ।

ਉਸ ਦੇ ਸ਼ਬਦਾਂ ਵਿਚ ਗਿਲਾਨੀ ਹੈ। ਮੇਰੇ ਹੱਥੋਂ ਚਾਹ ਦਾ ਕੱਪ ਫੜ ਕੇ ਉਹ ਉੱਠਦੀ ਹੈ, ਜਿਵੇਂ ਉਸ ਦੇ ਸਾਰੇ ਦੁੱਖ ਦੂਰ ਹੋ ਗਏ ਹੋਣ...। ਮੈਂ ਉਸ ਨੂੰ ਉਸ ਦੀ ਮਾਨਸਿਕ ਤਾਰਕਸ਼ੀ ਚੋਂ ਕੱਢਣ ਦੇ ਯਤਨਾਂ ਵਿਚ ਸਾਂ।

'ਮਹਿੰਗਾਈ ਹੱਦ ਕਰ ਗਈ ਖ਼ਸਮਾਂ ਖਾਣੀ...।' ਉਹ ਫਿਰ ਦੁਹਰਾਉਂਦੀ ਹੈ।

'ਸਸਤਾ ਕੀ ਹੈ...?' ਮੈਂ ਉਸ ਦੀ ਗੱਲ ਬੋਚਦਾ ਹਾਂ।

'ਸਸਤੀ ਹੈ ਲੜਾਈ, ਸਸਤੀ ਹੈ ਪਰੇਸ਼ਾਨੀ, ਜਿੰਨੀ ਮਰਜ਼ੀ ਲੈ ਲਉ...।' ਉਸ ਨੇ ਫਿਰ ਆਪਣੇ ਅੰਦਰਲੀ ਭੜਾਸ ਕੱਢੀ। ਉਹ ਪਰੇਸ਼ਾਨ ਹੈ...ਸ਼ਾਇਦ ਆਪਣੇ ਇਕੱਲੇ-ਪਨ ਤੋਂ, ਨੂੰਹਾਂ ਤੋਂ ਜਾਂ ਪੁੱਤ ਪੋਤਰਿਆਂ ਤੋਂ, ਤੇ ਜਾਂ ਫਿਰ ਮੇਰੇ ਜਿਹੀ ਮੂੰਹ ਜ਼ੋਰ ਮਹਿੰਗਾਈ ਤੋਂ।

'ਚਿੰਤਾ ਨਾ ਕਰ ਮੇਰੀ ਜਾਨ...। ਸਭ ਠੀਕ ਹੋ ਜਾਏਗਾ... ਕੁਝ ਹੋਰ ਵੀ ਸਸਤਾ ਹੈ ਦੁਨੀਆ ਵਿਚ...ਬਹੁਤ ਸਸਤਾ...।' ਮੈਂ ਉਸ ਦੇ ਮਨੋਵੇਗ ਦਾ ਰਸਤਾ ਕੱਟਦਾ ਹਾਂ।

'ਕੀ ਕਿਹਾ...?' ਉਹ ਮੱਥੇ 'ਤੇ ਰੱਸੇ ਲਟਕਾਈ ਫਿਰ ਘੂਰਦੀ ਹੈ।

'ਸਸਤਾ ਹੈ ਪਿਆਰ! ਮੇਰੀ ਜਾਨ! ਸਭ ਨੂੰ ਸਮਝਾਊ...। ਤੂੰ ਮੈਨੂੰ ਕਰ ਲੈ...ਮੈਂ ਤੈਨੂੰ ਕਰਾਂਗਾ...ਮੁਫ਼ਤ...ਬਿਲਕੁਲ ਮੁਫ਼ਤ...।'

ਉਹ ਮੁਸਕਰਾ ਕੇ ਚਾਹ ਦਾ ਕੱਪ ਮੂੰਹ ਨੂੰ ਲਗਾ ਲੈਂਦੀ ਹੈ।

👎 👎 👎

## ਖਾਲੀ ਪੀਰਡ

ਵੱਡੇ ਮਾਸਟਰ ਜੀ ਠੀਕ ਨੌਂ ਵਜੇ ਸਕੂਲ ਦੇ ਅਹਾਤੇ ਵਿਚ ਦਾਖਲ ਹੋਏ। ਘੜੀ ਵੇਖੀ, ਠੀਕ ਹੀ ਤਾਂ ਸੀ, ਉਹ ਬਿਲਕੁਲ ਠੀਕ ਟਾਈਮ 'ਤੇ ਸੀ। ਪਰ ਸਟਾਫ ਦਾ ਕੋਈ ਵੀ ਹੋਰ ਮੈਂਬਰ ਅਜੇ ਤੱਕ ਨਹੀ ਸੀ ਦਿਸਿਆ, ਜਦ ਕਿ ਪਹਿਲਾ ਪੀਰੀਅਡ ਸਵਾ ਨੌਂ ਵਜੇ ਸ਼ੁਰੂ ਹੋ ਜਾਂਦਾ ਹੈ।

'ਫਸਣਗੇ ਸਾਰੇ ਅੱਜ!' ਚੌਕੀਦਾਰ ਨੇ ਹੈੱਡਮਾਸਟਰ ਜੀ ਦੀ ਘੜੀ ਵੱਲ ਘੋਖਵੀਂ ਦੇਖਣੀ ਤੋਂ ਉਹਨਾਂ ਦੇ ਅਗੇਰੇ ਆਉਣ ਦੀ ਨੀਯਤ ਭਾਂਪ ਲਈ।

'ਮਾਸਟਰ ਵੀ ਚੰਗੇ, ਅੱਵਲ ਤਾਂ ਸਮੇਂ ਸਿਰ ਆਉਂਦੇ ਹੀ ਨਹੀਂ, ਤੇ ਜੇ ਭੁੱਲੇ ਚੁੱਕੇ ਆ ਵੀ ਜਾਣ ਤਾਂ ਬਾਹਰ ਢਾਣੀਆਂ ਬੰਨ੍ਹੀ ਹਿੜਹਿੜ ਹੀ ਹੀ ਕਰੀ ਜਾਂਦੇ ਨੇ, ਕਦੇ ਹੈੱਡ ਨੂੰ ਧਰ ਲਿਆ, ਕਦੇ ਪ੍ਰਧਾਨ ਨੂੰ ਤੇ ਕਦੇ ਸਿਆਸੀ ਤਿਗੜਮਬਾਜ਼ੀ...।'

ਅਖ਼ਬਾਰ ਫੜ ਬੜੇ ਸਾਹਿਬ ਪੌੜੀਆਂ ਚੜ੍ਹ ਉਪਰ ਜਾ ਬੈਠੇ, ਜਿਥੋਂ ਉਹ ਹਰ ਆਏ ਗਏ ਨੂੰ ਤਾੜ ਸਕਦੇ ਸਨ, ਪਰ ਉਹਨਾਂ ਨੂੰ ਕੋਈ ਨਹੀਂ ਸੀ ਦੇਖ ਸਕਦਾ। ਉਹ ਪੇਪਰ ਦੇ ਪੰਨੇ ਪਲਟਣ ਲੱਗੇ। ਮੋਟੀਆਂ ਸੁਰਖ਼ੀਆਂ ਦੀ ਪਗਡੰਡੀ ਹੁੰਦੇ ਹੋਏ ਉਹ ਮੈਟਰੀਮਾਨੀਅਲ ਵਾਲੇ ਸਫ਼ੇ 'ਤੇ ਪਹੁੰਚੇ। ਉਹਨਾਂ ਦੀ ਨਜ਼ਰ ਇਥੇ ਹੀ ਕੇਂਦਰਤ ਹੋ ਗਈ, ਸਮਾ ਖੜ੍ਹ ਗਿਆ।

'ਤੀਹ ਸਾਲਾ ਡਾਈਵੋਰਸ ਲੜਕੀ ਲਈ ਚਾਲੀ ਸਾਲਾ ਸੁੰਦਰ ਸੁਡੌਲ ਵਰ ਦੀ ਲੋੜ...।'

'ਠੀਕ ਹੈ...ਠੀਕ ਹੈ...ਚਲੇ ਗਾ...।' ਉਸ ਦੀ ਬਿਰਤੀ ਉਥੇ ਹੀ ਜੰਮ ਗਈ। ਸਕੂਲ, ਆਸਾ ਪਾਸਾ ਸਭ ਭੁੱਲ ਗਿਆ ਉਸ ਨੂੰ। ਉਸ ਦੀ ਲੋੜ ਤੇ ਉਸ ਦੀ ਊਣਤਾਈ ਅੱਜ ਉਸ ਦੀਆਂ ਲੱਤਾਂ ਜਕੜ ਬੈਠੀ। ਉਹ ਆਪਣਾ ਆਸ਼ਾ ਭੁੱਲ ਗਿਆ।

ਘੰਟੀ ਵੱਜੀ! ਉਸ ਨੇ ਫਿਰ ਘੜੀ ਵੱਲ ਨਿਗਾਹ ਸੁੱਟੀ...। ਪਹਿਲਾ ਪੀਰੀਅਡ ਖ਼ਤਮ ਹੋ ਚੁੱਕਾ ਸੀ।

'ਟੈਲੀਫੋਨ! ...ਨਹੀਂ...ਮੋਬਾਈਲ...।' ਮੋਬਾਈਲ ਟੋਂਹਦੇ ਉਸ ਨੇ ਪਾਸੇ ਨਜ਼ਰਾਂ ਘੁਮਾਈਆਂ। ਪਰੇ ਬਗੀਚੇ ਵਿਚ ਇਕ ਮਾਸਟਰ ਤੇ ਮਾਸਟਰਨੀ ਗੱਪ-ਸ਼ੱਪ ਲਗਾ ਰਹੇ ਸਨ। ਉਹਨਾਂ ਦੀਆਂ ਖਾਲੀ ਕਲਾਸਾਂ ਦੇ ਬੱਚੇ ਕਾਂਵਾਂ ਰੌਲ਼ੀ ਮਚਾ ਰਹੇ ਸਨ।

'ਵੇਖਿਆ! ਫੜੇ ਗਏ ਅੱਜ! ਅੱਗੇ ਹਰ ਰੋਜ਼ ਇਹੀ ਦੂਸਰਿਆਂ ਦੀਆਂ ਲੂਤੀਆਂ ਲਗਾਉਂਦੇ ਸਨ।' ਉਸ ਨੇ ਕਚੀਚੀ ਜਿਹੀ ਵੱਟੀ।

'ਹੁਣੇ ਜਵਾਬ-ਤਲਬੀ ਕਰਾਂਗਾ ਇਹਨਾਂ ਦੀ। ਕਹਾਂਗਾ, 'ਮਾਸਟਰ ਜੀ! ਪੰਕਚੁਐਲਿਟੀ ਸਿਰਫ਼ ਸਕੂਲੇ ਸਮੇਂ ਸਿਰ ਦਾਖਲ ਹੋਣ ਤੱਕ ਹੀ ਸੀਮਤ ਨਹੀਂ, ਸਗੋਂ ਆਪਣੀ-ਆਪਣੀ ਘੰਟੀ ਵੀ ਸਮੇਂ ਸਿਰ ਲੈਣੀ ਬਣਦੀ ਹੈ।' ਉਸ ਦੇ ਅੰਦਰਲਾ ਉਸ ਦਾ ਵਡਾਰੂ ਪਨ ਬਾਹਰ ਉੱਤਰ ਆਇਆ ਪਰ ਛੇਤੀ ਹੀ ਉਸ ਨੇ ਜੇਬ ਚੋਂ ਮੋਬਾਈਲ ਕੱਢਿਆ ਤੇ ਸਿਰਲੇਖ ਵਾਰ ਇਸ਼ਤਿਹਾਰ ਦੇ ਦਿੱਤੇ ਨੰਬਰ ਡਾਇਲ ਕਰਨ ਲੱਗਾ। 'ਲਾਈਨ ਬਿਜ਼ੀ' ਦੀ ਆਵਾਜ਼ ਬਾਰ ਬਾਰ! ਉਸ ਦੇ ਮਨ ਨੂੰ ਬੇਸਬਰਾ ਕਰਨ ਲੱਗੀ।

'ਸਰ ਆਪ ਕਾ ਪੀਰਡ!' ਅੱਠਵੀਂ ਕਲਾਸ ਦੇ ਬੱਚਿਆਂ ਨੇ ਉਸ ਦੇ ਮਨਸੂਬੇ ਕੁ ਪਾਸੇ ਮੋੜ ਦਿੱਤੇ।

ਉਸ ਘੜੀ ਵੇਖੀ, ਅੱਧਾ ਪੀਰੀਅਡ ਲੰਘ ਚੁੱਕਾ ਸੀ।

'ਜਾਉ ਬੇਟੇ...ਨਿਚਲੇ ਰਾਮ ਨੂੰ ਕਹੋ, ਮੇਰਾ ਪੀਰੀਅਡ ਲੈ ਲਵੇ।' ਬੱਚੇ ਥੋੜ੍ਹੀ ਦੂਰ ਜਾ ਕੇ ਫਿਰ ਵਾਪਸ ਆ ਗਏ...।

'ਤੇ ਸਰ! ਉਹਨਾਂ ਦਾ ਪੀਰੀਅਡ ਕੌਣ ਲਉ?'

'ਉਹਨਾਂ ਦਾ ਪੀਰੀਅਡ ਲਊ...ਆਪੇ ਉਪਰ ਵਾਲਾ।' ਉਸ ਦੀ ਜ਼ਬਾਨ ਵਿੱਚ ਤਲਖ਼ੀ ਉੱਤਰ ਆਈ ਪਰ ਜਲਦੀ ਹੀ ਸੰਭਲ ਗਿਆ ਤੇ ਉਸ ਨੇ ਆਪਣੇ ਪਹਿਲੇ ਸ਼ਬਦ ਬਦਲ ਦਿੱਤੇ।

'ਨਹੀਂ-ਨਹੀਂ...ਬੇਟੇ...ਠਹਿਰੋ! ਸਾਰੇ ਬੱਚਿਆਂ ਨੂੰ ਕਹੋ, 'ਮਾਈ ਟੀਚਰ' ਦਾ ਲੇਖ ਲਿਖਣ, ਮੈਂ ਅਗਲੇ ਪੀਰੀਅਡ ਦੇਖਾਂਗਾ।

👎 👎 👎

## ਲੰਗਰ

ਬਾਥਰੂਮ ਦਾ ਦਰਵਾਜ਼ਾ ਜੋਰ ਦੀ ਖੜਕਣ ਨਾਲ ਮੇਰੀ ਜੰਗਲ ਪਾਣੀ ਦੀ ਇਕ-ਸੁਰਤਾ ਬਿਰਤੀ ਭੰਗ ਹੋ ਗਈ।

'ਏ ਜੀ...ਅੰਦਰ ਕਿਵੇਂ ਪਸੱਕਾ ਮਾਰ ਕੇ ਬੈਠ ਗਏ ਜੇ, ਬਾਹਰ ਦਾ ਵੀ ਖਿਆਲ ਰੱਖਿਆ ਕਰੋ।'

ਮੈਂ ਬੇਗਮ ਦੀ ਉੱਚੀ ਝਿੜਕ ਤੋਂ ਡਰਦਾ ਅੱਧ ਵਿਚਾਲੇ ਹੀ ਬਾਹਰ ਨਿਕਲਦਾ ਹਾਂ।

'ਕੀ ਹੋਇਐ?' ਮੈਂ ਉਸ ਦੇ ਅਚਨਚੇਤੀ ਦਬਕੇ ਤੋਂ ਘਬਰਾ ਗਿਆ।

'ਬਾਹਰ...ਬੱਚੇ ਖੜੇ, ਨੇ...।' ਏਦਾਂ ਬੱਚਿਆਂ ਦੀ ਰੋਜ਼-ਰੋਜ਼ ਦੀ ਆਵਾਜਾਈ ਤੋਂ ਉਸ ਦੀ ਪਰੇਸ਼ਾਨੀ ਬੋਲ ਰਹੀ ਸੀ।

'ਨਮਸਕਾਰ! ਮਾਸਟਰ ਜੀ...ਨਮਸਤੇ...ਜੈ ਹਿੰਦ...ਸਤਿ ਸ੍ਰੀ ਅਕਾਲ!' ਕਿੰਨੀਆਂ ਛੋਟੀਆਂ ਵੱਡੀਆਂ ਆਵਾਜ਼ਾਂ ਗੇਟ 'ਤੇ ਮੇਰਾ ਸਵਾਗਤ ਕਰਦੀਆਂ ਹਨ।

'ਨਮਸਕਾਰ! ਜੈ ਹਿੰਦ।' ਕਿੰਨੀਆਂ ਆਵਾਜ਼ਾਂ ਦਾ ਇਕੋ ਜੁਆਬ ਦਿੰਦਾ, ਮੈਂ ਆਪਣੇ ਗੁੱਸੇ ਜਿਹੇ ਦਾ ਪ੍ਰਗਟਾਵਾ ਕਰਦਾ ਹਾਂ।

'ਅੱਜ ਛੁੱਟੀ ਹੈ....ਮਾਸਟਰ ਜੀ ?' ਇਕ ਲੀਡਰ ਨੁਮਾ ਬੱਚੇ ਨੇ ਹੌਸਲਾ ਕਰਕੇ ਅੱਗੇ ਪੈਰ ਧਰਦੇ ਪੁੱਛ ਮਾਰੀ।

'ਨਹੀ ਤਾਂ...ਕਾਹਦੀ ਛੁੱਟੀ...?' ਮੈਂ ਵੀ ਸ਼ਸ਼ੋਪੰਜ ਜਿਹੇ 'ਚ ਪੈ ਜਾਂਦਾ ਹਾਂ।

'ਜੀ ਸਪਾਟ ਮਰ ਗਿਆ ਹੈ।'

'ਸਪਾਟ ? ਕੌਣ ਸਪਾਟ ? ਹੋਵੇਗਾ, ਪਰ ਛੁੱਟੀ ਕਾਹਦੀ?'

'ਕਮਾਲ ਹੈ ਮਾਸਟਰ ਜੀ! ਤੁਹਾਨੂੰ ਬੁਸ਼ ਦੇ ਸਪਾਟ ਦਾ ਪਤਾ ਨਹੀਂ? ਉਹ ਮਰ ਗਿਆ ਹੈ...ਅੱਜ ਤਾਂ ਜ਼ਰੂਰ ਛੁੱਟੀ ਹੋਵੇਗੀ।' ਬੱਚਾ ਆਪਣੀ ਅੜੀ ਤੇ ਬਜ਼ਿਦ ਸੀ।

'ਨਹੀਂ ਬੇਟੇ...ਇਸ ਤਰ੍ਹਾਂ ਹਰ ਰੋਜ਼ ਬੰਦੇ ਮਰਦੇ ਰਹਿੰਦੇ ਨੇ। ਇਸ ਤਰਾਂ ਛੁੱਟੀ ਨਹੀਂ ਹੁੰਦੀ, ਛੁੱਟੀ ਤਾਂ ਹੁੰਦੀ ਹੈ ਜੇ ਕੋਈ ਵੱਡਾ ਲੀਡਰ ਜਾਂ ਮਹਾਪੁਰਖ ਮਰੇ...ਤਾਂ...।'

'ਮਾਸਟਰ ਜੀ...ਉਸ ਦਿਨ ਸਦਾਮ ਫੜਿਆ ਗਿਆ ਤਾਂ ਤੁਸੀਂ ਕਿਹਾ ਸੀ...ਫੜੇ ਗਏ ਤੋਂ ਨਹੀਂ...ਮਰ ਗਏ ਤੋਂ ਛੁੱਟੀ ਹੁੰਦੀ ਹੈ।'

'ਜਾਉ ਬੇਟੇ ਜਾਉ...ਸਕੂਲ ਜਾਉ... ਮੈਂ ਵੀ ਆ ਰਿਹਾ ਹਾਂ। ਬਾਕੀ ਜੇ ਹੋਊ ਤਾਂ ਸਕੂਲੇ ਜਾ ਕੇ ਪਤਾ ਲੱਗ ਜਾਉ। ਅਖ਼ਬਾਰ ਰੇਡੀਓ ਦੇਖਾਂ ਸੁਣਾਂਗੇ ਤਾਂ ਫਿਰ ਕੁਝ ਕਹਾਂਗਾ...ਜਾਉ...ਸ਼ਾਬਾਸ਼।'

ਮੈਂ ਉਹਨਾਂ ਨੂੰ ਟਾਲ ਕੇ ਅਤਿਅੰਤ ਚਿਤ ਮਣੀ ਵਿਚ ਸਾਂ। ਕਿਸ ਤਰਾਂ ਇਹ ਸਕੂਲੋਂ ਖਿਸਕਣ ਦਾ, ਗੈਰਹਾਜ਼ਰ ਹੋਣ ਦਾ ਬਹਾਨਾ ਭਾਲਦੇ ਨੇ, ਜਾ ਰੱਬ ਸੱਚਿਆ ਸਕੂਲ ਛੁੱਟੀ ਹੀ ਰਹੇ। ਕਿਸ ਤਰ੍ਹਾਂ ਪਾਈ ਜਾਵੇ ਇਹਨਾਂ ਦੇ ਮਨ ਵਿੱਚ ਪੜ੍ਹਨ ਦੀ ਚੇਟਕ ਤੇ ਲਗਨ। ਮੇਰੇ ਮਨ ਵਿਚ ਖਲਬਲੀ ਜਿਹੀ ਮੱਚ ਜਾਂਦੀ ਹੈ। ਹਾਲਾਂਕਿ ਮੈਂ ਵੀ ਚਾਹੁੰਦਾ ਹਾਂ ਸੱਚੀਂ ਮੁੱਚੀਂ ਛੁੱਟੀ ਹੋ ਜਾਏ ਤਾਂ ਕਬੀਲਦਾਰੀ ਦੇ ਰਹਿੰਦੇ ਇਕ ਦੋ ਕੰਮ ਅੱਜ ਨਜਿੱਠ ਲਵਾਂ।

'ਅਖ਼ਬਾਰ ਆਈ ਹੈ...ਮਾਸਟਰ ਜੀ... ਬੁਸ਼ ਨੇ ਉਸ ਦਾ ਬਹੁਤ ਸੋਗ ਮਨਾਇਆ ਹੈ। ਇਕ ਹਫਤਾ ਉਸ ਦਾ ਸੋਗ ਹੋਣਾ ਹੈ। ਤੁਹਾਨੂੰ ਪਤਾ ਨੀਂ ਮਾਸਟਰ ਜੀ? ਉਹ ਉਸ ਦਾ ਬੜਾ ਹੀ ਪਿਆਰਾ ਪਾਲਤੂ ਕੁੱਤਾ ਸੀ, ਜਿਸ ਦੀ ਰਖਵਾਲੀ ਤੇ ਸਿਹਤ ਸੰਭਾਲ ਤੇ ਲੱਖਾਂ ਕਰੋੜਾਂ ਰੁਪੇ ਖਰਚ ਹੁੰਦਾ ਸੀ। ਮੇਰੇ ਭਾਪੇ ਨੇ ਅਖ਼ਬਾਰ ਪੜ੍ਹੀ ਹੈ।'

'ਪਰ ਬੱਚਿਓ! ਤੁਹਾਨੂੰ ਛੁੱਟੀ ਦੀ ਕੀ ਲੋੜ ? ਤੁਹਾਨੂੰ ਸਕੂਲੋਂ ਡਰ ਕਿਉਂ ਲਗਦਾ?'

'ਨਹੀਂ ਮਾਸਟਰ ਜੀ! ਡਰ ਨਹੀਂ ਲਗਦਾ, ਅੱਜ ਸਾਡੇ ਮਹੱਲੇ ਲੰਗਰ ਲੱਗਣੈਂ?' ਉਹ ਆਪਣੇ ਢਿੱਡਾਂ ਤੇ ਪਲਮਦੇ ਬਸਤੇ ਖਿਸਕਾਉਂਦੇ ਇਕੋ ਆਵਾਜ਼ ਵਿਚ ਬੋਲੇ।

'ਹਾਂ ਹੁਣ ਆਈ ਸਮਝ... ਨਹੀ ਬੇਟੇ ਜਾਉ...ਅੱਜ ਸਕੂਲ ਲੱਗੇਗਾ, ਜ਼ਰੂਰ ਲੱਗੇਗਾ, ਅੱਜ ਛੁੱਟੀ ਨਹੀਂ, ਅੱਜ ਸਕੂਲੇ ਵੀ ਤੁਹਾਨੂੰ ਦਲ਼ੀਆ ਮਿਲੇਗਾ।' ਮੈਂ ਵਕੀਲਾਂ ਦੀ ਬਹਿਸ ਸੁਣਨ ਤੋਂ ਬਾਅਦ ਜੱਜ ਵਾਂਗ ਆਪਣਾ ਫੈਸਲਾ ਦੇ ਦਿੰਦਾ ਹਾਂ। ਉਹ ਹਾਰੀ ਹੋਈ ਧਿਰ ਵਾਂਗ ਸਿਰ ਸੁੱਟ ਕੇ ਨਿਰਾਸ਼ ਹੋ ਕੇ ਤੁਰ ਜਾਂਦੇ ਹਨ।

'ਪਰ ਮਾਸਟਰ ਜੀ! ਦਲ਼ੀਏ ਵਿਚੋਂ ਤਾਂ ਕੀੜੇ ਨਿਕਲਦੇ ਨੇ...।' ਉਨ੍ਹਾਂ ਨੇ ਪਰੇ ਜਾ ਕੇ ਵਾਪਸ ਮੁੜ ਕੇ ਫਿਰ ਨਜ਼ਰ-ਸਾਨੀ ਕਰਕੇ ਮੇਰੀ ਜ਼ਬਾਨ ਸੁੰਨ ਕਰ ਦਿੱਤੀ।

'ਜਾਉ ਬੇਟੇ ਜਾਉ! ਪਰ ਲੰਗਰ ਛਕਣ ਜਾਣ ਤੋਂ ਪਹਿਲਾਂ ਸਕੂਲੇ ਹਾਜ਼ਰੀ ਜ਼ਰੂਰ ਲਗਵਾ ਜਾਣਾ।'

ਭਾਰੇ ਜਿਹੇ ਬੋਝਲ ਮਨ ਨਾਲ ਮੈਥੋਂ ਕਹਿ ਹੋ ਗਿਆ।

👎 👎 👎

## ਦੁੱਧ ਦਾ ਕਟੋਰਾ

ਇਕ ਡਾਕੂ ਕਿਸੇ ਸਾਧੂ ਦੇ ਡੇਰੇ ਜਾ ਵੜੇ।
ਤਰਸ਼ੂਲ ਉਸ ਦੀ ਹਿੱਕ 'ਤੇ ਰੱਖ ਕੇ ਗੜ੍ਹਕਿਆ।

'ਕੱਢ ਦੇ ਸਾਧਾ! ਜੋ ਹੈ ਤੇਰੇ ਕੋਲ! ਨਹੀਂ ਤਾਂ ਤੇਰੀਆਂ ਆਂਦਰਾਂ ਹੁਣੇ ਬਾਹਰ ਕੱਢ ਕੇ ਤੇਰਾ ਮਲੀਆਂ ਮੇਟ ਕਰ ਦਿਆਂਗਾ ਮੈਂ।'

'ਠਹਿਰ ਬੱਚਾ। ਠਹਿਰ! ਇਸ ਨੂੰ ਪਿੱਛੇ ਕਰ ਲੈ, ਇਹ ਲੈ ਚਾਬੀ, ਤੈਨੂੰ ਜੋ ਚਾਹੀਦਾ, ਅੰਦਰੋਂ ਲੈ-ਲੈ ਪੰਡਾਂ ਬੰਨ੍ਹ ਲੈ।'

ਡਾਕੂ ਬਹੁਤ ਖੁਸ਼ ਹੋਇਆ...ਉਸ ਨੇ ਸਭ ਕੁਝ ਲੀੜਾ ਕੱਪੜਾ, ਨਕਦ ਨਾਂਵਾਂ, ਜ਼ੇਵਰ ਜੋ ਹੱਥ ਲੱਗਾ, ਪੰਡ ਬੰਨ੍ਹ ਲਈ।

'ਤੇ ਸੁਣ ਬੇਟਾ ...! ਇਹ ਕਿਸ ਲਈ ਲਿਜਾਏਂਗਾ? ਕਿਸ ਨੂੰ ਦੇਵੇਂਗਾ ਇਹ ਪਾਪਾਂ ਭਰੀ ਗਠੜੀ?'

'ਇਹ ਪਾਪਾਂ ਭਰੀ ਨਹੀਂ! ਇਹ ਮੇਰੀ ਦਸਾਂ ਨਹੁੰਆਂ ਦੀ ਕਿਰਤ ਹੈ। ਇਸ ਨਾਲ ਮੈਂ ਆਪਣੀ ਘਰ ਵਾਲੀ ਤੇ ਬੱਚਿਆਂ ਨੂੰ ਖੁਸ਼ ਕਰਾਂਗਾ। ਉਹਨਾਂ ਦਾ ਭਵਿਖ ਸੁਨਹਿਰੀ ਬਣਾ ਦਿਆਂਗਾ।'

'ਪਰ ਬੱਚਾ! ਤੂੰ ਇਹਨਾਂ ਜ਼ੁਲਮਾਂ ਚੋਰੀਆਂ ਡਾਕਿਆਂ ਨਾਲ ਉਹਨਾਂ ਦਾ ਅੱਗਾ ਸੁਨਹਿਰੀ ਬਣਾਉਣ ਲਈ ਆਪ ਸਿਰ 'ਤੇ ਪਾਪਾਂ ਦੀ ਜੋ ਭਾਰੀ ਪੰਡ ਚੁੱਕ ਰਿਹੈਂ, ਇਹ ਉਹਨਾਂ ਨਹੀ ਵੰਡਾਉਣੇ। ਉਹ ਤੇਰੇ ਝੂਠੇ ਰਿਸ਼ਤੇ ਹਨ।' ਡਾਕੂ ਦੇ ਹੱਥ ਕੁਝ ਢਿੱਲੇ ਪੈ ਗਏ। ਉਸ ਦੀਆਂ ਨਜ਼ਰਾਂ ਨੀਵੀਂਆਂ ਹੋ ਗਈਆਂ, ਗੱਲ ਦਿਮਾਗ ਦੇ ਅੰਦਰਲੇ ਖਾਨੇ ਤੱਕ ਪਹੁੰਚ ਗਈ।

'ਨਹੀਂ! ਸਾਧਾ ਮੈਨੂੰ ਅਜਿਹੀਆਂ ਫਲਾਉਣੀਆਂ ਦੇ ਕੇ ਮੇਰੇ ਰਸਤੇ ਚੋਂ ਮੈਨੂੰ ਭਟਕਾ ਨਹੀਂ ਸਕਦਾ ਤੂੰ।' ਉਸ ਦਾ ਕੁੱਤਪੁਣਾ ਫੇਰ ਉਸ ਦੀਆਂ ਨਜ਼ਰਾਂ ਚੋਂ ਰੜਕਣ ਲੱਗਾ।

'ਚੰਗਾ ਫਿਰ ਲੈ ਜਾਹ ਸਭ ਕੁਝ! ਪਰ ਇਕ ਕੌਤਕ ਕਰ ਕੇ ਵੇਖ ... ਅੱਜ ਤੈਨੂੰ ਮੈਂ ਨਜ਼ਾਰਾ ਦਿਖਾਵਾਂਗਾ।'

'ਕੀ ਸਾਧ ਜੀ ? ਕਿਵੇਂ ?' ਉਹ ਕੁਝ-ਕੁਝ ਪਿਘਲਿਆ।

'ਜਾ ਕੇ ਪੰਡ ਖੋਲ੍ਹ ਦੇਵੀ, ਫਿਰ ਦਰਦ ਨਾਲ ਕਰਾਹਵੀਂ ਤੇ ਫੇਰ ਮਰਨ ਦਾ ਢਕਵੰਜ ਰਚਾਈਂ। ਫੇਰ ਸਭ ਕੁਝ ਤੈਨੂੰ ਪ੍ਰਤੱਖ ਮਿਲ ਜਾਏਗਾ ਪ੍ਰਮਾਣ।

ਪੰਡ ਵੇਖ ਕੇ ਸਾਰਾ ਟੱਬਰ ਬੜਾ ਪ੍ਰਸੰਨ ਹੋਇਆ। ਉਸਦੇ ਅੱਗੇ ਪਿੱਛੇ ਫਿਰਨ ਲੱਗੇ। ਤੀਵੀਂ ਨੇ ਸਮਾਨ ਅੰਦਰ ਸਬਾਤ ਵਿਚ ਜਾ ਲਕੋਇਆ।

ਉਸ ਨੂੰ ਦਰਦ ਹੋਈ, ਉਹ ਚਿਲਾਇਆ, ਤੇ ਫੇਰ ਨਿੱਸਲ ਪੈ ਗਿਆ ਸਾਹ-ਸੱਤ ਰੋਕ ਕੇ...।

'ਹਾਏ ਮਰ ਗਿਆ ਵਿਚਾਰਾ! ਮੇਰਾ ਸਾਈਂ! ਦੌੜੋ ਵੇ ਮੁੰਡਿਓ ਕੁੜੀਓ ...।'

ਉਸ ਦੀ ਪਤਨੀ ਨੇ ਇਕ ਲੇਰ ਮਾਰੀ। ਮੁੰਡੇ ਕੁੜੀਆਂ, ਆਂਢੀ-ਗਵਾਂਢੀ ਇਕੱਠੇ ਹੋ ਕੇ ਰੋਣ ਪਿੱਟਣ ਲੱਗੇ।

'ਹਾਏ ਰੱਬਾ। ਹਾਏ ਮੇਰੇ ਸਿਰ ਦੇ ਸਾਈਆਂ ਤੂੰ ਨਾਂ ਮਰਦਾ ... ਵੇ ਮੈਂ ਮਰ ਜਾਂਦੀ ... ਵੇ ਤੇਰੀ ਆਈ ਮੈਨੂੰ ਆ ਜਾਏ।' ਉਸ ਦੀ ਪਤਨੀ ਵਿਲਕ-ਵਿਲਕ ਕੇ ਅਸਮਾਨ ਹਿਲਾ ਰਹੀ ਸੀ।

'ਵੈਦ ਹਕੀਮ, ਵੈਦ ਹਕੀਮ...।' ਬਾਹਰੋਂ ਹੋਕਾ ਆਇਆ। ਸਾਧ ਪਹੁੰਚ ਗਿਆ।

'ਆਉ ਸਾਧੂ ਜੀ! ਵੈਦ ਜੀ! ਇਹਨਾਂ ਨੂੰ ਮੋੜ ਦਿਉ ... ਇਕ ਵੇਰਾਂ ... ਇਹਨਾਂ ਨੂੰ ਜ਼ਿੰਦਾ ਕਰ ਦਿਉ ...।'

'ਮਾਤਾ ਜੀ, ਬੀਬੀ ਜੀ! ਇਹ ਜ਼ਿੰਦਾ ਨਹੀ ਹੋ ਸਕਦਾ। ਇਹ ਉਪਰ ਵਾਲੇ ਦੀ ਕਰਾਮਾਤ ਹੈ, ਹਮ ਇਸ ਮੇਂ ਦਖਲ ਨਹੀ ਦੇ ਸਕਤੇ।'

'ਜਿਵੇਂ ਵੀ ਹੈ ਕਰੋ ਮਹਾਰਾਜ!'

'ਹਾਂ ਤੇ ਫਿਰ ਏਕ ਦੁੱਧ ਕਾ ਕਟੋਰਾ ਲਾਉ।'

'ਲਉ ਮਹਾਰਾਜ!' ਸਾਰੇ ਉਤਸੁਕਤਾ ਨਾਲ ਆਚੰਭਿਤ ਹੋ ਰਹੇ ਸਨ। ਦੁੱਧ ਦਾ ਕਟੋਰਾ ਆ ਗਿਆ।

'ਕਿਸ ਕੋ ਜ਼ਿਆਦਾ ਪਿਆਰਾ ਹੈ ਇਹ ? ਪਤਨੀ ਕੋ, ਲੜਕੋਂ ਕੋ ਜਾਂ ਲੜਕੀਉਂ ਕੋ ? ਜਿਸ ਕੋ ਇਹ ਜ਼ਿਆਦਾ ਪਿਆਰਾ ਹੈ ਵੋਹ ਯਹ ਕਟੋਰਾ ਪੀ ਲੇ ... ਉਹ ਮਰ ਜਾਏਗਾ ਇਸ ਦੀ ਜਗਾ...ਔਰ ਯਹ ਉੱਠ ਆਏਗਾ ਜ਼ਿੰਦਾ ਹੋ ਜਾਏਗਾ। ਬੋਲੋ! ਜਲਦੀ ਕਰੋ! ... ਟਾਈਮ ਬਹੁਤ ਕਮ ਹੈ।'

ਸਾਰਿਆਂ ਇਕ ਦੂਜੇ ਵੱਲ ਨਿਗਾਹ ਟਕਰਾਈ ! ਸਭ ਤੋਂ ਪਹਿਲਾਂ ਉਸ ਦੀ ਪਤਨੀ ਨੇ ਨਾਂਹ ਕਰਦੇ ਸਿਰ ਫੇਰਿਆ।

'ਨਾ ਬਾਬਾ ਜੀ ਨਾਂ! ਕਿਤੇ ਮਰਨ ਵਾਲੇ ਨਾਲ ਮਰਿਆ ਜਾਂਦਾ ?'

ਇਸ ਤਰਾਂ ਦੁੱਧ ਦਾ ਕਟੋਰਾ ਵੇਖ ਕੇ ਸਭ ਨੇ ਸਿਰ ਫੇਰ ਕੇ ਕੰਨੀ ਖਿਸਕਾ ਲਈ।

ਡਾਕੂ ਰਾਮ-ਰਾਮ ਕਰਦਾ ਉੱਠਿਆ। ਚਾਰ ਚੁਫੇਰੇ ਘੋਖ ਮਾਰੀ ਤੇ ਸਾਧੂ ਦੇ ਚਰਨਾਂ 'ਚ ਡਿੱਗ ਪਿਆ।

## ਪੁੱਤ-ਕਪੁੱਤ

ਕੱਲ ਪਰਸੋਂ ਦਾ ਘਰੋਂ ਇੰਡੀਆ ਤੋਂ ਫੋਨ ਆ ਰਿਹਾ ਹੈ। ਕਈ ਵੇਰਾਂ ਆਇਆ ਹੈ।

'ਮਾਤਾ ਬਿਮਾਰ ਹੈ ... ਹਸਪਤਾਲ ਦਾਖਲ ਹੈ ... ਤੈਨੂੰ ਯਾਦ ਕਰਦੀ ਹੈ, ਤੇਰਾ ਬਹੁਤ ਹੇਰਵਾ ਕਰਦੀ ਹੈ।' ਮੇਰਾ ਵੀ ਧਿਆਨ ਹਰ ਵਕਤ ਪਿੱਛੇ ਰਹਿਣ ਲੱਗਾ ਹੈ।

ਵਿਚਾਰੀ ਮਾਂ ... ਮੇਰੀ ਪਿਆਰੀ ਮਾਂ! ... ਕਿੰਨਾ ਕਸ਼ਟ ਝੱਲ ਕੇ ਮੈਨੂੰ ... ਸਾਨੂੰ ਪਾਲਿਆ ਪੋਸਿਆ ਤੇ ਰਿਜਕ ਦੇ ਸਿਰ ਕੀਤਾ ਉਸ ਨੇ। ਆਪਣੇ ਗਹਿਣੇ ਗੱਟੇ ਵੇਚ ਕੇ ਪੜ੍ਹਾਇਆ ਤੇ ਫਿਰ ਅੰਬ ਵਾਲਾ ਕਿੱਲਾ ਵੇਚ ਕੇ ਇੰਗਲੈਂਡ ਚੜ੍ਹਾ ਦਿੱਤਾ।

'ਰੱਬ ਸੁੱਖ ਰੱਖੇ, ਦੋ ਸਾਲਾਂ ਦੀ ਮਾਰ! ... ਜੁਗਾੜ ਸਿੱਧਾ ਪੈ ਗਿਆ ਤਾਂ ਆਪੇ ਛੁੱਟ ਜਾਏ ਗਾ, ਨਾਲੇ ਛੋਟੇ ਦਾ ਵੀ ਕੋਈ ਬੰਨ੍ਹ ਸੁੱਬ੍ਹ ਕਰੇਗਾ। ਚੰਨ ਵਰਗੀਆਂ ਕੁੜੀਆਂ ਵਿਆਹ ਲਈ ਮੇਰੇ ਚੰਦ ਲਈ ਆਉਣ ਗੀਆਂ।' ਮਾਤਾ ਦੇ ਮਨ ਦੀ ਤਮੰਨਾ ਸੀ।

ਦੋ ਸਾਲ ਗੁਜ਼ਰ ਗਏ, ਮਜਬੂਰੀ ਹੋ ਗਈ, ਪੱਕੇ ਹੋਣ ਦੀ, ਜਮੀਕਣ ਨਾਲ ਵਿਆਹ ਕਰਨਾ ਪੈ ਗਿਆ। ਜੋ ਜੇਬ-ਖਰਚ ਛੱਲੀ ਪੂਣੀ ਸੀ, ਦੋ ਸਾਲ ਦੀ ਕਮਾਈ, ਕੁਝ ਜਮੀਕਣ ਕੁੜੀ ਨੇ ਤੇ ਕੁਝ ਵਕੀਲਾਂ ਨੇ ਹੜੱਪ ਲਿਆ। ਗਰੀਨ ਕਾਰਡ ਮਿਲ ਗਿਆ। ਉਸ ਜਮੀਕਣ ਕੁੜੀ ਨਗੀਨੋ ਨੇ ਇਕ ਕੁੜੀ ਜੰਮ ਦਿੱਤੀ। ਮਾਤਾ ਦੀਆਂ ਖ਼ਾਹਸ਼ਾਂ ਚਾਅ ਮਲ੍ਹਾਰ ਕਿ ਮੇਰੇ ਲਈ ਇੰਡੀਆ ਤੋਂ ਆਪਣੀ ਮਰਜ਼ੀ ਦੀ ਕੁੜੀ ਭੇਜੇ ਗੀ, ਉਹ ਸਭ ਧਰੀਆਂ ਧਰਾਈਆਂ ਰਹਿ ਗਈਆਂ। ਇਸ ਗੱਲ ਦੀ ਮਾਂ ਨੂੰ ਭਿਣਕ ਤੱਕ ਨਾਂ ਲੱਗਣ ਦਿਤੀ। ਕੀ ਸੋਚੇ ਗੀ ਮੇਰੀ ਮਾਂ ? ਕਿੰਨਾ ਬੇਕਦਰਾ ਨਿਕਲਿਆ, ਕਿੰਨਾ ਖ਼ੁਦਗਰਜ਼ ਨਿਰਮੋਹਾ ਹੋ ਗਿਆ ਮੇਰਾ ਲਾਲੂ ਪੁੱਤਰ ! ਹਾਂ ਉਹ ਲਾਡ ਨਾਲ ਮੈਨੂੰ ਲਾਲੂ ਹੀ ਸੱਦਦੀ ਸੀ।

ਨਗੀਨੋ ਤੋਂ ਕਿਨਾਰਾਕਸ਼ੀ ਕਰਨੀ ਹੁਣ ਸੌਖੀ ਨਹੀਂ ਸੀ। ਮੇਰੇ ਦੌੜ ਜਾਣ ਦੇ ਤੌਰ ਤਰੀਕਿਆਂ ਤੋਂ ਉਹ ਜਾਣੂੰ ਹੋ ਗਈ ਸੀ। ਬਾਹਰ ਕੰਮ ਤੇ ਜਾਣ ਸਮੇਂ ਘਰ ਨੂੰ ਤਾਲਾ ਲਗਾ ਕੇ ਅੰਦਰ ਮੈਨੂੰ ਕੈਦ ਕਰ ਜਾਂਦੀ, ਚੌਂਕੇ ਭਾਂਡੇ ਤੇ ਹੋਰ ਸਾਰਾ ਭਾਰਤੀ ਨਾਰੀ ਵਾਲਾ ਕੰਮ ਉਹ ਮੈਥੋਂ ਕਰਾਉਂਦੀ, ਉਹ ਮੈਨੂੰ ਵਾਪਸ ਕਿਵੇਂ ਭੇਜਣ ਲਈ ਰਾਜ਼ੀ ਹੋਵੇਗੀ।

ਫਿਰ ਘੰਟੀ ਵੱਜੀ ਹੈ ..., ਮੈਂ ਡਰ ਜਾਂਦਾ ਹਾਂ।

ਜ਼ਰੂਰ ਕੋਈ ਮਾੜਾ ਸੁਨੇਹਾ ਹੋਵੇਗਾ।

'ਹੈਲੋ... ਹੈਲੋ ...।'

ਛੋਟੇ ਭਰਾ ਦੀ ਘਬਰਾਈ ਅਵਾਜ਼ ਹੈ।

'ਹਾਂ ... ਹਾਂ ... ਮੈਂ ਕੋਸ਼ਿਸ਼ ਕਰ ਰਿਹਾ ਹਾਂ, ਟਿਕਟ ਨਹੀ ਮਿਲ ਰਹੀ ...

ਮੈਂ ਜਲਦੀ ਪਹੁੰਚ ਜਾਵਾਂਗਾ, ਤੂੰ ਮਾਤਾ ਦੀ ਖ਼ਬਰ ਦੱਸਦਾ ਰਹੀਂ। ਚੰਗੇ ਡਾਕਟਰਾਂ ਕੋਲੋਂ ਇਲਾਜ ਕਰਵਾ, ਮਾਵਾਂ ਬਾਰ-ਬਾਰ ਨਹੀ ਮਿਲਦੀਆਂ।'

'ਹੁਣ ਹੋਰ ਕਿਸ ਖ਼ਬਰ ਨੂੰ ਉਡੀਕਦਾ ਏ ਮੇਰੇ ਵੀਰ? ਡਾਕਟਰ ਨੇ ਉਸ ਦੇ ਗੁੱਟ ਦੀ ਘੜੀ ਤੇ ਚੂੜੀਆਂ ਲਾਹ ਕੇ ਮੈਨੂੰ ਫੜਾ ਦਿੱਤੀਆਂ ਹਨ ਤੇ ਆਕਸੀਜਨ ਲਗਾ ਦਿੱਤੀ ਹੈ, ਉਹ ਬੇਹੋਸ਼ ਹੈ। ਉਸ ਦਾ ਘੋਰੜੂ ਵੱਜ ਰਿਹਾ ਹੈ। ਬੇਹੋਸ਼ ਹੋਣ ਤੋਂ ਪਹਿਲਾਂ ਉਹਨੇ ਤੈਨੂੰ ਯਾਦ ਕੀਤਾ ਸੀ।

'ਰੱਬਾ! ਮੇਰੇ ਲਾਲੂ ਦੇ ਆਉਣ ਤੱਕ ਕੁਝ ਸਵਾਸ ਉਧਾਰੇ ਦੇ ਦੇ ...।'

ਉਹ ਰੋਣ ਹਾਕਾਂ ਸੀ। ਉਸ ਦੀ ਘਰੜਾਈ ਅਵਾਜ਼ ਮੈਨੂੰ ਸਰਾਫ਼ ਦੇ ਰਹੀ ਸੀ। ਨਗੀਨੋ ਮੇਰੇ ਮੂੰਹ ਵੱਲ ਦੇਖ ਰਹੀ ਹੈ। ਉਹ ਟੈਲੀਫੋਨ ਦੀ ਅਵਾਜ਼ ਤੇ ਮੇਰੇ ਮੱਥੇ ਦੇ ਪਸੀਨੇ ਤੋਂ ਮੇਰੀ ਘਬਰਾਹਟ ਦੀ ਪੱਧਰ ਪੜ੍ਹ ਰਹੀ ਹੈ।

'ਵੱਟ ਡਾਰਲਿੰਗ ? ... ਵੱਟ ਹੈਪਿੰਡ ...?'

ਉਹ ਪੰਜਾਬੀ ਨਹੀਂ ਜਾਣਦੀ ... ਨਹੀ ਤਾਂ ਹੁਣ ਤੱਕ ਪਤਾ ਨਹੀ ਕੀ ਪ੍ਰਤੀਕਰਮ ਕਰਦੀ। ਉਸ ਨੇ ਮੇਰੀ ਟਿਕਟ ਦੇ ਰਸਤੇ ਵਿਚ ਵੀ ਰੁਕਾਵਟ ਬਣ ਜਾਣਾ ਸੀ। ਮੈਂ ਵੀ ਕਿੰਨੀ ਦੁਚਿੱਤੀ ਵਿਚ ਹਾਂ। ਸਮੇਂ ਦੀ ਮਜਬੂਰੀ, ਪੈਸੇ ਦੀ, ਤੇ ਬਿਗਾਨੀ ਵਿਆਂਹਦੜ ਦੀ ਜਿਸ ਦਾ ਮੈਂ ਹਮੇਸ਼ਾ ਲਈ ਆਜ਼ੀ ਗੁਲਾਮ ਬਣ ਗਿਆ। ਮੈਨੂੰ ਪਛਤਾਵਾ ਹੋਣ ਲਗਦਾ ਹੈ।

ਸੋਚਦਾ ਹਾਂ ਭਰਾ ਨੂੰ ਆਪਣੇ ਨਾ ਆਉਣ ਦੀ ਮਜਬੂਰੀ ਦੱਸ ਦਿਆਂ।

ਮਾਵਾਂ ਨੇ ਤਾਂ ਆਖਰ ਮਰਨਾ ਹੀ ਹੈ। ਪੁਰਾਣੇ ਪੱਤਿਆਂ ਨੇ ਤਾਂ ਝੜਨਾ ਹੀ ਹੈ।

ਹਿੱਕ 'ਤੇ ਪੱਥਰ ਧਰ ਕੇ ਮੈਂ ਫੈਸਲਾ ਕਰ ਲਿਆ। ਸਾਰੀ ਰਾਤ ਨੀਂਦ ਨਹੀ ਆਉਂਦੀ। ਮੇਰਾ ਮਨ ਹਰ ਵਕਤ ਹਸਪਤਾਲ ਦੀਆਂ ਵਾਰਡਾਂ ਵਿਚ ਆਪਣੀ ਮਾਂ ਦੇ ਆਕਸੀਜਨ ਲੱਗੇ ਚਿਹਰੇ ਨੂੰ ਪਹਿਚਾਣਦਾ ਰਿਹਾ, ਲੱਭਦਾ ਰਿਹਾ, ਪਰ ਨਹੀ ਮਿਲਿਆ। ਸਵੇਰੇ ਫਿਰ ਫੋਨ ਆਉਂਦਾ ਹੈ ... ਮੈਂ ਕੰਬਦੇ ਹੱਥਾਂ ਨਾਲ ਫੜ੍ਹਦਾ ਹਾਂ।

'ਭਾ ਜੀ! ਮਾਂ ਨੇ ਅੱਖਾਂ ਖੋਲ੍ਹ ਲਈਆਂ ਹਨ ... ਉਹ ਹੁਣ ਠੀਕ ਹੈ ...। ਲੈ ਗੱਲ ਕਰ ਲੈ ...।'

ਮੇਰੇ ਅੱਖਾਂ 'ਚੋਂ ਹੰਝੂ ਵਰ੍ਹ ਪੈਂਦੇ ਹਨ। ਮੈਂ ਨਗੀਨੋ ਤੋਂ ਬਚਾ ਕੇ ਪੂੰਝਦਾ ਹਾਂ।

'ਹਾਂ ... ਮਾਂ ... ਹਾਂ... ਮੈਂ ਬੇਸ਼ਰਮ ਪੁੱਤ! ਆ ਨਹੀ ਸਕਿਆ। ਮਾਫ਼ ਕਰ ਮਾਂ ... ਮੈਂ ਫਿਰ ਕਦੇ ਆਵਾਂਗਾ...।'

'ਸ਼ਾਬਾਸ਼ ਪੁੱਤ! ਸ਼ਾਬਾਸ਼। ਮਾਵਾਂ ਕੁ-ਮਾਵਾਂ ਨਹੀਂ ਬਣਦੀਆਂ..., ਮਾਪੇ ਕੁ-ਮਾਪੇ ਨਹੀਂ ਬਣਦੇ, ਪੁੱਤ ਕੁ-ਪੁੱਤ ਬਣ ਜਾਂਦੇ ਨੇ। ਤੂੰ ਤੇ ਸ਼ਾਇਦ ਉਡੀਕਦਾ ਹੋਵੇਗਾ ਕਿ ਕਦ ਮਰਨ ਦਾ ਸੁਨੇਹਾ ਪਹੁੰਚੇ, ਤਦ ਮੈਂ ਜਾਵਾਂ। ਪਰ ਮੈਂ ਬਚ ਗਈ ਹਾਂ...ਅਜੇ ਨਹੀ ਮਰਨਾ... ਤੂੰ ਜਦ ਮਰਜ਼ੀ ਆ ਜਾਵੀ। ਰੱਬ ਤੈਨੂੰ ਉੱਚੀਆਂ ਸਿਖਰਾਂ ਤੇ ਪਹੁੰਚਾਵੇ।'

## ਬੰਦਰ

ਸੈਆਂ ਸੁੱਖਣਾਂ ਸੁੱਖ ਸੁੱਖ ਕੇ, ਡਾਕਟਰਾਂ ਦੀਆਂ ਜੇਬਾਂ ਭਰ ਭਰ ਕੇ, ਪੁੰਨ ਦਾਨ ਕਰਕੇ, ਗਰੀਬ ਗੁਰਬੇ ਦੀਆਂ ਝੋਲ਼ੀਆਂ ਭਰ ਭਰ ਕੇ, ਮਸੀਂ ਕਿਤੇ ਜਾ ਕੇ ਪੋਤਰੇ ਦਾ ਮੂੰਹ ਦੇਖਣਾ ਨਸੀਬ ਹੋਇਆ। ਇਕ

ਪੈਰ ਤੇ ਇਕ ਹੱਥ ਵਿੰਗਾ-ਟੇਢਾ ਵੱਡੇ ਉਪਰੇਸ਼ਨ ਨਾਲ ਪੈਦਾ ਹੋਇਆ ਬੜਾ ਅਣਮੋਲ ਬੱਚਾ, ਦਾਦੇ ਦਾਦੀ ਨੇ ਲੱਖ ਸ਼ੁਕਰ ਕੀਤਾ ਕਿ ਉਸ ਦੀ ਮਾਂ ਦੀ ਜਾਨ ਬਚ ਗਈ ਸੀ ਭਾਵੇਂ ਕਿ ਡਾਕਟਰ ਨੇ ਇਹ ਵੀ ਕਹਿ ਦਿੱਤਾ ਸੀ ਕਿ ਉਹ ਇਸ ਬੀਬੀ ਦਾ ਪਹਿਲਾ ਤੇ ਆਖਰੀ ਬੱਚਾ ਹੋਵੇਗਾ।

ਦੋ ਸਾਲ ਇੰਤਜ਼ਾਰ ਕੀਤੀ, ਮੂੰਹੋਂ, ਕੁਝ ਬੋਲੇ, ਚਾਚਾ ਬਾਬਾ ਕਹੇ... ਪਰ ਜਿਵੇਂ 'ਮੰਗ ਵੀ ਮੰਗੀ, ਰਹੀ ਵੀ ਨੰਗੀ' ਅਨੁਸਾਰ ਜਿਵੇਂ ਉਸ ਦੀ ਜ਼ਬਾਨ ਨੂੰ ਤੰਦਵਾ ਹੋ ਗਿਆ ਹੋਵੇ, ਉਸ ਬੋਲਣਾ ਨਹੀਂ ਸੀ ਸਿੱਖਿਆ ਅਜੇ। ਦੂਸਰੇ ਘਰ ਦੇ ਬੋਲਾਂ ਪਿੱਛੇ ਉਹ ਕੁਝ-ਕੁਝ ਬੋਲਣ ਦੀ ਕੋਸ਼ਿਸ਼ ਕਰਦਾ ਪਰ ਉਸ ਦੇ ਬੋਲ ਉਸ ਦੇ ਸੰਘ ਵਿਚ ਹੀ ਅਟਕ ਜਾਂਦੇ, ਉਹ ਚਾਹੁੰਦਾ ਹੋਇਆ ਵੀ ਬੋਲ ਨਾ ਸਕਦਾ। ਮਾਂ ਪਿਉ ਦੀ ਚਿੰਤਾ ਨਾਲੋਂ ਦਾਦੀ ਦਾਦੇ ਦੇ ਮਨ ਵਿਚ ਇਹ ਚਿੰਤਾ ਕੁਝ ਜ਼ਿਆਦਾ ਹੀ ਸੀ। ਬੋਲਣ ਵਿਚ ਬੱਚਾ ਲੇਟ ਸੀ।

'ਇਹਦਾ ਪਿਉ ਵੀ ਤਾਂ ਕੁਝ ਲੇਟ ਹੀ ਰਿੜ੍ਹਨ ਲੱਗਾ ਸੀ। ਲੇਟ ਹੀ ਜ਼ਬਾਨ ਖੁੱਲ੍ਹੀ ਸੀ ਉਸਦੀ। ਪਰ ਜਦ ਖੁੱਲ੍ਹੀ ਸੀ, ਤੋਤੇ ਵਾਂਗ ਪਟਾਕਣ ਲੱਗ ਪਿਆ ਸੀ।' ਉਹ ਅਤੀਤ ਦੇ ਘਟਨਾ ਚੱਕਰ ਦੀਆਂ ਯਾਦਾਂ ਨਾਲ ਆਪਣੇ ਮਨ ਨੂੰ ਧਰਵਾਸ ਦਿੰਦੇ ਰਹੇ।

'ਪਹਿਲੀ ਬੋਲੀ ਵਿੱਚ ਤਾਂ ਮੇਰੇ ਪੁੱਤ ਨੇ ਹਾਕਰ ਮਾਰੀ ਸੀ।' ਬਾਬੇ ਨੇ ਬੜੇ ਫ਼ਖ਼ਰ ਨਾਲ ਕਿਹਾ।

'ਜਦ ਬੁੱਲ੍ਹਾਂ ਨੂੰ ਲਗਾਓਗੇ ਤਾਂ ਹਾਕਰ ਹੀ ਮਾਰੇਗਾ, ਸ਼ਰਾਬੀ ਦਾ ਪੁੱਤ ਜੂ ਹੋਇਆ।' ਮਾਂ ਦਾ ਜੁਆਬ ਸੀ।

'ਪਰ ਇਹ ਤਾਂ ਟੱਸ ਤੋਂ ਮੱਸ ਨੀਂ ਹੁੰਦਾ।' ਗੱਲ ਅੱਗੇ ਤੁਰੀ।

'ਇਹਦੇ ਵੀ ਬੁੱਲ੍ਹਾਂ ਨੂੰ ਛੁਹਾ ਕੇ ਦੇਖ ਲਉ।' ਦਾਦੀ ਨੇ ਸਲਾਹ ਦਿੱਤੀ।

'ਉ ਭਲੀਏ ਲੋਕੇ! ਤੈਨੂੰ ਕੀ ਪਤੈ, ਮੈਂ ਹਰ ਰੋਜ਼ ਅਜ਼ਮਾਈ ਕਰਦਾਂ, ਭਲਾ ਕਿਤੇ ਇਹ ਵੀ ... ਪਰ ਨਹੀਂ, ਇਹਨੂੰ ਤਾਂ ਕੋਈ ਹੋਰ ਹੀ ਕਸਰ ਜਾਪਦੀ...।' ਬੁੱਢਾ-ਬੁੱਢੀ ਬੈਠੇ ਬੈਠੇ ਗੁਟਰ-ਗੂੰ ਕਰਦੇ ਰਹਿੰਦੇ।

ਡਾਕਟਰ ਕਹਿੰਦਾ, 'ਕੋਈ ਕਸਰ ਨਹੀਂ, ਆਪੇ ਠੀਕ ਹੋ ਜੂ, ਦਵਾਈ ਦੀ ਲੋੜ ਨਹੀਂ...।' ਹਾਂ! ਟਾਨਿਕ ਦੇ ਦਿੱਤੀ ਸੀ ਉਸ ਨੇ, ਪਰ ਕੋਈ ਫ਼ਾਇਦਾ ਨਾ ਹੋਇਆ। ਬੱਚੇ ਨੇ ਤੀਸਰਾ ਸਾਲ ਵੀ ਪੂਰਾ ਕਰ ਲਿਆ ... ਗੁੰਗੇ ਦਾ ਗੁੰਗਾ। ਲੋਕਾਂ ਦੀਆਂ ਪੁੱਛਾਂ ਵੀ ਉਨ੍ਹਾਂ ਦੇ ਮਨ ਪੱਛਦੀਆਂ ਰਹੀਆਂ।

'ਹੋਵੇ ਏਕ ਹੋਵੇ ਨੇਕ, ਪਰ ਪੂਰਾ ਤਾਂ ਹੋਵੇ...। ਇਕ ਨਾਲ ਤਾਂ ਸਬਰ ਕਰ ਲਿਆ ਪਰ ਹੱਡਾਂ ਪੈਰਾਂ, ਜ਼ਬਾਨ ਦਾ ਪੂਰਾ ਤਾਂ ਹੋਵੇ।' ਬੁੱਢੀ ਤਰਲਾ ਜਿਹਾ ਕਰਦੀ। ਉਹ ਉਸ ਕੋਲ ਬੈਠੇ ਤਰਸਦੇ ਰਹਿੰਦੇ।

'ਬੋਲ ਪਾਪਾ, ਬੋਲ ਚਾਚਾ, ਬੋਲ ਮਾਮਾ, ਬੰਦਰ।' ਉਹਨਾਂ ਵੱਲ ਵੇਖ-ਵੇਖ ਬੁੱਲ੍ਹਾਂ ਤੇ ਹਲਕੀ ਜਿਹੀ ਮੁਸਕਰਾਹਟ ਛੱਡਦਾ ਰਹਿੰਦਾ।

ਕਾਂ, ਕੁੱਤਾ ਨੇੜੇ ਆਉਂਦਾ।

'ਦੇਖ ਕੁੱਤਾ, ਦੇਖ ਕਾਂ, ਬੋਲ ਕੁੱਤਾ....ਬੋਲ ਬੰਦਰ...ਕਾਂ ਚਿੜੀ...।' ਉਹਨਾਂ ਪੂਰਾ ਵਾਹ ਲਾਇਆ। ਡਾਕਟਰ ਦੀ ਟਾਨਿਕ ਵੀ ਆਖਰ ਮੁੱਕ ਗਈ ਤੇ ਉਹਨਾਂ ਅਜਿਹੀ ਇਕ ਹੋਰ ਸ਼ੀਸ਼ੀ ਵੀ ਮੁਕਾ ਦਿੱਤੀ ਪਰ ਉਹਨਾਂ ਦੀ ਨਿਰਾਸ਼ਤਾ ਵਿੱਚ ਆਸ਼ਾ ਦੀ ਕਿਰਨ ਨਾ ਪਰਤੀ।

ਬੜੇ ਗੁੱਸੇ ਭਰੇ ਮਨ ਨਾਲ ਉਲਾਂਭੇ ਦੇ ਮੂਡ ਵਿੱਚ ਡਾਕਟਰ ਕੋਲ ਗਏ, ਫੈਮਿਲੀ ਡਾਕਟਰ ਜੂ ਸੀ।

'ਡਾਕਟਰ ਸਾਹਿਬ ! ਸਾਨੂੰ ਠੀਕ-ਠੀਕ ਦੱਸੋ। ਤੁਸੀਂ ਸਾਡੇ ਕੋਲੋਂ ਕੁਝ ਛਿਪਾ ਰਹੇ ਹੋ।' ਆਪਣੇ ਪੁਰਾਣੇ ਗਾਹਕ ਦੀ ਬੋਲੀ ਵਿਚ ਹਿਰਖ ਭਰਿਆ ਲਹਿਜਾ ਵੇਖ ਕੇ ਡਾਕਟਰ ਵੀ ਕੁਝ ਘਬਰਾ ਗਿਆ।

'ਫੇਰ ਕਿਸੇ ਹੋਰ ਚੰਗੇ ਨੂੰ ਵਿਖਾ ਲਉ।' ਉਸ ਨੇ ਅਣਮੰਨੇ ਜਿਹੇ ਕਹਿ ਦਿੱਤਾ ਤੇ ਬੱਚੇ ਨੂੰ ਉੱਪਰ ਚੁੱਕ ਕੇ ਮੇਜ਼ ਤੇ ਬਿਠਾ ਲਿਆ, ਆਪਣੇ ਸਾਹਮਣੇ।

'ਹਾਂ ਬੇਟਾ! ਬੋਲ! ਕੀ ਨਾਮ ਏ ਤੇਰਾ?' ਦਰਾਜ਼ ਚੋਂ ਕੱਢ ਕੇ ਉਸ ਨੇ ਬੱਚੇ ਨੂੰ ਟੋਫ਼ੀ ਫੜਾਈ।

ਬੱਚੇ ਨੇ ਡਾਕਟਰ ਵੱਲ ਵੇਖਿਆ। ਮਾਂ ਬਾਪ ਵੱਲ ਵੇਖਿਆ ਬਾਬੇ ਦਾਦੀ ਵੱਲ ਹੱਸਦੀਆਂ ਨਜ਼ਰਾਂ ਨਾਲ ਧੌਣ ਘੁਮਾਈ।

'ਹਾਂ... ਹਾਂ... ਬੋਲ...ਕਾਕਾ, ... ਬੋਲ...ਪਾਪਾ, ... ਬੋਲ...ਬੰਦਰ, ਬੋਲ...ਕੁੱਤਾ।' ਬੱਚਾ ਖਿੜਖਿੜਾ ਕੇ ਹੱਸਿਆ। ਸਾਰਿਆਂ ਦੇ ਚਿਹਰੇ ਖੁਸ਼ੀ ਨਾਲ ਲਾਲ ਸੂਹੇ ਹੋ ਗਏ। ਉਹ ਹਾਸਾ ਵੀ ਤਾਂ ਉਸ ਦਾ ਪਹਿਲਾ ਹੀ ਅਜਿਹਾ ਹਾਸਾ ਸੀ।

'ਇਹ ਕੌਣ ਐ...?' ਡਾਕਟਰ ਨੇ ਪਿਤਾ ਵੱਲ ਉਂਗਲ ਕਰਕੇ ਸਵਾਲ ਕੀਤਾ। ਬੱਚਾ ਮੁਸਕਰਾਇਆ, 'ਮੰ...ਦ...ਰ'

'ਹਾਂ ਹਾਂ ਬੋਲੋ... ਇਹ ਕੌਣ ਹੈ... ?'

'ਬੰਦਰ...।'

'ਤੇ ਇਹ ਕੌਣ ... ?' ਉਸਨੇ ਬਾਬੇ ਵੱਲ ਇਸ਼ਾਰਾ ਕੀਤਾ।

'ਤੁ ... ਤ ... ਤ ...।'

ਸਾਰੇ ਹੱਸਦੇ ਹਨ। 'ਹਾਂ ਹਾਂ... ਬੋਲ।'

'ਤੁ...ਤ...ਤ...ਤੁੱਤਾ।'

'ਧੰਨਵਾਦ ਡਾਕਟਰ ਸਾਹਿਬ! ਸ਼ੁਕਰੀਆ... ਧੰਨਵਾਦ।' ਸਾਰੇ ਖੁਸ਼ੀ ਤੇ ਉਮਾਹ ਨਾਲ ਕਲਵਲ ਹੋ ਕੇ ਇਕ ਦੂਸਰੇ ਨੂੰ ਨਜ਼ਰਾਂ-ਨਜ਼ਰਾਂ 'ਚ ਵਧਾਈ ਦੇ ਰਹੇ ਸਨ।

'ਵੇਖਿਆ! ਡਾਕਟਰ ਤਾਂ ਆਖਰ ਡਾਕਟਰ ਹੀ ਹੈ, ਉਸ ਦੀ ਟਾਫ਼ੀ ਨੇ ਸਾਰਾ ਕੰਮ ਸਾਰ ਦਿੱਤਾ ... ਬਾਕੀ ਤਾਂ ਸਾਰੇ ਪੈਂਤੜੇ, ਅਸੀਂ ਵੀ ਅਜ਼ਮਾ ਕੇ ਵੇਖੇ ਲੱਖ ਵਾਰੀ।'

## ਜਵਾਨੀ ਦਾ ਬੂਰ

ਅੱਜ ਬਾਬੂ ਕਰਨੈਲ ਚੰਦ ਦੇ ਚਿਹਰੇ ਤੋਂ ਉਸ ਦੀ ਅੰਦਰੂਨੀ ਖੁਸ਼ੀ ਡੁੱਲ੍ਹ-ਡੁੱਲ੍ਹ ਪੈ ਰਹੀ ਸੀ। ਉਸ ਦੇ ਭੁੰਜੇ ਪੈਰ ਨਹੀਂ ਸਨ ਲੱਗ ਰਹੇ ਜਿਵੇਂ ਉਸ ਨੂੰ ਕੋਈ ਬੜਾ ਵੱਡਾ ਮਾਲ-ਖ਼ਜ਼ਾਨਾ ਮਿਲ ਗਿਆ ਹੋਵੇ, ਲਾਟਰੀ ਖੁੱਲ੍ਹ ਗਈ ਹੋਵੇ ਜਾਂ ਕੰਪਨੀ ਦੇ ਵੱਡੇ ਦਫ਼ਤਰੀ ਸਾਹਿਬ ਨਾਲ ਉਸ ਦੀ ਸੁਲਹ-ਸਫਾਈ ਹੋ ਗਈ ਹੋਵੇ।

'ਹਾਂ ਸੱਚ! ਕੁਝ ਤਾਂ ਹੈ ਜ਼ਰੂਰ।' ਮੈਂ ਪੁੱਛਣ-ਪੁੱਛਣ ਹੀ ਕਰਦਾ ਸਾਂ ਕਿ ਉਹ ਆਪ ਹੀ ਆ ਕੇ ਮੇਰੇ ਸਾਹਮਣੇ ਦੀ ਕੁਰਸੀ 'ਤੇ ਬੈਠ ਗਿਆ। ਮੈਨੂੰ ਪਤੈ ਉਹ ਐਰੀ-ਗ਼ੈਰੀ ਗੱਲ ਬਿਲਕੁਲ ਪਚਾ ਹੀ ਨਹੀ ਸਕਦਾ। ਉਸ ਦਾ ਹਾਜ਼ਮਾ ਕੁਝ ਢਿੱਲਾ ਜਿਹਾ ਹੈ ਇਸ ਪੱਖੋਂ।

'ਮੁਬਾਰਕ ਹੋਵੇ ਯਾਰ ...!' ਉਸ ਦੇ ਅੰਦਰਲੀ ਖੁਸ਼ੀ ਉਸ ਦੇ ਬੁੱਲ੍ਹਾਂ 'ਤੇ ਆ ਟਪਕੀ।

'ਮੁਬਾਰਕ ਯਾਰ! ਪਰ ਕਾਹਦੀ ...?' ਮੈਂ ਪੁੱਛਣ ਦੀ ਕਾਹਲ ਵਿਚ ਸਾਂ, ਹਾਲਾਂ ਕਿ ਮੈਨੂੰ ਪਤੈ, ਉਸ ਨੇ ਸਭ ਕੁਝ ਆਪੇ ਹੀ ਮੇਰੇ ਸਾਹਮਣੇ ਉਗਲੱਛ ਦੇਣੈ।

'ਤੇਰਾ ਭਤੀਜਾ ਜਵਾਨ ਹੋ ਗਿਆ।' ਉਸ ਨੇ ਹਿੱਕ ਫੈਲਾਅ ਕੇ ਕਿਹਾ।

'ਹਾਂ ਭਈ ਜਵਾਨ ਤਾਂ ਹੋਣਾ ਹੀ ਹੈ ... ਪੰਦਰਾਂ ਸੋਲ਼ਾਂ ਸਾਲਾਂ ਦਾ ਹੋ ਗਿਆ। ਹੈ ਨਾਂ? ਅਲੂਆਂ ਗੱਭਰੂ ਐ, ਮੁੱਛ ਫ਼ੁੱਟ ਗੱਭਰੂ।'

'ਇਹ ਨਹੀ ਭਾਪੇ! ਗੱਲ ਤਾਂ ਕੁਝ ਹੋਰ ਹੀ ਹੈ ... ਜਵਾਨੀ ਦੀ ...।'

'ਅਰੇ ਦੱਸ ਤਾਂ ਸਹੀਂ ...।'

'ਮੈਂ ਕੁਝ ਜ਼ਰੂਰੀ ਕਾਗ਼ਜ਼ਾਂ ਦੀ ਤਲਾਸ਼ ਵਿਚ ਅਲਮਾਰੀਆਂ ਦੀ ਫਰੋਲਾ-ਫਰਾਲੀ ਕਰ ਰਿਹਾ ਸਾਂ, ਉਸ ਵਿਚੋਂ ਐਹ ਮਾਲ ਨਿਕਲਿਆ।' ਉਸ ਨੇ ਕਾਗ਼ਜ਼ਾਂ ਦਾ ਪੁਲੰਦਾ ਕੱਢ ਕੇ ਮੇਰੇ ਸਾਹਮਣੇ ਮੇਜ਼ 'ਤੇ ਟਿਕਾਅ ਦਿੱਤਾ।

'ਚਿੱਠੀਆਂ! ਪ੍ਰੇਮ ਪੱਤਰ! ਹੈਂ? ਵਾਹ ਉਏ! ਖੁਸ਼ ਕੀਤਾ ਈ ... ਫੋਟੋ ਵੀ ਕਿਸੇ ਗੋਰੀ ਦੀ?'

ਉਸ ਦੀ ਖੁਸ਼ੀ ਵਿਚ ਮੈਂ ਵੀ ਸ਼ਰੀਕ ਹੋ ਜਾਂਦਾ ਹਾਂ ...। ਚਿੱਠੀਆਂ ਸੰਧੂਰ ਕੇਸਰ ਦੇ ਸ਼ਗਨਾਂ ਨਾਲ ਸ਼ੁਰੂ ਕੀਤੀਆਂ ਗਈਆਂ ਸਨ। ਉਹਨਾਂ ਚੋਂ ਖਿੰਡਦੀ ਹਲਕੀ-ਹਲਕੀ ਇਤਰ ਦੀ ਮਧੁਰ ਖੁਸ਼ਬੂ, ਮੇਰੀ ਕੈਬਨ ਵਿਚ ਬਹਾਰਾਂ ਦੇ ਛਿੱਟੇ ਦੇ ਗਈ।

'ਮੇਰਾ ਤੇ ਸੇਰ ਲਹੂ ਵਧ ਗਿਆ ... ਸਿਰ ਇਕ ਹੱਥ ਉੱਚਾ ਹੋ ਗਿਆ।' ਸ਼ੇਖ਼ੀਆਂ ਮਾਰਦਾ ਉਹ ਬਹੁਤ ਵਧਾ ਚੜ੍ਹਾ ਕੇ ਚਸਕਾ ਲੈ ਰਿਹਾ ਸੀ।

'ਅਰੇ ਯਹ ਤੋਂ ਹੋਤਾ ਹੀ ਹੈ, ਜਵਾਨੀ ਮੇਂ। ਪੰਦਰਾਂ ਸੋਲ਼ਾਂ ਸਾਲ ਦੀ ਉਮਰ ਤਾਂ ਹੁਸੀਨ ਉਮਰ ਹੁੰਦੀ ਹੈ, ਜਦ ਮੁੰਡੇ ਕੁੜੀਆਂ ਅਜਿਹੀਆਂ ਹਰਕਤਾਂ ਕਰ ਹੀ ਜਾਂਦੇ ਨੇ, ਇਹ ਨਵੀਂ ਉਪਲਭਦੀ ਨਹੀ। ਇਹ ਉਹ ਅੱਲ੍ਹੜ ਸਮਾਂ ਹੈ ਜਦ ਜਵਾਨੀ ਦਾ ਬੂਰ ਆਉਂਦਾ ਹੈ ਤੇ ਬੂਰ ਸੁਗੰਧੀਆਂ ਫੈਲਾਉਂਦਾ ਹੈ, ਖ਼ੁਸ਼ਬੂਆਂ ਵੰਡਦਾ ਹੈ ਤੇ ਇਹਨਾਂ ਪਿੱਛੇ ਭੌਰੇ ਤਿਤਲੀਆਂ ਆਪਣੇ ਆਪ ਖਿੱਚੇ ਆਉਂਦੇ ਨੇ, ਉਮਡ ਪੈਂਦੇ ਨੇ ਭੀਂ ਭੀਂ ਕਰਦੇ, ਇਹ ਸੁਭਾਵਿਕ ਹੀ ਹੈ ...।'

'ਪਰ ਬਾਬਾ ਜੀ! ਮੇਰੇ ਲਈ ਤਾਂ ਨਵੀਂ ਹੈ। ਮੈਂ ਸਾਰੀ ਉਮਰ ਤਰਸਦਾ ਰਿਹਾਂ, ਮੈਨੂੰ ਤਾਂ ਕਿਸੇ ਕੁੜੀ ਨੇ ਚਿੱਠੀ ਨਹੀਂ ਲਿਖੀ। ਗੋਰੀ ਤਾਂ ਕੀ ਕਿਸੇ ਕਾਲੀ ਨੇ ਵੀ ਕਦੇ ਸੁਲਾ ਨਹੀਂ ਮਾਰੀ।'

'ਚਲ ਦੱਸ ਫਿਰ, ਪਾਰਟੀ ਤੂੰ ਕਰੇਂਗਾ ਕਿ ਮੈਂ ਕਰਾਂ? ਸਾਡੀਆਂ ਤਾਂ ਉਮਰਾਂ ਬੀਤ ਗਈਆਂ ... ਹੁਣ ਗਵਾਚੀ ਨੂੰ ਕੀ ਝੂਰਨਾ...।' ਮੈਂ ਉਸ ਨੂੰ ਹੌਸਲਾ ਦਿੱਤਾ।
ਉਸ ਨੇ ਰੱਜ ਕੇ ਦਿਲ ਖੋਲ੍ਹ ਕੇ ਪਾਰਟੀ ਕੀਤੀ।
ਕੁਝ ਦਿਨਾਂ ਬਾਦ ਉਸ ਦਾ ਢਿੱਲਾ ਜਿਹਾ ਗੰਭੀਰਤਾ ਵਿਚ ਪੀਲਾ ਭੂਕ ਹੋਇਆ, ਸਵਾਹ-ਰੰਗਾ ਲਟਕਦਾ ਚਿਹਰਾ ਵੇਖ ਕੇ ਮੈਨੂੰ ਫਿਰ ਹਾਸਾ ਆ ਗਿਆ।

'ਕੀ ਗੱਲ ? ਬੂਥੀ ਐਂ ਲਟਕਾਈ ਹੋਈ ਏ? ਜਿਵੇਂ ਦਸਤ ਲੱਗੇ ਹੋਣ!'

ਉਸ ਨੇ ਰੋਣਾ ਜਿਹਾ ਮੂੰਹ ਬਣਾ ਕੇ ਸੁਮਕੇ ਜਿਹੇ ਲੈਂਦੇ ਇਕ ਹੋਰ ਪਲੰਦਾ ਮੈਨੂੰ ਫੜ੍ਹਾ ਦਿਤਾ ਡੂੰਘੀ ਉਪਰਾਮਤਾ ਵਿੱਚ। ਕਿਸੇ ਮੁੰਡੇ ਵੱਲੋਂ ਉਸ ਦੀ ਲੜਕੀ ਦੇ ਨਾਮ ਪ੍ਰੇਮ ਪੱਤਰ!

'ਮੇਰੇ ਦੋਸਤ! ਮੁੰਡੇ ਦਾ ਤਾਂ ਜਰ ਲਿਆ, ਹੁਣ ਕੁੜੀ ਦਾ ਕੀ ਬਣੂ?ਇਹ ਕਮਜਾਤ ਕਾਲੇ ਰਿੱਛ ਜਿਹੇ ਨੂੰ ਪਿੱਛੇ ਲਾਈ ਫਿਰਦੀ?' ਉਹ ਅਤਿਅੰਤ ਨਮੋਸ਼ੀ ਵਿਚ ਡੁੱਬਦਾ ਜਾ ਰਿਹਾ ਸੀ।

'ਉਹੀ ਬਣੂ ਭਾਈ! ਜੋ ਮੁੰਡੇ ਦਾ ... ਜੇ ਮੁੰਡੇ ਦੀ ਏਨੀ ਖੁਸ਼ੀ ਮਨਾਈ ਤਾਂ ਕੁੜੀ ਦਾ ਸਾੜਾ ਕਿਉਂ ... ਉਹ ਵੀ ਤਾਂ ਜਵਾਨ ਹੋਈ ਹੈ ... ਸੁਣਿਆ ਨਹੀਂ

'ਮੁੰਡੇ ਮਾਰਦੇ ਗਲੀ ਦੇ ਵਿਚ ਗੇੜੇ, ਸੁੰਦਰੀ ਜਵਾਨ ਹੋ ਗਈ।
ਪ੍ਰੇਮ ਪੱਤਰ ਉਹਨਾਂ ਸੁੱਟੇ ਮੇਰੇ ਵਿਹੜੇ, ਸੁੰਦਰੀ ਜਵਾਨ ਹੋ ਗਈ।'

ਪਰ ਉਹ ਸਿਰ ਸੁੱਟੀ ਬੈਠਾ ਮੂੰਹ 'ਚ ਉਗਲਾਂ ਦੇ ਨਹੁੰ ਚਬਾਉਂਦਾ ਜਿਵੇਂ ਧਰਤੀ ਵਿਚ ਹੀ ਗ਼ਰਕਦਾ ਜਾ ਰਿਹਾ ਸੀ। ਉਸ ਦੀ ਹੈਂਕੜ ਭਰੀ ਧੌਣ ਲਟਕ ਗਈ ਸੀ, ਮਣਾ ਮੂੰਹੀਂ ਸ਼ਰਮਿੰਦਗੀ ਨਾਲ।

## ਚੀਅਰਜ਼

ਨਿਆਗਰਾ-ਫਾਲ ਦੇ ਬਾਹਰ ਛਤਰੀ ਥੱਲੇ ਬੈਠਾ ਗੁਰਮੀਤ ਵੇਖ ਕੇ ਮੈਨੂੰ ਚਾਅ ਜਿਹਾ ਚੜ੍ਹ ਗਿਆ। ਚਲੋ ਦੋ ਪਲ ਆਰਾਮ ਨਾਲ ਕੱਟ ਜਾਣਗੇ। ਉਸ ਅੱਗੇ ਦੁੱਖਾਂ ਭਰਿਆ ਦਿਲ ਫੋਲਾਂਗਾ, ਢੇਰੀ ਕਰਾਂਗਾ। ਪਰ! ਉਸ ਦੀ ਛਤਰੀ ਦੇ ਨੇੜੇ ਜਾਣ ਤੱਕ ਇਕ ਭੂਰੇ ਵਾਲਾਂ ਵਾਲੀ ਅੱਧ-ਨੰਗੀ ਚੱਡੀਆਂ ਬਨੈਣਾਂ ਪਹਿਨੀ ਬੀਬੀ ਉਂਗਲਾਂ 'ਚ ਸਿਗਰਟ ਧੁਖਾਈ ਉਸ ਵੱਲ ਵਧੀ ਤੇ ਨਾਲ ਆ ਕੇ ਜੁੜ ਕੇ ਬੈਠ ਗਈ। ਮੈਨੂੰ ਸਮਝਣ ਵਿੱਚ ਜ਼ਰਾ ਵੀ ਦੇਰ ਨਾ ਲੱਗੀ ਕਿ ਉਸ ਨੇ ਅੱਜ ਹੋਰ ਨਵਾਂ ਸ਼ਿਕਾਰ ਫਸਾ ਲਿਆ ਹੈ ਤੇ ਉਹੀ ਉਸ ਲਈ ਚਾਹ ਕੌਫ਼ੀ ਜਾਂ ਡ੍ਰਿੰਕ ਦਾ ਆਰਡਰ ਦੇ ਕੇ ਆਈ ਹੋਵੇਗੀ। ਮੇਰੇ ਪੈਰ ਸੁੰਨ ਹੋ ਗਏ। ਮੈਂ ਨਿਆਸਰਾ ਜਿਹਾ ਹੋ ਕੇ ਪਰੇ ਖ਼ਾਲੀ ਪਈ ਇਕੋ ਇਕ ਛਤਰੀ ਦੇ ਥੱਲੇ ਇਕੱਲਾ ਜਾ ਬੈਠਾ।

ਇਹ ਵੀ ਕੀ ਬਲਾਅ ਹੈ ਸਾਲਾ! ਘਰ ਲੱਖਾਂ ਜਿਹੀ ਹੀਰ! ਨਾਜ਼ਕ, ਕੋਮਲ ਸੁੰਦਰ, ਮਨਮੋਹਣੀ, ਪੰਜ ਫੂਲਾ ਰਾਣੀ, ਇਕੱਲੀ ਘਰ ਛੱਡ ਕੇ ਆਪ ਕਿਵੇਂ ਆਵਾਰਾ ਜ਼ਨਾਨੀਆਂ ਨਾਲ ਖੇਹ ਖਾਂਦਾ ਫਿਰਦਾ।

ਮੈਨੂੰ ਉਸ 'ਤੇ ਬਹੁਤ ਗਿਲਾਨੀ ਜਿਹੀ ਹੋਈ। ਜ਼ਿੰਦਗੀ ਦਾ ਇਕ ਕੜ੍ਹਵਾ ਰੂਪ ਜੋ ਮੈਂ ਘਰ ਛੱਡ ਆਇਆ ਸੀ ਤੇ ਉਸੇ ਨੂੰ ਭੁਲਾਉਣ ਲਈ ਮੈਂ ਬਾਰ ਦਾ ਸਹਾਰਾ ਲਿਆ ਸੀ, ਪਰ 'ਉੱਚੇ ਚੜ੍ਹ ਕੇ ਵੇਖਿਆ, ਘਰ-ਘਰ ਇਹੀ ਅੱਗ'! ਉਹੀ ਪੁਆੜਾ ਅੱਗੇ ਵੇਖ ਕੇ ਮੈਂ ਬਹੁਤ ਪਰੇਸ਼ਾਨ ਹੋਇਆ।

ਹੁਸੀਨਾਂ ਨੇ ਗਿਲਾਸ ਬਣਾਏ, ਦੋਹਾਂ ਨੇ ਟਣਕਾਏ, ਚੀਅਰਜ਼ ਕੀਤੀ। ਗੁਰਮੀਤ ਨੇ ਆਪਣੇ ਮੂੰਹ ਨੂੰ ਗਿਲਾਸ ਲਗਾਇਆ ਤੇ ਨਾਲ ਹੀ ਹੁਸੀਨਾਂ ਨੇ ਆਪਣੇ ਮੂੰਹ ਨੂੰ ਗਿਲਾਸ ਛੁਹਾ ਕੇ ਉਸ ਦੇ ਮੂੰਹ ਨੂੰ ਛੁਹਾ ਦਿੱਤਾ। ਫਿਰ ਸਿਗਰਟ ਆਪਣੇ ਮੂੰਹ ਨੂੰ ਛੁਹਾ ਕੇ ਉਸ ਦੇ ਮੂੰਹ ਨੂੰ ਲਗਾਇਆ। ਉਸ ਨੇ ਕਸ਼ ਭਰ ਲਿਆ ਤੇ ਧੂੰਏਂ ਦੀ ਬਦਲੋਟੀ ਉਸ ਦੇ ਮੂੰਹ ਵੱਲ ਦੇ ਮਾਰੀ। ਮੇਰਾ ਮਨ ਕਿਰਕਿਰਾ ਜਿਹਾ ਹੋਣ ਲੱਗਾ। ਮੈਂ ਚਾਹਿਆ, ਜਾ ਕੇ ਥੱਪੜ ਜੜ ਦੇਵਾਂ ਰਾਣੀ ਖਾਂ ਦੇ ਸਾਲੇ ਦੇ। ਮੈਂ ਤਾਂ ਏਥੋਂ ਖ਼ੁਸ਼ੀਆਂ ਲੱਭਣ ਆਇਆ ਸੀ ਪਰ ਇਥੇ ਤਾਂ ਦੁਨੀਆ ਭਰ ਦੀ ਕਮੀਨਗੀ, ਵੈਰਾਨੀ, ਤੇ ਨਿਰਾਸ਼ਤਾ ਭਰੀ ਪਈ ਹੈ।

ਹੁਣ ਉਹ ਉੱਠ ਕੇ ਅੰਦਰ ਚਲੇ ਗਏ ਨੇ, ਆਪਣੀਆਂ ਸੀਟਾਂ ਖਾਲੀ ਕਰਕੇ।

ਮੈਂ ਬੈਠਾ-ਬੈਠਾ ਇਕ ਵੱਡਾ ਗਿਲਾਸ ਬਣਾਉਂਦਾ ਹਾਂ ਤੇ ਨੀਟ ਹੀ ਚੜ੍ਹਾ ਜਾਂਦਾ ਹਾਂ... ਹੋਰ... ਇਕ ਹੋਰ...। ਮੈਨੂੰ ਕੁਝ ਸਰੂਰ ਜਿਹਾ ਆਉਣ ਲਗਦਾ ਹੈ। ਧਰਤੀ ਘੁੰਮਣ ਲਗਦੀ ਹੈ। ਆਸੇ-ਪਾਸੇ ਬੈਠੇ ਹੋਰ ਛਤਰੀਆਂ ਥੱਲੇ ਜੋੜ-ਅਨਜੋੜ ਜੋੜੇ ਚੋਹਲ ਮੋਹਲ ਕਰ ਰਹੇ ਹਨ। ਮੈਂ ਹੀ ਹਾਂ ਜੋ ਇਕੱਲਾ ਕੁੜ੍ਹ ਰਿਹਾ ਹਾਂ, ਇਕ ਨਫ਼ਰਤ ਤੇ ਸਾੜੇ ਦੀ ਭੱਠੀ ਵਿੱਚ। ਮੈਂ ਉੱਠ ਕੇ ਉਹਨਾਂ ਦੇ ਖਾਲੀ ਟੇਬਲ 'ਤੇ ਜਾ ਬੈਠਦਾ ਹਾਂ। ਉਥੋਂ ਨਿੱਘੀ-ਨਿੱਘੀ ਸੁਗੰਧ ਤੇ ਦੁਰਗੰਧ ਦਾ ਰਲਗੱਡ ਹਵਾ ਵਿਚ ਫੈਲ ਰਿਹਾ ਹੈ। ਅਧ-ਜਲੀ ਸਿਗਰਟ ਦਾ ਧੂੰਆਂ, ਡੁੱਲ੍ਹੀ ਵਿਸਕੀ ਦੀ ਗੰਧ, ਬੀਅਰ ਦੀ ਸੁਗੰਧ, ਬੀਅਰ ਦੇ ਗਿਲਾਸ ਵਿਚ ਤਰਸਦਾ ਅੱਧ ਘੁਲਿਆ ਬਰਫ਼ ਦਾ ਟੁਕੜਾ! ਮੇਰਾ ਦਿਲ ਕਰਦਾ ਹੈ, ਉਸ ਹੁਸੀਨਾਂ ਦੇ ਹੱਥਾਂ ਦਾ ਲਾਗ! ਉਸ ਦੇ ਬੁੱਲ੍ਹਾਂ ਦੀ ਛੋਹ ਸਿਗਰਟ, ਰਹਿੰਦੀ ਸ਼ਰਾਬ ਬੀਅਰ...ਸਭ ਕੁਝ ਰਲਾ ਕੇ ਗਟਾਗਟ ਚੜ੍ਹਾ ਜਾਵਾਂ ਪਰ ਦੂਸਰੇ ਹੀ ਪਲ ਆਪਣੇ ਆਪ ਨੂੰ ਲਾਹਨਤਾਂ ਪਾਉਂਦਾ ਉੱਠਣ ਲੱਗਾ ਹਾਂ। ਇਹ ਬੋਝਲ ਜਿਹੀ ਸਾਹ ਘੁੱਟਵੀਂ ਸੋਚ ਮੁਸ਼ਕ ਵਿਚ ਬਦਲ ਜਾਂਦੀ ਹੈ।

'ਹੈ ਗੰਦੀ ਜੂਠ।'

ਮੈਂ ਆਪਣੀਆਂ ਨਿਰਾਰਥਕ ਸੋਚਾਂ ਵਿੱਚ ਗਲਤਾਨ ਉੱਠਣ ਦੀ ਸੋਚ ਹੀ ਰਿਹਾ ਸੀ ਕਿ ਉਹ ਦੋਨੋਂ ਅੰਦਰੋਂ ਬਾਹਰ ਆ ਗਏ ਨੇ। ਬੀਬੀ ਵਾਲਾਂ ਦੀਆਂ ਲਿਟਾਂ ਨੂੰ ਝਾੜਦੀ ਸੰਵਾਰਦੀ ਬਾਹਰਲੇ ਗੇਟ ਨੂੰ ਹੋ ਤੁਰੀ ਹੈ ਤੇ ਉਹ ਹੱਸਦਾ-ਹੱਸਦਾ ਮੇਰੇ ਸਾਹਮਣੇ ਆ ਕੇ ਬੈਠ ਜਾਂਦਾ ਹੈ।

'ਥੂਹ ਜੂਠਾ...ਗੰਦਾ।'

ਮੈਂ ਆਪਣੇ ਅੰਦਰ ਦੀ ਭੜਾਸ ਉਸ ਵੱਲ ਥੁੱਕ ਦਿੰਦਾ ਹਾਂ।

'ਹਾਏ... ਹਾਏ...! ਨੌਂ ਸੌ ਚੂਹਾ ਖਾ ਕੇ ਬਿੱਲੀ ਹੱਜ ਨੂੰ ਚੱਲੀ...।' ਉਹ ਇਸ ਅਨਾਦਰ ਦੀ ਅਣਦੇਖੀ ਕਰਦਾ, ਹੱਸਦਾ-ਹੱਸਦਾ ਮੇਰਾ ਕਲਾਵਾ ਭਰ ਕੇ ਮੇਰਾ ਮੂੰਹ ਚੁੰਮਣ ਲਗਦਾ ਹੈ, ਸ਼ਰਾਬੀਆਂ ਦੇ ਲੋਰ ਵਿਚ।

'ਮੇਰੇ ਵੀਰ! ਮੈਨੂੰ ਇਕ ਗੱਲ ਸਮਝਾ! ਘਰ ਵਿਚ ਅਰਸ਼ਾਂ ਦੀ ਹੂਰ, ਸਾਰੇ ਕੁਦਰਤੀ ਰੰਗਾਂ ਦਾ ਸੁਮੇਲ ਇਤਨੀ ਸੁੰਦਰ ਜ਼ਨਾਨੀ ਛੱਡ ਕੇ ਇੱਥੇ ਕੀ ਆਵਾਰਾਗਰਦੀ ਕਰੀ ਫਿਰਦੈਂ?' ਮੈਂ ਤਾਹਨਾ ਜਿਹਾ ਮਾਰਿਆ।

'ਤੇ ਤੂੰ ਆਪ ?' ਉਹਦੇ ਸ਼ਬਦਾਂ ਵਿਚ ਵੀ ਸਾਵਾਂ ਬਰਾਬਰ ਦਾ ਨਿਹੋਰਾ ਸੀ।

'ਮੈਂ ਤਾਂ ਅਜਿਹੀ ਬਜ਼ਾਰੂ ਜ਼ਨਾਨੀ ਵੱਲ ਨਹੀਂ ਜਾਂਦਾ...ਹੈ!...ਥੂਹ..।' ਮੈਂ ਥੁੱਕ ਸੁੱਟਦਾ ਹਾਂ।

'ਜੇ ਮਿਲ ਜਾਂਦੀ ਤਾਂ ਤੂੰ ਵੀ ਕਿਹੜੀ ਘੱਟ ਕਰਨੀ ਸੀ...ਆਪੇ ਗੇਟ 'ਤੇ ਮਿਲ ਗਈ, ਕਹਿੰਦੀ, ਮੈਂ ਵਿਹਲੀ ਹਾਂ ਅੱਜ, ਹੈ ਵਿਚਾਰੀ ਪਿੱਛੋਂ ਆਪਣੇ ਹੀ ਇਲਾਕੇ ਦੀ।'

'ਪਰ ਭਾਈ ਬੇਸ਼ਰਮੀ ਦੀ ਵੀ ਕੋਈ ਹੱਦ ਤਾਂ ਹੁੰਦੀ ਹੀ ਹੈ...ਕੋਈ ਮਿਆਰ ਹੋਣਾ ਚਾਹੀਦਾ ਹੈ। ਕੀ ਇਹ ਤੇਰੀ ਨਾਲੋਂ ਉੱਤਮ ਹੈ ?'

'ਚੱਲ ਛੱਡ ਯਾਰ ਇਹ ਵਾਧੂ ਤੇ ਫਜ਼ੂਲ ਦੀਆਂ ਤਕਰਾਰਬਾਜੀਆਂ ਤੇ ਗੁੱਸੇ ਗਿਲੇ ਤੇ ਜੇ ਤੂੰ ਉਸਨੂੰ ਉੱਤਮ ਸਮਝਦੈਂ ਤਾਂ ਵਟਾ ਲੈ ਆਪਣੀ ਨਾਲ, ਮੈਨੂੰ ਤਾਂ ਤੇਰੀ ਉਸ ਤੋਂ ਵੀ ਉੱਚਤਮ ਲਗਦੀ ਹੈ।'

ਦੋਵੇਂ ਡ੍ਰਿੰਕ ਬਣਾ ਕੇ ਟਣਕਾਉਂਦੇ ਹਾਂ, ਹੱਸਦੇ ਹਾਂ।

'ਚੀਅਰਜ਼ ... ਫਾਰ ਦੀ ਬੈੱਸਟ ਹੈੱਲਥ ਆਫ ਅੱਸ ਬੋਥ ...।'

👎 👎 👎

ਅਮਾਨਤ

ਬਾਬੇ ਦਰਬਾਰੇ ਦੇ ਘਰ ਅੱਜ ਆਵਾਜਾਈ ਖਾਸੀ ਸੀ। ਉਸ ਦੀ ਅੰਤਿਮ ਯਾਤਰਾ ਸਮੇਂ, ਲੋਕ ਉਸ ਨੂੰ ਵਿਦਾ ਕਰਨ ਆਏ ਸਨ। ਘਰ ਦਾ ਕੋਈ ਵੀ ਧੀ ਪੁੱਤ ਲਾਗੇ ਨਹੀਂ ਸੀ। ਇਕ ਮੁੰਡਾ ਕੈਨੇਡਾ, ਇਕ ਅਮਰੀਕਾ, ਧੀ ਇੰਗਲੈਂਡ, ਤੇ ਇਸ ਤਰ੍ਹਾਂ ਉਸ ਦੇ ਜਿਗਰ ਦੀਆਂ ਤਿੰਨੇ ਬੋਟੀਆਂ, ਸਮੁੰਦਰੋਂ ਪਾਰ ਤੋਰ ਦਿੱਤੀਆਂ ਸਨ ਉਸਨੇ, ਤੇ ਘਰ ਵਾਲੀ ਪਿਛਲੇ ਸਾਲ ਹੀ ਸਾਥ ਛੱਡ ਗਈ ਸੀ। ਆਂਢ ਗਵਾਂਢੀ ਲੋਕਾਂ, ਨੌਕਰ-ਨੌਕਰਾਣੀਆਂ ਦਾ ਮੁਥਾਜ ਮੰਜਾ ਮੱਲ ਕੇ ਪੈ ਗਿਆ। ਨਾ ਵੇਲੇ ਸਿਰ ਚਾਹ ਨਾ ਰੋਟੀ ਪਾਣੀ। ਬੱਸ ਬੋਤਲ ਤੇ ਗਿਲਾਸ ਉਸ ਦੇ ਹਮਜੋਲੀ ਬਣ ਗਏ ਤੇ ਇਹਨਾਂ ਕਰਕੇ ਹੋਰ ਤੂੰ ਮੈਂ ਵੀ ਪੈੱਗ ਪਿਆਲੇ ਕਰਕੇ ਉਸ ਦੇ ਘਰ ਗੇੜਾ ਮਾਰ ਜਾਂਦੇ।

ਗਵਾਂਢਣ ਪ੍ਰਸਿੰਨੀ ਨੇ ਪੀ. ਸੀ. ਓ. ਤੋਂ ਵਾਪਸ ਆ ਕੇ ਸਿਰ ਫੇਰ ਦਿੱਤਾ।

‘ਕੋਈ ਨੀਂ ਜਲਦੀ ਆਉਣ ਵਾਲਾ...ਉਹ ਕਹਿੰਦੇ ਨੇ ਪਤਾ ਨਹੀਂ ਕਿੰਨੀ ਦੇਰ ਛੁੱਟੀ ਮਿਲਦੀ ਕਿ ਨਹੀਂ ਮਿਲਦੀ, ਜਹਾਜ਼ ਦੀ ਟਿਕਟ ਅਜੇ ਦਸ ਪੰਦਰਾਂ ਦਿਨ ਤੱਕ ਨਹੀਂ ਮਿਲਣੀ...ਸੰਸਕਾਰ ਕਰ ਦਿਉ।’

ਪਲੋ ਪਲੀ ਵਿਚ ਚੁੱਕ ਲੌ ਚੁੱਕ ਲੌ ਹੋ ਗਈ। ਨਹਾਉਣ ਲਈ ਕੁਝ ਪਿਆਕਲ ਸਾਥੀ ਤੇ ਸ਼ਰੀਕਾ ਬਰਾਦਰੀ ਦੇ ਲੋਕ ਅੱਗੇ ਆਏ।

‘ਸੰਤਾਂ ਮਹਾਤਮਾਂ ਵਾਲੀ ਸਤਜੁਗੀ ਮੌਤ ਹੈ ਇਹ। ਨਾ ਬੀਮਾਰੀ ਨਾ ਇਲਾਜ!... ਕਿਸੇ ਕੋਲੋਂ ਹੱਥ ਨਹੀਂ ਲਗਾਇਆ। ਰਾਤ ਚੰਗਾ ਭਲਾ ਸੁੱਤਾ, ਸਵੇਰੇ ਉੱਠਿਆ ਈ ਨਹੀ, ਦੁੱਧ ਵਾਲੇ ਨੇ ਆ ਕੇ ਦਰਵਾਜ਼ਾ ਖੜਕਾਇਆ। ਅੰਦਰੋਂ ਕੋਈ ਹੁੰਗਾਰਾ ਨਾ ਆਇਆ। ਗਵਾਂਢੀਆਂ ਨੂੰ ਵੀ ਚਿੰਤਾ ਹੋ ਗਈ। ਕੰਧ ਟੱਪ ਕੇ ਵੇਖਿਆ... ਨੋ-ਨਿੱਸਲ ਲੰਮੇ ਪਿਆ, ਜਿਵੇਂ ਕਿਸੇ ਘੂਕੀ ਨੀਂਦੇ ਸੁੱਤਾ ਹੋਵੇ..।’

ਕੋਈ ਕਹਿੰਦਾ ਜ਼ਿਆਦਾ ਪੀ ਲਈ ਹੋਊ...ਕੋਈ ਕਹਿੰਦਾ ਤਾਜ਼ੀ ਤਾਜ਼ੀ ਕੱਢੀ ਗਰਮ ਡੱਫ ਲਈ...ਉਹ ਕਾਲਜਾ ਚੱਟ ਗਈ..। ਤਰ੍ਹਾਂ ਤਰ੍ਹਾਂ ਦੀਆਂ ਮੂੰਹ ਆਈਆਂ ਕਿਆਸ-ਅਰਾਈਆਂ ਉੱਠ ਰਹੀਆਂ ਸਨ।

ਉਸ ਦਾ ਰੋਜ਼ ਦਾ ਸਾਥੀ ਕੇਵਲ ਸਿੰਘ ਜੋ ਇਹਦੇ ਵਾਂਗ ਹੀ ਛੜਾ-ਛਾਂਡ ਸੀ। ਇਹਨਾਂ ਦੀ ਬਹੁਤ ਬਣਦੀ ਸੀ। ਉਹ ਅਜੇ ਤੱਕ ਨਹੀਂ ਸੀ ਆਇਆ, ਹਸਪਤਾਲ ਵਿਚ ਬਿਮਾਰ ਦਾਖਲ ਸੀ ਕਈ ਦਿਨਾਂ ਦਾ ਤੇ ਅਜੇ ਇਹ ਦੋ ਦਿਨ ਪਹਿਲੇ ਹੀ ਉਸ ਦੀ ਖੈਰ-ਸੁੱਖ ਪੁੱਛ ਕੇ ਆਇਆ ਸੀ। ਉਸ ਦੀ ਹਾਲਤ ਬਾਰੇ ਬੜਾ ਫਿਕਰਮੰਦ ਸੀ।

ਬਾਬੇ ਕੇਵਲ ਨੇ ਆਉਂਦੇ ਡਿੱਗਦੇ ਢਹਿੰਦੇ ਇਕ ਲੰਮੀ ਹੇਕ ਵਰਗੀ ਲੇਰ ਮਾਰੀ।

‘ਉ ਛੱਡ ਗਿਐਂ ਮੇਰੇ ਯਾਰਾਂ...ਮੇਰੇ ਤੋਂ ਪਹਿਲਾਂ! ਤੈਨੂੰ ਕੀ ਹੋ ਗਿਆ..ਉ ਤੂੰ ਮੇਰੇ ਨਾਲ ਕਿਹੜੀ ਦੁਸ਼ਮਣੀ ਪੁਗਾਈ? ਤੂੰ ਤਾਂ ਕੱਚਿਆਂ ਨਾਲੋਂ ਵੀ ਕੱਚਾ ਨਿਕਲਿਆ।’

ਉਹ ਅੱਗੇ ਆਇਆ...ਲਾਸ਼ ਦੇ ਸਾਰੇ ਹੱਥ ਪੈਰ ਟੋਹੇ, ਅੰਗ ਅੰਗ ਪਲੋਸ ਕੇ ਵੇਖੇ...ਤੇ ਉਸ ਦੇ ਮੂੰਹ ਤੇ ਹੋਰ ਗਹਿਰੀ ਮੁਰਦਿਹਾਣੀ ਫੈਲ ਗਈ। ਉਸ ਨੇ ਲਾਸ਼ ਦੇ ਕੰਨ ਵਿਚ ਕੁਝ ਕਿਹਾ...ਤੇ ਉੱਪਰ ਉੱਠ ਕੇ ਇਕ ਹੋਰ ਉੱਚੀ ਧਾਹ ਮਾਰੀ।

‘ਯਾਰੀ ਹੋਵੇ ਤਾਂ ਇਹੋ ਜਿਹੀ...।’ ਲੋਕ ਗੱਲਾਂ ਕਰਨ ਲੱਗੇ।

‘ਉਏ ਮੇਰੀ ਅਮਾਨਤ ਦਸ ਹਜ਼ਾਰ ਕਿੱਥੇ ਛੱਡ ਗਿਐਂ ਕੀਹਦੇ ਕੋਲ। ਹਾਏ ਉਏ ਲੋਕੋ! ਮੈਂ ਇਹਨੂੰ ਕੱਲ੍ਹ ਹੀ ਦਸ ਹਜ਼ਾਰ ਫੜਾਏ ਸੀ, ਪਈ ਮੈਂ ਮਰਨ ਵਾਲਾ ਹਾਂ, ਇਹ ਮੇਰੇ ਮਰਨੇ ਤੇ ਖਰਚ ਕਰ ਦੇਈਂ। ਹਾਏ ਉਏ! ਤੂੰ ਪਹਿਲਾਂ ਤੁਰ ਗਿਆ...।’ ਕੁਝ ਲੋਕ ਅਚੰਭਿਤ ਹੋ ਰਹੇ ਸਨ, ਕੁਝ ਹੱਸ ਰਹੇ ਸਨ।

‘ਇਹ ਤਾਂ ਮਾਮਲਾ ਹੀ ਕੁਝ ਹੋਰ ਨਿਕਲਿਆ।’

☟ ☟ ☟

## ਸੇਵਾ ਮੁਕਤੀ

‘ਬੱਚੇ ਦਾ ਜਨਮ ਦਿਨ, ਵਿਆਹ ਦਾ ਦਿਨ, ਨਿਰਵਿਘਨ ਸਾਫ ਸੁਥਰੀ ਸੇਵਾ-ਮੁਕਤੀ ਦਾ ਦਿਨ, ਇਹ ਤਿੰਨੇ ਸ਼ੁਭ ਸ਼ਗਨਾਂ ਵਾਲੇ ਹੁੰਦੇ ਹਨ।’ ਹੋਰਾਂ ਦੀ ਵਿਦਾਈ ਸਮੇਂ ਉਹ ਅਕਸਰ ਪ੍ਰਵਚਨ ਕਰਿਆ ਕਰਦਾ ਸੀ।

ਅੱਜ ਉਹ ਆਪ ਮੁੱਖ ਪਾਤਰ ਸੀ ਤੇ ਉਸ ਦੇ ਅੱਗੇ-ਪਿੱਛੇ ਫਿਰਨ ਵਾਲੇ ਉਸ ਦੇ ਸਾਥੀ ਅਮਲਾ-ਫੈਲਾ ਸਭ ਉਸ ਦੀ ਸ਼ੁਭ ਵਿਦਾਇਗੀ ਲਈ ਇਕਠੇ ਹੋਏ ਸਨ। ਉਸ ਦੇ ਬਾਸ ਨੇ ਉਸ ਦੀਆਂ ਪ੍ਰਾਪਤੀਆਂ ਤੇ

ਕੰਮ-ਕਾਜ ਕਰਨ ਦੇ ਢੰਗ ਤਰੀਕੇ ਦੀ ਖੁੱਲ੍ਹ ਕੇ ਪ੍ਰਸੰਸਾ ਕੀਤੀ ਸੀ। ਇਸ ਤਰਾਂ ਸਭ ਬੁਲਾਰਿਆਂ ਨੇ ਉਸ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹ ਕੇ ਉਸ ਦੀ ਬੱਲੇ ਬੱਲੇ ਕਰਾ ਦਿੱਤੀ। ਬੇਲੀ ਰਾਮ ਜੋ ਕਿੰਨੀ ਦੇਰ ਤੋਂ ਇਸ ਦਿਨ ਦੀ ਉਡੀਕ ਵਿਚ ਸੀ ਕਿ ਕਦ ਇਹ ਦਿਨ ਆਏ ਜਦ ਉਸ ਦੀ ਕੁਰਸੀ 'ਤੇ ਉਸ ਦੇ ਚਿੱਤੜ ਟਿਕਣ ਤੇ ਅੱਜ ਉਸ ਦੇ ਮੱਥੇ ਦੀ ਲਾਲੀ ਉਸ ਦੀ ਅੰਤਰੀਵੀ ਪ੍ਰਸੰਨਤਾ ਦੀ ਗਵਾਹੀ ਭਰ ਰਹੀ ਸੀ। ਉਹ ਹਾਰਾਂ ਵਿਚ ਲੁਕਿਆ ਆਪਣੇ ਬਾਰੇ ਵਿਖਿਆਨ ਸੁਣ ਸੁਣ ਕੇ ਲਾਲ-ਸੂਹਾ ਹੋ ਰਿਹਾ ਸੀ। ਉਸ ਵਿਚ ਏਨੇ ਗੁਣ ਹਨ ਜੋ ਉਸ ਨੂੰ ਨੌਕਰੀ ਵਿਚ ਰਹਿੰਦੇ ਸਮੇਂ ਕਿਸੇ ਨੇ ਨਹੀਂ ਦੱਸੇ ਸਨ।

ਢੋਲ ਢਮੱਕੇ ਬੈਂਡ ਵਾਜੇ ਨਾਲ ਦਫ਼ਤਰ ਦੇ ਸਾਰੇ ਸਾਥੀ ਉਸ ਨੂੰ ਘਰ ਤੱਕ ਛੱਡਣ ਗਏ। ਸੱਚ ਮੁਚ ਹੀ ਇਹ ਇਕ ਜਲੂਸ ਸੀ, ਦੁਲਹੇ ਵਾਲਾ ਜਲੂਸ। ਉਸ ਦੇ ਆਂਡੀ ਗਵਾਂਢੀ ਵੀ ਉਸ ਦੀ ਇਸ ਸ਼ਾਨਦਾਰ ਸੇਵਾ ਮੁਕਤੀ 'ਤੇ ਰਸਕ ਕਰ ਰਹੇ ਸਨ। ਪਰ ਘਰ ਦੇ ਵਿਹੜੇ ਵੜਦੇ ਉਸ ਦਾ ਚਿਹਰਾ ਕੁਛ ਕੁਛ ਰੰਗ ਬਦਲਨ ਲੱਗਾ।

ਬੋਤਲਾਂ ਦੇ ਡੱਟ ਖੁੱਲ੍ਹੇ। ਉਸ ਦੇ ਲੜਕਿਆਂ ਨੇ ਵਧ ਚੜ੍ਹ ਕੇ ਆਪਣੇ ਡੈਡੀ ਦੇ ਸਾਥੀਆਂ ਦੀ ਖ਼ਾਤਰਦਾਰੀ ਕੀਤੀ।

ਪੈੱਗ ਟੁਣਕੇ,

'ਫਾਰ ਦੀ ਬੈੱਸਟ ਹੈਲਥ ਆਫ ਨੰਦਾ ਸਾਹਿਬ।'

ਸਭਨਾਂ ਨੇ ਗਿਲਾਸ ਮੂੰਹ ਨੂੰ ਲਾ ਕੇ ਚਟਕਾਰੇ ਲਗਾਏ...। ਗੱਪ ਸ਼ੱਪ ਲਗਾ ਰਹੇ ਸਨ...ਅੰਨ੍ਹੇ ਨੂੰ ਬੋਲਾ ਘੜੀਸ ਰਿਹਾ ਸੀ...ਪਰ ਉਹ ਚੁੱਪ ਚਾਪ ਉਦਾਸ, ਸੋਚਾਂ ਵਿਚ ਗਲਤਾਨ ਸੀ।

ਬਾਹਰੋਂ ਢੋਲੀ ਨੇ ਢੋਲ ਨੂੰ ਡੱਗਾ ਲਗਾ ਦਿੱਤਾ ਜਿਵੇਂ ਕਿਸੇ ਨੇ ਉਹਨੂੰ ਹਾੜਾ ਦੇਣ ਸਮੇਂ ਕਿਹਾ ਹੋਵੇ 'ਚੁੱਕ ਦੇ ਢੋਲੀਆ...।' ਤੇ ਫਿਰ ਢੋਲ ਦੀ ਤਾਲ ਨਾਲ ਅੰਦਰ ਗਈ ਦਾਰੂ ਪੈਰਾਂ 'ਤੇ ਭਾਰੂ ਹੋ ਗਈ। ਕੁਝ ਕੁਝ ਡਾਨਸ-ਕਰਤਾ ਭੰਗੜੇ ਲਈ ਨਿੱਤਰ ਆਏ। ਬੇਲੀ ਰਾਮ ਇਸ ਕੰਮ ਵਿਚ ਮੋਹਰੀ ਸੀ। ਉਹ ਨੰਦਾ ਸਾਹਿਬ ਨੂੰ ਬਾਂਹੋਂ ਫੜ ਕੇ ਉਠਾਉਣ ਲਈ ਅੱਗੇ ਵਧਿਆ...ਪਰ ਉਸ ਨੇ ਮੂੰਹ ਜਿਹਾ ਮਰੋੜ ਕੇ ਨਾਂਹ ਕਰ ਦਿੱਤੀ।

ਉਸ ਦਾ ਲੜਕਾ ਐਮ. ਏ. ਪਾਸ ਜੋ ਅਜੇ ਤੱਕ ਰੋਜ਼ਗਾਰ ਦਫ਼ਤਰ ਦੇ ਰਜਿਸਟਰਾਂ ਤੇ ਚੜ੍ਹਿਆ ਨੌਕਰੀ ਸੀ ਤਲਾਸ਼ ਵਿਚ ਸੀ, ਉਸ ਨੇ ਅੱਗੇ ਆ ਕੇ ਸ੍ਰਿਸ਼ਟਾਚਾਰ ਵਜੋਂ ਪਿਤਾ ਨੂੰ ਉਹਨਾਂ ਨਾਲ ਰਲਣ ਦੀ ਬੇਨਤੀ ਕੀਤੀ।

ਤਾੜ ਕਰਦੀ ਚਪੇੜ ਮੁੰਡੇ ਦਾ ਮੂੰਹ ਭਵਾ ਗਈ।

'ਕੰਜਰ ਦਿਉ। ਮੈਂ ਬੇ-ਰੁਜ਼ਗਾਰ ਹੋ ਗਿਆ ਤੇ ਤੁਹਾਨੂੰ ਇਹ ਜਸ਼ਨ ਸੁੱਝਦੇ ਨੇ... ਮੇਰੇ ਲੜਕੇ ਬੇਰੁਜ਼ਗਾਰ, ਦੋ ਲੜਕੀਆਂ ਵਿਆਹੁਣ ਯੋਗ ਮੇਰੇ ਦਰ ਤੇ ਬੈਠੀਆਂ...।'

ਉਹ ਪਿਛਲੇ ਪੈਰੀਂ ਡਿੱਗ ਪਿਆ..। ਸਾਰਿਆਂ ਦੇ ਗਿਲਾਸ ਡਲ੍ਹਕ ਪਏ ਤੇ ਪੈਰ ਥੰਮ ਗਏ... ਰੰਗ 'ਚ ਭੰਗ ਪੈ ਗਿਆ। ਡਾਕਟਰ ਨੂੰ ਬੁਲਾਇਆ, ਉਸ ਨੇ ਸਿਰ ਫੇਰ ਦਿੱਤਾ।

'ਜੋ ਮਰਨਾ ਹੀ ਸੀ ਤਾਂ ਕੁਝ ਘੰਟੇ ਪਹਿਲਾਂ ਮਰ ਜਾਂਦਾ, ਆਪਣੇ ਕਿਸੇ ਧੀ ਪੁੱਤ ਨੂੰ ਨੌਕਰੀ ਦੁਆ ਜਾਂਦਾ... ਸੇਵਾ ਮੁਕਤੀ ਦੇ ਪੈਸੇ ਦੂਣੇ ਟੱਬਰ ਨੂੰ ਮਿਲਦੇ।' ਰੋਣ ਪਿੱਟਣ ਦੇ ਸ਼ੋਰ-ਸ਼ਰਾਬੇ ਵਿਚ ਇਹ ਤਰ੍ਹਾਂ ਤਰ੍ਹਾਂ ਦੀਆਂ ਆਵਾਜ਼ਾਂ ਗੁੰਮ ਹੋ ਗਈਆਂ।

# ਐਪ੍ਰਲ-ਫੂਲ

ਡਾਕਟਰ ਭੱਲਾ ਉਦਾਸ ਜਿਹੇ ਮਨ ਨਾਲ ਕੁਰਸੀ ’ਤੇ ਬੈਠਾ ਦੋਹਾਂ ਪੁੜਪੁੜੀਆਂ ਨੂੰ ਹੱਥਾਂ ਵਿੱਚ ਘੁੱਟੀ ਅਪਣੇ ਆਪ ’ਤੇ ਖਿਝ ਰਿਹਾ ਸੀ। ਉਸਦਾ ਪੈਂਤੀ ਬਿਸਤਰਿਆਂ ਵਾਲਾ ਏਨਾ ਵੱਡਾ ਹਸਪਤਾਲ ਅੱਜ ਲੱਗ ਪਗ ਮਰੀਜ਼ਾਂ ਤੋਂ ਖਾਲੀ ਸੀ। ਇੱਕ ਕਮਰੇ ਵਿੱਚ ਇੱਕ ਮਰੀਜ਼ ਜਿਸ ਦਾ ਪਿਛਲੇ ਪੰਦਰਾਂ ਦਿਨਾਂ ਤੋਂ ਉਪਰੇਸ਼ਨ ਕੀਤਾ ਸੀ, ਛੁੱਟੀ ਦੇਣ ਦੇ ਬਿਲਕੁਲ ਕਾਬਲ ਸੀ ਤੇ ਇੱਕ ਹੋਰ ਜੋ ਕਈ ਦਿਨਾਂ ਤੋਂ ਜੀਵਨ ਮੌਤ ਵਿਚਾਲੇ ਲਟਕ ਰਿਹਾ ਸੀ, ਕਿਸੇ ਹੋਰ ਵੱਡੇ ਹਸਪਤਾਲ ਵਿੱਚ ਭੇਜਣ ਦੇ ਯੋਗ ਸੀ ਪਰ ਡਾਕਟਰ ਭੱਲਾ ਦੁਚਿੱਤੀ ਵਿੱਚ ਫਸਿਆ ਪਿਆ ਸੀ। ਇਨ੍ਹਾਂ ਦੋਵਾਂ ਨੂੰ ਛੁੱਟੀ ਦੇ ਕੇ ਉਹ ਆਪਣਾ ਹਸਪਤਾਲ ਬਿਲਕੁਲ ਸੁੰਨਾ ਨਹੀਂ ਸੀ ਕਰਨਾ ਚਾਹੁੰਦਾ। ਮੱਥੇ ਦੀ ਤਰੇਲੀ ਪੂੰਝਦੇ ਪੂੰਝਦੇ ਉਹ ਬਾਹਰ ਗੇਟ ਤੱਕ ਗਿਆ। ਸੜਕ ਦੇ ਦੋਨੋਂ ਪਾਸੇ ਸੱਜੇ ਖੱਬੇ ਨਜ਼ਰ ਦੌੜਾਈ। ਕੋਈ ਵੀ ਮਰੀਜ਼ ਨਹੀਂ ਸੀ ਆ ਰਿਹਾ।

‘ਟਰਨ... ਟਰਨ...।’ ਉਸ ਨੇ ਵਾਪਸ ਦੌੜ ਕੇ ਟੈਲੀਫੋਨ ਦਾ ਚੋਗਾ ਚੁੱਕਿਆ।

‘ਹੈਲੋ! ... ਹਾਂ ਜੀ, ... ਹਾਂ, ... ਇਹ ਐਮਰਜੈਂਸੀ ਹਸਪਤਾਲ! ਹਾਂ ... ਹਾਂ ਇਹੀ ਹੈ...।’

ਟੈਲੀਫੋਨ ਸੁਣਦੇ ਸੁਣਦੇ ਡਾਕਟਰ ਕਈ ਵਾਰ ਕੁਰਸੀ ਤੋਂ ਬੁੜ੍ਹਕਿਆ। ਇੱਕ ਉਮੀਦ ਭਰੀ ਖੁਸ਼ੀ ਦੀ ਝਲਕ ਉਸਦੇ ਮੱਥੇ ਉੱਤੇ ਉੱਗ ਆਈ।

‘‘ਜੀ ਹਾਂ... ਸਾਡੇ ਕੋਲ ਬੜੇ ਬੈੱਡ ਖਾਲੀ ਨੇ... ਸਾਡੇ ਕੋਲ ਸਾਰਾ ਇੰਤਜ਼ਾਮ ਹੈ। ਕਿੱਥੇ ਹੋਇਆ... ਐਕਸੀਡੈਂਟ?... ਕਿੰਨੇ ਕੁ ਜ਼ਖਮੀ...? ਪੰਜਾਹ ਸੱਠ...?’ ਉਸਨੇ ਚੁਟਕੀ ਮਾਰੀ ਤੇ ਨਾਲ ਹੀ ਕਾਲ ਬੈੱਲ।

‘ਸਿਸਟਰ ...!’

‘ਯੈਸ ਸਰ ... ਕੀ ਹੋਇਐ ਸਰ!’ ਡਾਕਟਰ ਦੀ ਉਤਸ਼ਾਹ ਭਿੱਜੀ ਘਬਰਾਹਟ ਵੇਖ ਕੇ ਸਿਸਟਰ ਦਾ ਚਿਹਰਾ ਵੀ ਹੈਰਾਨੀ ’ਚ ਰੰਗਿਆ ਗਿਆ।

‘ਇਨ੍ਹਾਂ ਦੋਵਾਂ ਮਰੀਜ਼ਾਂ ਨੂੰ ਫੌਰਨ ਛੁੱਟੀ ਦੇ ਕੇ ਬੈੱਡ ਖਾਲੀ ਕਰਾਉ। ਜੀ. ਟੀ. ਰੋਡ ’ਤੇ ਬੜਾ ਵੱਡਾ ਹਾਦਸਾ ਹੋਇਆ। ਅੱਜ ਸਾਡਾ ਸਾਰਾ ਹਸਪਤਾਲ ਭਰ ਜਾਏਗਾ ਜ਼ਖ਼ਮੀਆਂ ਨਾਲ, ਮਰੀਜ਼ਾਂ ਨਾਲ, ਕੁਰਬਲ ਕੁਰਬਲ ਹੋਵੇਗੀ, ਰੌਣਕ ਲੱਗ ਜਾਏਗੀ।

ਦੋਵਾਂ ਮਰੀਜ਼ਾਂ ਨੂੰ ਡਿਸਚਾਰਜ ਸਲਿੱਪ ਦੇ ਕੇ ਡਾਕਟਰ ਆਪਣੀ ਟੀਮ ਨਾਲ ਐਂਬੂਲੈਂਸ ਗੱਡੀ ਵਿੱਚ ਬਾਹਰ ਨਿਕਲਿਆ। ਦਵਾਈ ਵਾਲੇ ਸਟੋਰ ਕੋਲ ਬਰੇਕ ਮਾਰ ਕੇ ਕੈਮਿਸਟ ਨੂੰ ਢੇਰ ਸਾਰੀਆਂ ਦਵਾਈਆਂ ਤੇ ਮਲ੍ਹਮ ਪੱਟੀਆਂ ਦਾ ਇੰਤਜ਼ਾਮ ਕਰਨ ਲਈ ਤਾਕੀਦ ਕਰਕੇ ਕੈਮਿਸਟ ਦੇ ਮੱਥੇ ’ਤੇ ਵੀ ਉਮੀਦ ਦਾਗ਼ ਦਿੱਤੀ ਤੇ ਦੱਸੀ ਹੋਈ ਥਾਂ ’ਤੇ ਪਹੁੰਚਿਆ।

‘ਕਿੱਥੇ ਹੋਇਆ ਐਕਸੀਡੈਂਟ?’ ਚੌਂਕ ਵਿੱਚ ਖੜ੍ਹੀਆਂ ਸਵਾਰੀਆਂ ਤੋਂ ਡਾਕਟਰ ਨੇ ਬੜੀ ਗੰਭੀਰਤਾ ਨਾਲ ਪੁੱਛਿਆ।

‘ਨਹੀਂ, ਕਿਤੇ ਨਹੀਂ! ਇਥੇ ਤੇ ਕੁਝ ਵੀ ਨਹੀਂ ਹੋਇਆ।’ ਸਵਾਰੀਆਂ ਦਾ ਨਾਂਹ-ਵਾਚਕ ਜਵਾਬ ਸੁਣ ਕੇ ਡਾਕਟਰ ਸ਼ਰਮਿੰਦਾ ਜਿਹਾ ਹੋ ਗਿਆ। ਉਸਨੇ ਆਸਾ ਪਾਸਾ ਘੋਖਿਆ। ਹੱਥ ਦੇ ਕੇ ਦੋਵਾਂ ਪਾਸਿਆਂ ਤੋਂ ਆਉਂਦੇ ਜਾਂਦੇ ਟਰੱਕ ਬੱਸਾਂ ਰੋਕ ਰੋਕ ਕੇ ਪੁੱਛਿਆ, ਮਤਾਂ ਕਿਤੇ ਹੋਰ ਥਾਂ, ਕਿਸੇ ਹੋਰ ਪਾਸੇ, ਅਜਿਹਾ ਹਾਦਸਾ ਹੋਇਆ ਹੋਵੇ ਪਰ ਕਿਸੇ ਨੇ ਵੀ ਉਸ ਨੂੰ ਉਸਦੀ ਤਸੱਲੀ ਵਾਲੀ ਉਮੀਦ-ਭਰੀ ਖ਼ਬਰ ਨਾ ਦਿੱਤੀ। ਡਾਕਟਰ ਹਰ ਬੱਸ, ਟੈਕਸੀ ਨੂੰ ਬੜੇ ਗਹੁ ਨਾਲ ਦੇਖਦਾ, ਕਿਤੇ ਕਿਸੇ ਵਿਚੋਂ ਹੀ ਕੋਈ ਜ਼ਖ਼ਮੀ ਨਿਕਲ ਆਏ ਜਾਂ ਦਿਸ ਪਵੇ ਪਰ ਇਸ ਤਰ੍ਹਾਂ ਨਾ ਹੋਇਆ।

ਪਰੇ ਖੜ੍ਹਾ ਸਮਾਜ ਸੇਵਕ ਟੋਪੀ ਰਾਮ ਮਸ਼ਕਰੀਆਂ ਵਿੱਚ ਹੱਸ ਰਿਹਾ ਸੀ,

'ਕਿੱਦਾਂ ਆਏ ਡਾਕਟਰ ਸਾਹਿਬ?' ਉਸ ਨੇ ਗੱਲ੍ਹਾਂ ਭੁਕਾਨੇ ਵਾਂਗ ਫੈਲਾਈਆਂ।

'ਜੀ ਜੀ ਟੈਲੀਫੋਨ ਗਿਆ ਸੀ ਹੁਣੇ ਕਿ ਇਸ ਕਾਲੇ ਵਾਲੇ ਚੌਂਕ ਵਿੱਚ ਬੜੀ ਭਿਆਨਕ ਟੱਕਰ ਹੋਈ ਹੈ ਦੋ ਬੱਸਾਂ ਦੀ...।'

'ਓ ਨਹੀਂ ਜਨਾਬ! ਇੱਥੇ ਤਾਂ ਸਭ ਸੁੱਖ ਸਾਂਦ ਹੈ। ਤੁਸੀਂ ਹਰ ਵਕਤ ਇਹੀ ਨਾ ਸੁੱਖਣਾ ਸੁੱਖਦੇ ਰਿਹਾ ਕਰੋ। ਗਿਰਝਾਂ ਦੇ ਕਹੇ ਕਦੇ ਪਸ਼ੂ ਨਹੀਂ ਮਰਦੇ। ਤੁਹਾਨੂੰ ਪਤੈ ਅੱਜ ਕੀ ਦਿਨ ਹੈ?' ਟੋਪੀ ਰਾਮ ਨੇ ਡਾਕਟਰ ਨੂੰ ਪੈਰਾਂ ਤੋਂ ਹੀ ਨਹੀ ਹਲੂਣ ਦਿੱਤਾ ਸਗੋਂ ਉਸ ਦੇ ਸਾਰੇ ਸੁਪਨੇ ਵੀ ਖੇਰੂੰ-ਖੇਰੂੰ ਕਰ ਦਿੱਤੇ।

'ਇੱਕ ਅਪ੍ਰੈਲ?' ਉਸ ਨੇ ਘੜੀ ਵੱਲ ਵੇਖਿਆ।

'ਯਾਨੀ ਕਿ ਫਸਟ ਅਪ੍ਰੈਲ। ਤੁਹਾਨੂੰ ਜ਼ਰੂਰ ਕਿਸੇ ਨੇ ਫੂਲ ਬਣਾਇਆ ਹੈ...। ਏਪਰਿਲ ਫੂਲ... ਸਮਝੇ ਨਾ? ਫਸਟ ਐਪਰਲ ਫੂਲ!'

ਉਹ ਹੱਸਦਾ ਹੱਸਦਾ ਦੋਹਰਾ ਚੌਹਰਾ ਹੋਈ ਜਾਂਦਾ, ਡਾਕਟਰ ਦਾ ਮੋਢਾ ਥਾਪੜਨ ਲੱਗਾ।

## ਕਚਹਿਰੀਆਂ ਦੀ ਰੂਹ

ਡਾਕਟਰ ਲਿਖਾਰੀ ਦੀ ਥਾਂ ਡਾਕਟਰ ਗੁਪਤਾ ਦਾ ਬੋਰਡ ਪੜ੍ਹ ਕੇ ਮੈਨੂੰ ਕੁਝ ਹੈਰਾਨੀ ਜਿਹੀ ਹੋਈ। ਡਾਕਟਰ ਲਿਖਾਰੀ ਨੂੰ ਮਿਲੇ ਮੈਨੂੰ ਬਹੁਤ ਦੇਰ ਨਹੀਂ ਹੋਈ ਸੀ। ਉਸ ਨੇ ਮੈਨੂੰ ਦੱਸਿਆ ਕਿਉਂ ਨਹੀਂ ? ਉਸ ਨੇ ਛੱਡਿਆ ਕਿਉਂ ਹੈ? ਹੋ ਸਕਦਾ ਉਸ ਦੇ ਵਿਦੇਸ਼ੀ ਸਹੁਰਿਆਂ ਨੇ ਉਸ ਦੀ ਨੌਕਰੀ ਵਿਚ ਕੋਈ ਭਾਨੀ ਮਾਰ ਦਿਤੀ ਹੋਵੇ। ਉਸ ਦੀ ਕਿਸੇ ਬਾਹਰਲੀ ਵਿਦੇਸ਼ੀ ਲੜਕੀ ਨਾਲ ਕੁੜਮਾਈ ਹੋਈ ਸੀ, ਜਿਸਦੀ ਦੂਰੋਂ ਨੇੜਿਉਂ ਇਸ ਹਸਪਤਾਲ ਦੇ ਸਰਪ੍ਰਸਤ ਨਾਲ ਸਕੀਰੀ ਸੀ ਤੇ ਰਿਸ਼ਤਾ ਟੁੱਟਣ ਨਾਲ ਇਹ ਨੌਕਰੀ ਵੀ ਟੁੱਟ ਗਈ ? ਕਈ ਤਰ੍ਹਾਂ ਦੇ ਖਿਆਲ ਮੇਰੇ ਮਨ ਵਿਚ ਆਉਂਦੇ ਰਹੇ ਤੇ ਜਾਂਦੇ ਰਹੇ।

'ਡਾਕਟਰ ਤਾਂ ਡਾਕਟਰ ਹੀ ਹੈ... ਕੋਈ ਹੋਵੇ, ਡਾਕਟਰ ਲਿਖਾਰੀ ਜਾਂ ਡਾਕਟਰ ਗੁਪਤਾ।'

ਇਕ ਬੀਬੀ ਬਾਹਰੋਂ ਆ ਕੇ ਡਾਕਟਰ ਦੀ ਕੁਰਸੀ 'ਤੇ ਬੈਠ ਗਈ।

'ਮੈਂ ਦੰਦ ਵਿਖਾਉਣਾ ਹੈ...।' ਮੈਂ ਅੱਗੇ ਹੋ ਕੇ ਮੂੰਹ ਵੱਲ ਉਂਗਲ ਕਰਦਾ ਹਾਂ।

'ਬੈਠੋ...ਪਰਚੀ ਲੈ ਆਉ...।' ਉਸ ਨੇ ਬਾਹਰ ਸਵਾਗਤੀ ਕਾਉਂਟਰ ਵੱਲ ਉਂਗਲ ਕੀਤੀ। ਮੈਂ ਪੰਦਰਾਂ ਰੁਪੇ ਦੇ ਕੇ ਇਕ ਪਰਚੀ, ਡਾਕਟਰ ਨੂੰ ਮਿਲਣ ਦੀ ਰਾਹਦਾਰੀ ਲੈ ਕੇ ਵਾਪਸ ਆਇਆ।

ਉਸ ਨੇ ਦੰਦਾਂ ਦੀ ਕੁਰਸੀ ਵੱਲ ਇਸ਼ਾਰਾ ਕੀਤਾ। ਇਕ ਸ਼ੀਸ਼ੇ ਵਾਲੀ ਡੰਡੀ ਨਾਲ ਉਪਰੋਂ ਥੱਲਿਉਂ ਮੇਰੇ ਸਾਰੇ ਦੰਦ ਵੇਖੇ ਤੇ ਟਣਕਾਏ।

' ਕੀ ਤਕਲੀਫ਼ ਹੈ? ਦੰਦ ਤਾਂ ਤੁਹਾਡੇ ਠੀਕ ਹਨ।' ਉਸ ਨੇ ਮੈਥੋਂ ਤਕਲੀਫ਼ ਪੁੱਛਣੀ ਚਾਹੀ।

'ਇਹ ਇਕ ਖੋੜ, ਥੋੜੀ ਜਿਹੀ ਭੁਰ ਗਈ ਸੀ। ਮੈਂ ਕਿਹਾ, ਹੋਰ ਜ਼ਿਆਦਾ ਨਾ ਹੋ ਜਾਵੇ। ਇਹ ਮੈਂ ਇਥੋਂ ਹੀ ਭਰਾਈ ਸੀ, ਡਾਕਟਰ ਲਿਖਾਰੀ ਤੋਂ।'

'ਇਹ ਤਾਂ ਠੀਕ ਹੈ, ਅਜੇ ਚੱਲ ਸਕਦੀ ਹੈ। ਕੁਝ ਕੰਪਲੀਕੇਟਿਡ ਹੈ, ਚੱਲਣ ਦਿਉ ਅਜੇ...ਹਾਂ, ਇਹ ਇਕ ਹੋਰ ਹੈ, ਇਹ ਉੱਪਰ ਵਾਲੀ... ਇਸ ਨੂੰ ਕੀੜਾ ਲੱਗਣਾ ਸ਼ੁਰੂ ਹੋ ਗਿਆ ਹੈ।' ਉਸ ਨੇ ਇਕ ਦੰਦ ਠਕੋਰ ਕੇ ਕਿਹਾ।

'ਤਾਂ ਫਿਰ ਇਹੀ ਕਰ ਦਿਉ...।'

'ਇਸ ਦਾ ਐਕਸ-ਰੇ ਕਰਨਾ ਪਵੇਗਾ ...ਪਲੀਜ਼ ਡੋਂਟ ਮਾਈਂਡ, ਕਾਊਂਟਰ ਤੇ ਪੰਜਾਹ ਰੁਪੈ ਜਮਾਂ ਕਰਾ ਆਉ। ਨਾਲ ਹੀ ਐਕਸ-ਰੇ ਕਮਰਾ ਹੈ'। ਉਸ ਨੇ ਪਰਚੀ 'ਤੇ ਕੁਝ ਲਿਖ ਕੇ ਮੈਨੂੰ ਬਾਹਰ ਵੱਲ ਤੋਰ ਦਿੱਤਾ।

'ਡਾਕਟਰ ਸਾਹਿਬ ਤੁਹਾਨੂੰ ਕਿੱਦਾਂ ਜਾਣਦੇ ਸਨ?' ਮੇਰੇ ਵਾਪਸੀ ਤੱਕ ਉਹ ਮੁਸਕਰਾ ਰਹੀ ਸੀ।

'ਮੇਰੇ ਜਾਣਕਾਰ ਸਨ... ਕਿੱਥੇ ਗਏ ਨੇ ਉਹ? ਕਿਉਂ ਗਏ ਨੇ?' ਮੈਂ ਬੈਠਦੇ ਬੈਠਦੇ ਸਵਾਲ ਕਰ ਦਿੱਤੇ।

'ਉਹਨਾਂ ਦੇ ਇਥੇ ਰਹਿਣ ਨਾਲ ਕਲੀ ਨਿਕ ਨੂੰ ਘਾਟਾ ਪੈ ਰਿਹਾ ਸੀ, ਇਸ ਲਈ ਮੈਨੇਜਮੈਂਟ ਨੂੰ ਉਹਨਾਂ ਦੀ ਛੁੱਟੀ ਕਰਨੀ ਪਈ।'

'ਪਰ ਇਹ ਤਾਂ ਖਰੈਤੀ ਹਸਪਤਾਲ ਹੈ। ਮੈਨੂੰ ਪਤੈ ਲੱਖਾਂ ਕਰੋੜਾਂ ਰੁਪੇ ਬਾਹਰੋਂ ਦਾਨ ਆਉਂਦਾ ਹੈ, ਵਿਦੇਸ਼ੀ ਸ਼ਰਧਾਲੂਆਂ ਤੋਂ।'

'ਬੱਸ ਜੀ ਅੱਗੇ ਕੁਝ ਨਾਂ ਪੁੱਛਿਓ!' ਉਹ ਹੱਸ ਪਈ।

'ਹਾਂ ਦੱਸੋ ਕਿਹੜੀ ਭਰਾਉਣੀ ਹੈ, ਕਿੱਦਾਂ ਭਰਾਉਣੀ ਹੈ? ਵਲੈਤੀ ਜਾਂ ਦੇਸੀ?'

'ਮੈਨੂੰ ਪਤੈ ਤੁਸੀਂ ਠੀਕ ਹੀ ਭਰੋਗੇ, ਚੰਗੀ ਭਰੋਗੇ, ਇਹ ਤਾਂ ਡਾਕਟਰ ਦਾ ਕੰਮ ਹੈ... ਜੋ ਠੀਕ ਲਗਦਾ... ਕਰੋ।' ਮੈਂ ਖੁੱਲ੍ਹੀ ਛੁੱਟੀ ਦੇ ਦਿੱਤੀ। ਉਸ ਨੇ ਅਟੈਂਡੈਂਟ ਨੂੰ ਮਸਾਲਾ ਰਲਾਉਣ ਲਈ ਕਿਹਾ।

'ਪਰ ਮੈਨੂੰ ਤਾਂ ਇਸ ਦੰਦ ਦੀ ਜ਼ਰਾ ਜਿੰਨੀ ਵੀ ਤਕਲੀਫ਼ ਨਹੀਂ ਸੀ। ਚਲੋ ਕਰੋ...।' ਮੈਂ ਆਪਣੇ ਫੇਰੇ ਦਾ ਲਾਹਾ ਲੈਣਾ ਚਾਹਿਆ।

'ਬਾਬਾ ਜੀ ਬੜੇ ਸਖ਼ਤ ਨੇ ... ਇਥੇ ਕੋਈ ਤਕੜਾ ਹੀ ਟਿਕ ਸਕਦਾ। ਨਾਲੇ ਜੀ.., ਪੈਸਾ ਤਾਂ ਸਭ ਨੂੰ ਹੀ ਪਿਆਰਾ ਹੈ। ਸਭ ਮਾਂ-ਪਿਉ, ਧੀ-ਪੁੱਤ ਪੈਸੇ ਦੇ ਹੀ ਯਾਰ ਨੇ...।' ਉਸ ਨੇ ਆਪਣੀ ਫਿਲਾਸਫ਼ੀ ਸਮਝਾਉਣ ਦੀ ਕੋਸ਼ਿਸ਼ ਕੀਤੀ।

'ਹਾਂ ਜੀ ਮੈਨੇਜਮੈਂਟ ਸਖ਼ਤ  ਤਾਂ ਹੋਣੀ ਹੀ ਚਾਹੀਦੀ ਹੈ। ਇਹਨਾਂ ਨੂੰ ਤੁਹਾਡੇ ਵਰਗੇ ਹੋਰ ਮਿਹਨਤੀ ਤੇ ਯੋਗ ਡਾਕਟਰ ਦੀ ਲੋੜ ਸੀ।' ਮੈਂ ਵਿਅੰਗ ਜਿਹਾ ਕੀਤਾ।

'ਹਾਂ ਜੀ, ਹਾਂ... ਇਹ ਵੀ ਤਾਂ ਸਭ ਤੋਂ ਵੱਡੀ ਗੱਲ ਹੈ...।'

ਡਾਕਟਰ ਨੇ ਆਪਣੀਆਂ ਜ਼ੁਲਫਾਂ ਸਵਾਰ ਕੇ ਉੱਪਰ ਸੁੱਟਦੇ ਕਹੀ।

ਡਾਕਟਰ ਨੇ ਹੈਂਡ ਪੀਸ ਨਾਲ ਕਚਰ ਕਚਰ  ਕਰਕੇ ਮੇਰਾ ਉਹ ਦੰਦ ਖਰੋਦਣਾ ਸ਼ੁਰੂ ਕੀਤਾ, ਖਰੋਦਦੀ ਰਹੀ, ਜਿੰਨਾ ਚਿਰ ਲਹੂ ਦੇ ਤੁਬਕੇ ਮੇਰੇ ਮੂੰਹ ਵਿਚ ਨਾਂ ਨਿਕਲ ਆਏ। ਮੈਂ ਘਬਰਾਇਆ, ਐਵੇਂ ਬੈਠੇ ਸੁੱਤੇ ਪੁਆੜਾ ਪਾ ਲਿਆ, ਚੰਗੇ ਭਲੇ ਦੰਦ ਨੂੰ ਬੱਜ ਲਵਾ ਬੈਠਾ। ਪਰ ਫਸੀ ਨੂੰ ਫੁੜਕਣ ਕੀ ?

'ਬੱਸ ਥੋੜ੍ਹਾ ਜਿੰਨਾ ਹੋਰ...।'

ਮੈਂ ਲਹੂ ਦੀ ਭਰੀ ਥੁੱਕ ਚੁਲੀ ਬਾਹਰ ਸੁੱਟੀ, ਪਾਣੀ ਦਾ ਗਿਲਾਸ ਮੂੰਹ ਨੂੰ ਲਗਾ ਕੇ ਫਿਰ ਚੁਲੀ ਕੀਤੀ।

'ਬੱਸ ਥੋੜ੍ਹਾ ਜਿੰਨਾ ਹੋਰ...।' ਮੈਂ ਕਸੀਸ ਵੱਟ ਕੇ ਸਭ ਕੁਝ ਜਰਦਾ ਰਿਹਾ, ਉਹ ਆਪਣੀ ਮਨਮਰਜ਼ੀ ਕਰਦੀ ਰਹੀ।

'ਜਦ ਅਸੀਂ ਪੈਸੇ ਪੂਰੇ ਲੈਣੇ ਨੇ ਤਾਂ ਕੰਮ ਵੀ ਤਾਂ ਪੂਰਾ ਕਰਾਂਗੇ, ਤੁਹਾਡੀ ਚੰਗੀ ਤਰਾਂ ਤਸੱਲੀ ਕਰਾਵਾਂਗੀ। ਇਹਦੇ ਨਾਲ ਡਾਕਟਰ ਦੀ ਵੀ ਸ਼ਾਨ ਹੈ ਤੇ ਹਸਪਤਾਲ ਦੀ ਵੀ।' ਹੱਥ ਦੇ ਨਾਲ-ਨਾਲ ਉਸ ਦਾ ਮੂੰਹ ਵੀ ਚਲਦਾ ਰਿਹਾ।

ਡਾਕਟਰ ਨੇ ਮਸਾਲਾ ਭਰਿਆ, ਮੇਰੇ ਦੰਦ ਵਿਚ ਫਸਾ ਕੇ ਪਚਕਾਰੀ ਜਿਹੀ ਘੁੱਟ ਦਿੱਤੀ। ਫਿਰ ਹੈਂਡ ਪੀਸ ਚੱਲਿਆ, ਕਚਰ-ਕਚਰ ਹੋਈ। ਉਸਨੇ ਮੇਰੇ ਮੂੰਹ ਵਿਚ ਰੂੰ ਦਾ ਤੂੰਬਾ ਦੇ ਕੇ ਮੇਰੀ ਖ਼ਲਾਸੀ ਕੀਤੀ।

'ਲਉ ਦੇਖੋ ਚੈੱਕ ਕਰੋ। ਸਾਹਮਣੇ ਸ਼ੀਸ਼ੇ ਵਿਚ ਵੇਖੋ... ਕਿੰਨਾ ਸੁੰਦਰ ਬਣ ਗਿਆ ਦੰਦ...।'

'ਔਹ ਲਉ! ਪੈਸੇ ਜਮ੍ਹਾਂ ਕਰਵਾ ਦਿਉ...ਸਾਹਮਣੇ ਖਿੜਕੀ 'ਤੇ...।' ਪਰਚੀ ਤੇ ਕੁਝ ਅੱਖਰ ਝਰੀਟਦੇ ਉਸਨੇ ਝੱਟ ਦੇਣੀ ਕਿਹਾ। ਮੈਂ ਉਤਸੁਕਤਾ ਨਾਲ ਪਰਚੀ ਫੜੀ।

'ਕਿੰਨੇ ... ?'

'ਦੋ ਸੌ ਪੰਜਾਹ ਰੁਪੇ...।'

ਉਸ ਨੇ ਪਰਚੀ ਫੜਾਉਂਦੇ ਬਾਹਰ ਵੱਲ ਇਸ਼ਾਰਾ ਕੀਤਾ।

ਮੈਂ ਪਰਚੀ ਫੜੀ, ਆਪਣੀ ਜੇਬ ਟੋਹੀ ਤੇ ਆਪਣੇ ਸਵੈਮਾਨ ਨੂੰ ਬਰਕਰਾਰ ਰੱਖਣ ਲਈ ਖਿੜਕੀ ਤੇ ਸਾਰੀ ਜੇਬ ਖਾਲੀ ਕਰਕੇ ਦੋ ਸੌ ਪੰਜਾਹ ਰੁਪੇ ਦੀ ਲਾਲ ਰੰਗ ਦੀ ਇਕ ਰਸੀਦ ਲੈ ਕੇ ਬਾਹਰ ਆ ਗਿਆ, ਖਰੈਤੀ ਹਸਪਤਾਲ ਵਿਚੋਂ।

ਹੁਣ ਮੈਨੂੰ ਡਾਕਟਰ ਲਿਖਾਰੀ ਤੇ ਡਾਕਟਰ ਗੁਪਤਾ ਦੀ ਵਿਦਵਤਾ ਦੇ ਫਰਕ ਦਾ ਜ਼ਰਾ ਜਿੰਨਾ ਵੀ ਸ਼ੱਕ-ਸ਼ੁਭਾ ਨਹੀਂ ਸੀ ਰਿਹਾ।

ਬਾਹਰ ਨਿਕਲ ਕੇ ਤੂੰਬੇ ਨੂੰ ਟਟੋਲ ਦਾ ਸਾਈਕਲ ਵੱਲ ਅਹਲਿਆ। ਇਕ ਸੱਜਣ ਹੱਥ 'ਚ ਪੁਲਿਸ-ਮੈਨ ਦੀ ਚਾਲਾਨ-ਬੁੱਕ ਵਾਂਗ ਇਕ ਕਾਪੀ ਫੜੀ ਹੈਂਡਲ ਨੂੰ ਹੱਥ ਪਾਈ ਖੜਾ ਸੀ। ਮੈਂ ਚਾਬੀ ਲਗਾਉਣ ਲੱਗਾ। ਉਸ ਨੇ ਇਕ ਪਰਚੀ ਕੱਟ ਕੇ ਮੇਰੇ ਵੱਲ ਵਧਾਈ..

'ਤਿੰਨ ਰੂਪੈ...।'

ਮੈਂ ਦੋਬਾਰਾ ਜੇਬ ਨੂੰ ਹੱਥ ਪਾਇਆ। ਕੁਝ ਭਾਨ ਬਾਕੀ ਸੀ। ਤਿੰਨ ਰੂਪੈ ਪੂਰੇ ਕਰਕੇ ਉਸ ਨੂੰ ਚਲਦਾ ਕੀਤਾ।

ਲੋਕ ਕਹਿੰਦੇ ਕਚਹਿਰੀਆਂ ਦੇ ਰੁੱਖ ਵੀ ਖੀਸੇ ਟੋਹਣ ਨੂੰ ਭੁੱਖੇ ਹੁੰਦੇ ਨੇ ਪਰ ਮੈਨੂੰ ਅੱਜ ਕਚਹਿਰੀਆਂ ਦੀ ਰੂਹ ਇਸ ਖ਼ੈਰਾਇਤੀ ਹਸਪਤਾਲ 'ਚ ਭਟਕਦੀ ਦਿਸ ਰਹੀ ਸੀ।

## ਦਾਅਵਤ

ਅੱਛਰੂ ਵਲੈਤੀਆ ਜਿਸ ਦਾ ਮੁੰਡਾ, ਜੋ ਚੁਰਾਸੀ ਦੇ ਗੇੜ ਵਿੱਚ ਪੰਜਾਬ ਪੁਲਸ ਦੀ ਹੱਡ ਭੰਨਣੀ ਤੋਂ ਡਰਦਾ ਬਾਹਰ ਚਲਾ ਗਿਆ ਸੀ, ਦਸ ਸਾਲਾਂ ਬਾਅਦ ਘਰ ਵਾਪਸ ਮੁੜਿਆ। ਉਸ ਦੀ ਆਮਦ ਵਿਚ ਜਸ਼ਨ

ਮਨਾਉਣ ਦਾ ਪ੍ਰੋਗਰਾਮ ਸੀ। ਪਿੰਡ ਦੇ ਸ਼ਰੀਕੇ ਬਰਾਦਰੀ ਨੂੰ ਵਲੈਤ ਦਾ ਰੁਹਬ ਦਿਖਾਉਣ ਲਈ ਸਭ ਨੂੰ ਦਾਅਵਤ ਦਿੱਤੀ ਗਈ। ਵਿਸਕੀ ਦੀਆਂ ਕਈ ਪੇਟੀਆਂ, ਮੀਟ, ਮੁਰਗਾ ਤੇ ਹੋਰ ਖਾਧ-ਪਦਾਰਥ ਪਹੁੰਚ ਗਏ। ਹਲਵਾਈ ਲੱਗ ਗਏ। ਕੜਾਹੀਆਂ ਵਿਚੋਂ ਸੜੂੰ-ਸੜੂੰ ਦੀਆਂ ਆਵਾਜ਼ਾਂ ਆਉਣ ਲੱਗੀਆਂ। ਹੌਲੀ-ਹੌਲੀ ਸੱਦੇ ਵਾਲੇ ਵੀ ਪਹੁੰਚ ਗਏ। ਗਲਾਸੀਆਂ ਟੁਣਕੀਆਂ। ਬਾਹਰ ਢੋਲ ਵਾਲੇ ਢੋਲੀ ਤੇ ਮਰਾਸੀ ਨੇ ਵੀ ਆ ਅਲਖ ਜਗਾਈ। ਥੋੜ੍ਹੀ ਦੇਰ ਵਿੱਚ ਹੀ ਵਿਆਹ ਵਾਲੇ ਘਰ ਵਾਂਗ ਜਸ਼ਨ ਹੋਣ ਲੱਗੇ।

ਦਗੜ-ਦਗੜ ਕਰਦੇ ਦਨ-ਦਨਾਂਦੇ ਪੰਜ ਸੱਤ ਸਿਪਾਹੀ ਬਿਨ ਬੁਲਾਏ ਮਹਿਫਲ ਵਿੱਚ ਘੁਸ ਆਏ।

ਸਾਰੇ ਮਹਿਮਾਨ ਠਠੰਬਰ ਗਏ। ਲਾਲ ਵਰਦੀਆਂ ਦੇਖ ਕੇ ਬਹੁਤਿਆਂ ਦੀ ਪੀਤੀ ਲੱਥ ਗਈ।

'ਆਉ ਜਨਾਬ! ਜੀ ਆਇਆਂ ਨੂੰ।' ਅੱਛਰ ਸਿੰਘ ਥਾਣੇਦਾਰ ਨਾਲ ਹੱਥ ਮਿਲਾ ਕੇ ਵਿਹੜੇ ਦੀ ਦੂਸਰੀ ਨੁਕਰੇ ਲੈ ਗਿਆ।

'ਅਸੀਂ ਕਿਹਾ, ਅੱਛਰੂ ਦਾ ਮੁੰਡਾ ਵਲੈਤੋਂ ਖੱਟੀ ਕਮਾਈ ਕਰਕੇ ਲਿਆਇਆ, ਚਲੋ ਵਧਾਈ ਹੀ ਦੇ ਆਈਏ।' ਥਾਣੇਦਾਰ ਨੇ ਝੂਠੀ ਜਿਹੀ ਹਾਸੀ ਹੱਸਦੇ ਅੱਛਰੂ ਨਾਲ ਦੋਬਾਰਾ ਹੱਥ ਮਿਲਾਇਆ।

'ਤੁਹਾਨੂੰ ਵੀ ਬਹੁਤ ਬਹੁਤ ਵਧਾਈ ਜਨਾਬ! ਤੁਹਾਡਾ ਹੀ ਤਾਂ ਬੱਚਾ ਹੈ। ਤੁਸੀਂ ਸੇਵਾ ਦੱਸੋ, ਦਾਸ ਹਾਜ਼ਰ ਹੈ।' ਅੱਛਰੂ ਨੇ ਜੇਬ ਵਿਚ ਹੱਥ ਪਾਇਆ।

'ਨਹੀਂ ਸੇਵਾ ਕੋਈ ਨਹੀਂ। ਮੈਂ ਅੱਜ ਪਿਛਲੀਆਂ ਮਿਸਲਾਂ ਫੋਲ ਰਿਹਾ ਸੀ। ਤੁਹਾਡੇ ਲੜਕੇ ਦਾ ਨਾਮ ਨਿਕਲ ਆਇਆ ਕਿ ਇਹ ਬੜਾ ਵੱਡਾ ਨਾਮੀ ਖਾੜਕੂ ਸੀ, ਚੁਰਾਸੀ ਦੇ ਗੇੜ ਵਿੱਚ।'

'ਉ ਬੱਚਿਆਂ ਵਾਲਿਉ... ਤੁਹਾਨੂੰ ਪਤੈ ? ਇਹ ਕਿੱਦਾਂ ਝੂਠੀਆਂ ਮਿਸਲਾਂ ਬਣੀਆਂ। ਉਸ ਵੇਲੇ ਕਿੰਨੇ ਸਾਰੇ ਬੇ-ਕਸੂਰ, ਬੇ ਗੁਨਾਹ ਤੇ ਸ਼ਰੀਫ਼ ਜਵਾਨ ਮੁੰਡੇ ਖਾੜਕੂ ਗਰਦਾਨੇ ਗਏ ਸਨ ਤੇ ਹੁਣ ਤੁਸੀਂ ਆਪ ਮਾਲਕ ਹੋ, ਲਕੀਰ ਫੇਰ ਦਿਉ ਇਹਨਾਂ ਤੇ।' ਅੱਛਰੂ ਨੇ ਥਾਣੇਦਾਰ ਦੀਆਂ ਨਜ਼ਰਾਂ 'ਚੋਂ ਹਮਦਰਦੀ ਦੀ ਤਲਾਸ਼ ਵਿੱਚ ਤਰਲਾ ਜਿਹਾ ਕੀਤਾ।

'ਕਿਉਂ ਭਾਈ ਹੌਲਦਾਰ! ਇਸ ਦਾ ਕੀ ਇਲਾਜ ਕਰੀਏ ਫਿਰ?' ਥਾਣੇਦਾਰ ਹੌਲਦਾਰ ਨੂੰ ਸੰਬੋਧਨ ਹੋਇਆ।

'ਜਨਾਬ ਇੰਨੇ ਕਿਹੜਾ ਸਾਨੂੰ ਦਾਅਵਤ ਦਿਤੀ ਐ।' ਦੋਵੇਂ ਹੱਸਦੇ ਹਨ।

'ਪੁਲਸ ਨੂੰ ਨਿਉਂਦਾ ਕੌਣ ਦਿੰਦਾ ਹੈ? ਉਹਨਾਂ ਨੇ ਤਾਂ ਬਿਨ ਬੁਲਾਏ ਮਹਿਮਾਨਾਂ ਵਾਂਗ ਆ ਹੀ ਟਪਕਣਾ ਹੈ।'

ਚਿੰਤੂ ਅਮਲੀ ਦੀ ਚੋਟ ਨੇ ਗਲਾਸੀਆਂ ਦੀ ਟੁਣਕਾਰ ਵਿੱਚ ਹਾਸੇ ਦਾ ਛਰਾਟਾ ਵਰ੍ਹਾ ਦਿੱਤਾ।

'ਮਾਫ਼ ਕਰਨਾ ਜਨਾਬ! ਇਹਦਾ ਗੁੱਸਾ ਨਾਂ ਕਰਿਉ, ਇਹ ਤਾ ਕਮਲਾ ਹੈ।' ਅੱਛਰੂ ਨੇ ਨੋਟਾਂ ਦੀ ਦੱਥੀ ਕੱਢ ਕੇ ਥਾਣੇਦਾਰ ਵੱਲ ਵਧਾਈ।

'ਨਹੀਂ, ਨਹੀਂ। ਇਕ ਵਾਰ ਤਾਂ ਤੇਰਾ ਮੁੰਡਾ ਥਾਣੇ ਲਿਜਾ ਣਾ ਹੋਊ। ਡਿਪਟੀ ਦੇ ਪੇਸ਼ ਕਰਨ ਪਊ। ਜਲਦੀ ਹਾਜ਼ਰ ਕਰੋ ਉਸਨੂੰ।' ਥਾਣੇਦਾਰ ਨੇ ਰੋਹਬ ਝਾੜਿਆ।

'ਕੋਈ ਨਾ ਕਲਗੀਆਂ ਵਾਲਿਉ! ਬੈਠੋ, ਖਾਉ, ਪੀਉ... ਇਹ ਤਾਂ ਬਹੁਤ ਸ਼ਰੀਫ਼ ਟੱਬਰ ਹੈ, ਮੁੰਡਾ ਵੀ ਮਿਲ ਜਾਊ।' ਨੰਬਰਦਾਰ ਨੇ ਅੱਛਰੂ ਦੀ ਸਫ਼ਾਈ ਪੇਸ਼ ਕੀਤੀ।

'ਲਉ ਫੜੋ।'

ਲੰਬੜ ਨੇ ਪੈੱਗ ਲਗਾ ਕੇ ਥਾਣੇਦਾਰ ਦੇ ਅੱਗੇ ਕਰਕੇ ਉਸਨੂੰ ਧੁੜਧੁੜੀ ਜਿਹੀ ਛੇੜ ਦਿੱਤੀ।

ਥਾਣੇਦਾਰ ਤੇ ਹੌਲਦਾਰ ਦੀਆਂ ਨਜ਼ਰਾਂ ਟਕਰਾਈਆਂ।

ਹੌਲਦਾਰ ਦਾ ਇਸ਼ਾਰਾ ਸਮਝ ਕੇ ਸਾਹਿਬ ਇਕੋ ਸਾਹੇ ਸਾਰਾ ਗਿਲਾਸ ਚੜ੍ਹਾ ਗਿਆ। ਸਾਰੀ ਟੀਮ ਨੇ ਰੱਜ ਕੇ ਦਾਰੂ ਪੀਤੀ। ਵਧੀਆਂ ਘਟੀਆਂ ਮੁਰਗੇ ਦੀਆਂ ਟੰਗਾਂ ਜੋ ਸਾਰੇ ਮਹਿਮਾਨਾਂ ਨੇ ਖਾਣੀਆਂ ਸਨ, ਇਹ ਇਕੱਲੇ ਛੇ ਜਣੇ, ਵਿਸ਼ੇਸ਼ ਮਹਿਮਾਨ ਚੱਟਮ ਕਰ ਗਏ।

'ਚੰਗਾ ਭਈ! ਅਸਾਂ ਅਜੇ ਅੱਗੇ ਵੀ ਗਸ਼ਤ 'ਤੇ ਜਾਣਾ ਹੈ। ਕੱਲ੍ਹ ਨੂੰ ਮੁੰਡੇ ਨੂੰ ਪੇਸ਼ ਕਰ ਦਿਉ।'

ਥਾਣੇਦਾਰ ਨੇ ਢਿੱਡ ਤੇ ਹੱਥ ਫੇਰ ਕੇ ਨੋਟਾਂ ਦੀ ਦੱਥੀ ਪਲੋਸਦੇ ਫੁੰਕਾਰਾ ਜਿਹਾ ਮਾਰਿਆ।

'ਛੱਡੋ ਜਨਾਬ! ਉਹ ਤਾਂ ਸਾਰੇ ਮਨਘੜਤ ਝੂਠੇ ਮੁਕੱਦਮੇ ਸਨ, ਹੁਣ ਤਾਂ ਮੁੰਡਾ ਦਸ ਸਾਲ ਬਾਹਰ ਵੀ ਲਗਾ ਆਇਆ ਹੈ। ਬਡਾ ਨੇਕ ਹੈ ਸਾਊ ਹੈ। ਦਸਾਂ ਸਾਲਾਂ 'ਚ ਪੈਸੇ ਕਮਾ ਕੇ, ਭੇਜ ਕੇ ਘਰ ਦੀ ਕਾਇਆਂ ਪਲਟ ਦਿੱਤੀ ਹੈ, ਘਰ ਨੂੰ ਭਾਗ ਲਗਾ ਦਿੱਤੇ ਨੇ। ਇਸਦੇ ਪਿਉ ਦਾਦਿਆਂ ਦੇ ਪਸ਼ੂ, ਕਾਂ ਚਾਰਦੇ ਹੁੰਦੇ ਸੀ ਤੇ ਹੁਣ ਇਹ ਕਾਰਾਂ ਕੋਠੀਆਂ ਮਹੱਲਾਂ ਦੇ ਮਾਲਕ ਨੇ।'

ਬਹੁਤ ਲੋਕਾਂ ਨੇ ਸ਼ਾਹਦੀ ਭਰੀ। ਥਾਣੇਦਾਰ ਦਾ ਹਮ ਪਿਆਲਾ ਬਣਨ ਕਰਕੇ ਸਾਰੇ ਸ਼ੇਰ ਬਣੇ ਖੜ੍ਹੇ ਸਨ।

'ਚਲੋ ਜੀ ਜਾਣ ਦਿਉ ਫਿਰ, ਕੰਮ ਆਉਣ ਵਾਲੀ ਸਾਮੀ ਹੈ।'

ਹੌਲਦਾਰ ਨੇ ਸਿਫਾਰਸ਼ ਕੀਤੀ। ਉਨ੍ਹਾਂ ਦਾ ਝੂਠਾ ਦਬਕਾ ਕੰਮ ਸਾਰ ਗਿਆ ਸੀ।

'ਚੱਲ ਗਿਆ ਤੇ ਤੀਰ, ਨਹੀ ਤਾਂ ਤੁੱਕਾ ਹੀ ਸਹੀਂ।'

ਉਹ ਤਾਂ ਸਿਰਫ਼ ਰੋਜ਼ਾਨਾ ਗਸ਼ਤ 'ਤੇ ਹੀ ਨਿਕਲੇ ਸਨ ਕਿ ਇਥੇ ਤੰਬੂ ਕਨਾਤਾਂ, ਰੌਣਕ ਮੇਲਾ ਵੇਖ ਕੇ ਉਹਨਾਂ ਦੇ ਮਨ ਇਹ ਫੁਰਨਾ ਫੁਰ ਆਇਆ ਸੀ ਜੋ ਚੰਗਾ ਕਾਰਗਰ ਤੇ ਲਾਹੇਵੰਦਾ ਸਾਬਤ ਹੋਇਆ ਤੇ ਅੱਗੇ ਤੋਂ ਵੀ ਇਹ ਆਪਣੇ ਘੜੇ ਦੀ ਮੱਛੀ ਬਣ ਗਈ, ਜਦ ਮਰਜ਼ੀ ਫੜ ਲੌ ਤੇ ਭੁੰਨ ਸੁੱਟੋ। ਥਾਣੇਦਾਰ ਹੌਲਦਾਰ ਦੀ ਦੂਰ ਅੰਦੇਸ਼ੀ ਤੇ ਬੜਾ ਪ੍ਰਭਾਵਿਤ ਹੋਇਆ।

'ਪਰ ਏਦਾਂ ਕਰਨਾਂ! ਇੱਕ ਵਿਸਕੀ ਦੀ ਪੇਟੀ ਤੇ ਹੋਰ ਸਾਗ ਸਬਜ਼ੀ ਥਾਣੇ ਭੇਜ ਦਿਉ। ਉਥੇ ਵੀ ਦਸ ਮੁਲਾਜ਼ਮ ਤੁਹਾਡੀ ਪਾਰਟੀ ਦੀ ਇੰਤਜ਼ਾਰ ਕਰ ਰਹੇ ਹਨ।' ਸ਼ਾਬਾਸ਼-ਧੰਨਵਾਦ-ਮੁਬਾਰਕ....।'

👎 👎 👎

## ਵਿਚਾਰੀ ਸਵੀਟੀ

ਤਿੱਖੜ ਦੁਪਹਿਰੇ ਲੰਮਾ ਪੰਧ ਮੁਕਾ ਕੇ ਮੈਂ ਮੁੜ੍ਹਕੋ ਮੁੜ੍ਹਕੀ ਹੋਇਆ ਆਪਣੇ ਘਰ ਦਾ ਦਰਵਾਜ਼ਾ ਖੜਕਾਇਆ। ਮੇਰੀ ਜੀਭ ਸੁੱਕ ਕੇ ਤਾਲੂ ਨਾਲ ਲਗਦੀ ਜਾ ਰਹੀ ਸੀ, ਪਾਣੀ ਦੀ ਪਿਆਸ ਵਿਚ। ਅੱਗੋਂ ਪਤਨੀ ਸਾਹਿਬਾ ਨੇ ਰੋਜ਼ ਵਾਂਗ ਮੁਸਕਾਨ ਭਰ ਕੇ ਦਰਵਾਜ਼ਾ ਖੋਲ੍ਹਿਆ। ਮੈਂ ਵੀ ਮੁਸਕਰਾਇਆ ਪਰ ਮੈਨੂੰ ਉਸ ਤੇ ਅੱਜ ਗੁੱਸਾ ਜਿਹਾ ਆ ਗਿਆ। ਏਨੀ ਗਰਮੀ ਵਿਚ ਤਾਂ ਉਸਨੂੰ ਪਾਣੀ ਦਾ ਗਿਲਾਸ ਲੈ ਕੇ ਫੌਰਨ ਆਉਣਾ ਚਾਹੀਦਾ ਸੀ ਪਰ ਖੈਰ, ਇਹ ਹੋਰ ਉਡੀਕਣ ਦਾ ਵੇਲਾ ਨਹੀਂ ਸੀ। ਮੈਂ ਬਰਾਂਡੇ ਚੋਂ ਅੱਗੇ ਵਧਿਆ ਤਾਂ ਜੋ ਆਪ ਹੀ ਫ਼ਰਿੱਜ ਵਿਚੋਂ ਪਾਣੀ ਦਾ ਘੁੱਟ ਲੈ ਕੇ ਪਿਆਸ ਬੁਝਾਵਾਂ।

'ਠਹਿਰੋ...!' ਪਤਨੀ ਦੌੜ ਕੇ ਅੱਗੇ ਮੇਰਾ ਰਸਤਾ ਮੱਲ ਖੜ੍ਹੀ ਹੋਈ।

'ਕੀ ਹੋਇਆ...?' ਮੇਰੇ ਪੈਰਾਂ ਨੂੰ ਸੰਗਲ ਲੱਗ ਗਏ।

‘ਉਹ ਜੀ! ਸਵੀਟੀ ਸੀ ਨਾਂ...?’ ਪਤਨੀ ਨੇ ਹਟਕੋਰੇ ਜਿਹੇ ਭਰਦੇ ਗੱਲ ਤੋਰੀ।

‘ਹਾਂ! ਕੀ ਹੋਇਐ ਉਸਨੂੰ ...।’ ਮੈਨੂੰ ਚਿੰਤਾ ਜਿਹੀ ਮਹਿਸੂਸ ਹੋਈ।

‘ਨਹੀਂ! ਹੋਇਆ ਤਾਂ ਕੁਝ ਨਹੀਂ, ਉਹ ਵਿਚਾਰੀ ਵਿਆਹੀ ਗਈ ਸੀ ਨਾ ਪਿਛਲੇ ਸਾਲ! ਕੈਨੇਡਾ ਵਾਲੇ ਲਾੜੇ ਨਾਲ! ਉਸ ਦਾ ਘਰ ਵਾਲਾ...।’ ਉਹ ਗੱਲ ਲਟਕਾਉਂਦੀ ਹੈ।

‘ਛੇਤੀ ਦੱਸ ਕੀ ਹੋਇਆ? ਉਸ ਦੇ ਘਰ ਵਾਲੇ ਨੂੰ...।’

ਮੈਂ ਬੇਸਬਰਾ ਹੋ ਜਾਂਦਾ ਹਾਂ ਤੇ ਇੰਤਜ਼ਾਰ ਕਰਦਾ ਹਾਂ ਕਿ ਅਗਲੇ ਹੀ ਪਲ ਕਹੇਗੀ... ਮੁੱਕ ਗਿਆ ਵਿਚਾਰਾ...।

‘ਜੀ ਉਸ ਦਾ ਟੈਲੀਫੋਨ ਆ ਰਿਹਾ ਹੈ? ਇਕ ਘੰਟੇ ਦਾ ... ਸਵੀਟੀ ਸੁਣ-ਸੁਣ ਕੇ ਕਈ ਵਾਰੀ ਰੋਈ ਹੈ ਤੇ ਕਈ ਵਾਰੀ ਹੱਸੀ ਹੈ।’ ਪਤਨੀ ਦਾ ਗਚ  ਹਿਰਖ ਜਿਹੇ ਨਾਲ ਭਰਿਆ ਪਿਆ ਹੈ।

‘ਵਿਚਾਰੀ ਸਵੀਟੀ!’

ਮੈਨੂੰ ਤਰਸ ਆਉਂਦਾ ਹੈ। ਉਸ ਨਾਲ ਹਮਦਰਦੀ ਜਾਗ ਪੈਂਦੀ ਹੈ। ਪਰ ਮੈਂ ਜ਼ਬਰਦਸਤੀ ਸਾਰੇ ਨਾਕੇ ਤੋੜ ਕੇ ਫ਼ਰਿੱਜ ਖੋਲ ਕੇ ਪਾਣੀ ਦੀ ਬੋਤਲ ਮੂੰਹ ਵਿਚ ਉਲਟਾ ਲੈਂਦਾ ਹਾਂ।

ਸਵੀਟੀ ਦੀ ਅਵਾਜ਼ ਮੱਧਮ ਹੋ ਗਈ ਹੈ। ‘ਅੰਕਲ ਆ ਗਏ ਨੇ...।’

ਉਸ ਨੇ ਹੌਲੀ ਜਿਹੀ ਕਿਹਾ ਪਰ ਮੈਨੂੰ ਸੁਣ ਪਿਆ।

‘ਨਹੀ! ਨਹੀ! ਕੋਈ ਨਾ... ਗੋ ਆਨ...।’

ਮੈਂ ਉਸ ਦੇ ਰੰਗ ਵਿਚ ਭੰਗ ਪਾ ਕੇ ਪਛਤਾਉਂਦਾ ਪਿਛੇ ਮੁੜਦਾ ਹਾਂ। ਉਹ ਰੋਂਦੀ-ਰੋਂਦੀ ਨੱਕ ਦੀ ਨਲੀ ਸੁਣਕਦੀ ਇਕ ਵੇਰਾਂ ਫਿਰ ਹੱਸੀ ਹੈ।

‘ਹਾਂ ਸੱਚ ਮੈਂ ਭੁੱਲ ਗਈ... ਉਹ ਕਾਂਤੀ ਵਿਚਾਰੀ ਸੀ ਨਾਂ, ਜਿਸ ਦਾ ਸਾਡੇ ਨਾਲ ਹੀ ਵਿਆਹ ਹੋਇਆ ਸੀ, ਅਮਰੀਕਾ ਵਾਲੇ ਪੰਜਾਹ ਸਾਲੇ ਦਵ੍ਹਾਜੂ ਲਾੜੇ ਨਾਲ!’

‘..........।’

‘ਨਹੀ! ਗਈ ਕਿਥੇ ਵਿਚਾਰੀ... ਉਸ ਦੀ ਖ਼ਬਰ ਆਈ ਕਿ ਉਸ ਦੀਆਂ ਪਹਿਲੀਆਂ ਵੀ ਦੋ ਜ਼ਨਾਨੀਆਂ ਅਜੇ ਉਸ ਦਾ ਖਹਿੜਾ ਨਹੀ ਛੱਡਦੀਆਂ ਤੇ ਬਾਲ ਬੱਚੇ ਵੀ ਹੈਨਿ, ਢੇਰ ਸਾਰੇ। ਉਹ ਉਸ ਨੂੰ ਲਿਜਾਉਣ ਤੋਂ ਆਨਾ-ਕਾਨੀ ਕਰ ਰਿਹਾ। ਉਹ ਵਿਚਾਰੀ ਸੁਣ ਕੇ ਕੰਧਾਂ ਨੂੰ ਟੱਕਰਾਂ ਮਾਰਦੀ ਲਹੂ ਲੁਹਾਨ ਹੋ ਗਈ... ਹਸਪਤਾਲ ਦਾਖਲ ਹੈ...।’

ਸਵੀਟੀ ਦਾ ਗਲਾ ਭਰ ਆਇਆ ਹੈ।

‘ਹਾਏ! ਤੇ ਮੈਨੂੰ ਵੀ ਦੱਸੋ, ਮੈਂ ਹੁਣ ਕਿਹੜਾ ਖੂਹ ਟੋਭਾ ਗੰਦਾ ਕਰਾਂ ? ਹਾਏ ਮੇਰੇ ਰੱਬਾ?’ ਉਸ ਦੀਆਂ ਭੁੱਬਾਂ ਨਿਕਲ ਆਉਂਦੀਆਂ ਹਨ।

‘...........।’

‘ਜੇ ਚਾਰ ਸਾਲ ਵੀਜ਼ਾ ਨਹੀ ਸੀ ਲੱਗਣਾ ਤਾਂ ਮੈਨੂੰ ਕਿਉਂ ਡੋਬਿਆ?’

ਉਸ ਦੀ ਜ਼ਬਾਨ ਲਟਕ ਜਾਂਦੀ ਹੈ, ਟੈਲੀਫੋਨ ਦਾ ਚੋਗਾ ਥੱਲੇ ਡਿੱਗ ਕੇ ਕੜਕ ਦੀ ਅਵਾਜ਼ ਦਿੰਦਾ ਹੈ। ਉਸ ਦਾ ਸਰੀਰ ਢਿੱਲਾ ਪੈ ਜਾਂਦਾ ਹੈ।

ਮੇਰੀ ਪਤਨੀ ਉਧਰੋਂ ਦੌੜੀ ਆਉਂਦੀ ਹੈ। ਸਵੀਟੀ ਨੂੰ ਬੇਹੋਸ਼ ਵੇਖ ਕੇ ਉਹ ਵੀ ਬੇਹੋਸ਼ ਹੋਣ ਲਗਦੀ ਹੈ। ਮੈਂ ਦੌੜ ਕੇ ਬਾਹਰ ਜਾ ਕੇ ਉਨ੍ਹਾਂ ਦੇ ਘਰ ਖ਼ਬਰ ਕਰਦਾ ਹਾਂ। ਉਸ ਦੀ ਮਾਂ ਤੇ ਹੋਰ ਗਵਾਂਢੀ ਔਰਤਾਂ ਇਕੱਠੀਆਂ ਹੋ ਜਾਂਦੀਆਂ ਹਨ। ਜ਼ਨਾਨੀਆਂ ਨਾਲ ਮੇਰਾ ਘਰ ਭਰ ਜਾਂਦਾ ਹੈ।

'ਹਾਏ ਨੀ ਮਾਰ-ਤੀ ਮੇਰੀ ਧੀ, ਇਸ ਕਲਹਿਣੇ ਟੈਲੀਫੋਨ ਨੇ...।'

ਉਸ ਦੀ ਮਾਂ ਦੁਹੱਥੜਾਂ ਮਾਰ ਛਾਤੀ ਪਿੱਟਣ ਲੱਗੀ। ਮੇਰੀ ਪਤਨੀ ਰਸੋਈ ਚੋਂ ਦੁੱਧ ਦਾ ਗਿਲਾਸ ਗਰਮ ਕਰ ਕੇ ਲੈ ਆਈ। ਉਸ ਦਾ ਸਿਰ ਫੜ ਕੇ ਉਸ ਦੇ ਮੂੰਹ ਨੂੰ ਦੁੱਧ ਲਾਇਆ।

'ਖਾ ਲਿਆ ਨੀ ਇੰਨੇ ਮੇਰੀ ਕੂੰਜਾਂ ਵਰਗੀ ਲਾਡਲੀ ਨੂੰ।'

ਬੁੜ੍ਹੀ ਨੇ ਸਾਰਾ ਨਜ਼ਲਾ ਟੈਲੀਫੋਨ 'ਤੇ ਸੁੱਟ ਕੇ ਵੈਣ ਛੋਹ ਦਿੱਤੇ। ਮੇਰੀ ਪਤਨੀ ਸਵੀਟੀ ਨੂੰ ਘੁੱਟ ਰਹੀ ਸੀ। ਉਸ ਦੀਆਂ ਤਲੀਆਂ ਝੱਸ ਰਹੀ ਸੀ, ਉਸ ਨੂੰ ਦਿਲਾਸਾ ਦੇ ਰਹੀ ਸੀ, ਹੌਂਸਲਾ ਦੇ ਰਹੀ ਸੀ।

'ਕੁੜੇ ਦੱਸੋ ਤਾਂ ਸਹੀਂ ਕੀ ਹੋਇਆ ਇਹਨੂੰ...!'

ਇਕ ਹਮਦਰਦਣ ਦੀ ਆਵਾਜ਼ ਆਈ।

'ਨੀ ਹੋਣਾ ਕੀ ਸੀ? ਚੰਗੀ ਭਲੀ ਹਸੂੰ ਟੱਪੂੰ ਕਰਦੀ ਆਈ ਮੇਰੀ ਕੁੜੀ ... ਹਾ ਏ ... ਅ ..., ਇਸ ਟੈਲੀ ਤੋਂ ਕਰੰਟ ਲੱਗ ਗਿਆ, ਮੈਂ ਮਰ ਗਈ ਲੋਕੋ...ਲੁੱਟੀ ਗਈ...।'

ਮਾਂ ਨੇ ਦੁਹੱਥੜਾਂ ਨਾਲ ਢਿੱਡ ਪਿੱਟਦੇ ਲੇਰ ਮਾਰੀ।

'ਚੁੱਪ ਕਰ ਮਾਂ...।'

ਸਵੀਟੀ ਜੋ ਹੁਣ ਹੋਸ਼ ਵਿਚ ਆ ਚੁੱਕੀ ਸੀ, ਦੀ ਆਵਾਜ਼ ਸੁਣ ਕੇ ਉਸ ਦੀ ਮਾਂ ਦਾ ਮੂੰਹ ਬੰਦ ਹੋਇਆ। ਉਸ ਨੇ ਉੱਪਰ ਲਈ ਚੁੰਨੀ ਨਾਲ ਆਪਣੇ ਅੱਥਰੂ ਪੂੰਝਦੇ ਸਵੀਟੀ ਦਾ ਸਿਰ ਪਲੋਸਿਆ।

'ਸ਼ੁਕਰ ਐ ਰੱਬਾ! ਸ਼ੁਕਰ ਮੇਰੀ ਕੁੜੀ ਮੁੜ ਆਈ ਅਗਲੇ ਜਹਾਨੋਂ...।'

'ਨਹੀ ਮਾਤਾ ਇਹਨੂੰ ਕਰੰਟ ਇਸ ਟੈਲੀਫੋਨ ਤੋਂ ਨਹੀਂ ਲੱਗਾ... ਕੈਨੇਡਾ ਤੋਂ ਲੱਗਾ ਹੈ ... ਇਸ ਦੇ ਵਿਆਂਹਦੜ ਤੋਂ... ਰੀਮੋਟ ਕੰਟਰੋਲ ਨਾਲ, ਜਿਸ ਨੇ ਇਸਨੂੰ ਮਨਹੂਸ ਖ਼ਬਰ ਦਿੱਤੀ ਹੈ ਕਿ ਅਜੇ ਦੋ ਚਾਰ ਸਾਲ ਬਾਹਰ ਦੇ ਸੁਪਨੇ ਲੈਣੇ ਛੱਡ ਦੇਹ। ਪਹਿਲਾਂ ਪਹਿਲੀ ਤੋਂ ਛੁਟਕਾਰਾ ਹੋਊ, ਫੇਰ ਗਰੀਨ ਕਾਰਡ ਤੇ ਫਿਰ ਪੱਕਾ ਸ਼ਹਿਰੀ ਬਣਨ ਤੋਂ ਬਾਅਦ ਨਸੀਬ ਹੋਊ ਜਹਾਜ਼ ਦੀ ਟਿਕਟ, ਜੇ ਕਰਮ ਚੰਗੇ ਲਿਖੇ ਹੋਏ... ਜੇ ਵਿਦੇਸ਼ੀ ਯਾਤਰਾ ਲਿਖੀ ਹੋਈ ਰੇਖਾਵਾਂ ਵਿਚ....।'

ਮੇਰਾ ਗੁੱਸੇ ਜਿਹੇ ਵਾਲਾ ਵਿਖਿਆਨ ਸੁਣ ਕੇ ਉਹਨਾਂ ਦੋਨਾਂ ਮਾਵਾਂ ਧੀਆਂ ਨੇ ਫਿਰ ਅੱਖਾਂ ਪੂੰਝੀਆਂ ਤੇ ਭੀੜ ਖਿੰਡ ਪੁੰਡ ਗਈ।

👎 👎 👎

## ਕੰਜਕਾਂ

ਬੱਸ ਅੱਡੇ 'ਤੇ ਪਹੁੰਚਣ ਤੱਕ ਪੂਰਾ ਕਟੜਾ ਡੂੰਘੇ ਹਨੇਰੇ ਵਿਚ ਡੁੱਬ ਚੁੱਕਾ ਸੀ। ਇਕ ਮਿੰਟ ਦੀ ਮਿੰਟ ਮਨ ਦੀ ਦੋਚਿੱਤੀ ਨੂੰ ਠੁੰਮਣਾ ਦਿੱਤਾ... ਇਕ ਰਾਤ ਹੀ ਤਾਂ ਹੈ, ਅੱਜ ਦੀ! ਜਦ ਮਾਤਾ ਦੇ ਦਰਸ਼ਨ ਕਰ

ਸਕਦੇ ਹਾਂ। ਸਵੇਰੇ ਦਸ ਵਜੇ ਫੇਰ ਮਿਲਟਰੀ ਹਸਪਤਾਲ ਜੰਮੂ ਵਿਖੇ ਅੱਤਵਾਦ ਨਾਲ ਪੀੜਤ ਇੱਕ ਜ਼ਖ਼ਮੀ ਨੌਜਵਾਨ ਜੋ ਜ਼ਿੰਦਗੀ ਮੌਤ ਦੇ ਦਰਮਿਆਨ ਲਟਕ ਰਿਹਾ ਸੀ, ਦੀ ਤਰਫ਼ਦਾਰੀ ਲਈ ਜਾਣਾ ਸੀ। ਹਨੇਰੀਆਂ ਗਲੀਆਂ ਵਿਚੋਂ ਲੰਘਦੇ-ਲੰਘਦੇ ਇਕ ਪੜਾਅ 'ਤੇ ਪਹੁੰਚ ਗਏ, ਜਿਥੇ ਕਿਸੇ ਦੇ ਦੱਸਣ ਅਨੁਸਾਰ ਇਕ ਨਾਲਾ ਸੀ, ਖਤਰਨਾਕ ਨਾਲਾ ਤੇ ਇਸ ਤੋਂ ਪਾਰ ਉਪਰ ਪੌੜੀਆਂ ਚੜ੍ਹਦੀਆਂ ਨੇ ਮਾਤਾ ਦੇ ਦਰਬਾਰ ਲਈ। ਉਥੇ ਪਹੁੰਚ ਕੇ ਮਨ ਖਿੜਕ ਗਿਆ। ਅਜਿਹੇ ਹਨੇਰੇ ਵਿਚ ਅਨਜਾਣੇ ਰਾਹਾਂ, ਖਾਸ ਕਰਕੇ ਪਹਾੜੀ ਰਾਹਾਂ ਵਿਚ ਜਾਣਾ ਤਾਂ ਮੌਤ ਨੂੰ ਮਾਸੀ ਕਹਿਣ ਵਾਲੀ ਗੱਲ ਸੀ, ਪਿੱਛੇ ਮੁੜਨ ਦਾ ਫੈਸਲਾ ਕਰ ਲਿਆ ਪਰ ਨਾਲ ਹੀ ਮਨ ਦੀ ਡੂੰਘੀ ਸ਼ਰਧਾ ਕਿ ਮਾਤਾ ਦੇ ਦਰਸ਼ਨ ਕਰਨੇ ਹਨ, ਵਿਚ ਪਿਆ ਵਿਘਨ, ਮੈਂ ਮਾੜੇ ਕਰਮਾਂ ਦੇ ਲੇਖੇ ਲਾ ਕੇ ਪਿੱਛੇ ਪੈਰ ਪੁੱਟਿਆ।

ਪਿਛਲੇ ਦਿਨਾਂ ਦਾ ਕੌੜਾ ਤਜਰਬਾ ਮੈਨੂੰ ਪਿੱਛੇ ਮੁੜਨ ਲਈ ਹੋਰ ਤੁੱਖਣਾ ਦੇਣ ਲੱਗਾ।

ਮੇਰੇ ਮਨ ਦੀ ਬੱਚਿਆਂ ਵਾਲੀ ਜਿੱਦ ਕੇ ਮੈਂ ਸਵਾ ਰੁਪਿਆ ਭੇਟ ਕਰਨ ਤੋਂ ਬਿਨਾਂ ਹੀ ਜਵਾਲਾ ਉਤਪੰਨ ਹੋਣ ਦੀ ਕਿਰਿਆ ਦੇਖਾਂਗਾ, ਨਾਲ ਪੁਜਾਰੀ ਨੇ ਬੜੀਆਂ ਨਫ਼ਰਤ ਤੇ ਗੁੱਸੇ ਭਰੀਆਂ ਅੱਖਾਂ ਨਾਲ ਮੈਨੂੰ ਪਾਸੇ ਹੋਣ ਲਈ ਕਿਹਾ ਸੀ। ਇਕ ਹੋਰ ਸ਼ਰਧਾਵਾਨ ਆਇਆ ਤੇ ਦਸ ਦਾ ਨੋਟ ਉਸ ਦੀ ਮੁੱਠੀ 'ਚ ਦਿੱਤਾ ਤੇ ਜਵਾਲਾ ਜੀ ਦੇ ਦਰਸ਼ਨ ਜੋ ਉਸ ਨੇ ਕੀਤੇ, ਉਹ ਮੈਨੂੰ ਵੀ ਤੇ ਨਾਲ ਖੜ੍ਹੇ ਹੋਰਾਂ ਨੂੰ ਵੀ ਹੋ ਗਏ। ਮੈਂ ਉੱਪਰ ਉੱਠਦੀਆਂ ਲਾਟਾਂ ਤੋਂ ਹੱਥ ਗਰਮਾਅ ਕੇ ਮੂੰਹ ਮੱਥੇ ਨੂੰ ਛੁਹਾਏ ਤੇ ਵਾਪਸ ਆ ਗਿਆ। ਇਸੇ ਤਰਾਂ ਹੀ ਪ੍ਰਸਾਦਿ ਲੈਣ ਲਈ ਵੀ ਪੈਸੇ ਮੱਥਾ ਟੇਕੋ ਤਾਂ ਪ੍ਰਸਾਦਿ ਮਿਲੇਗਾ ਨਹੀਂ ਟੇਕੋਗੇ ਤਾਂ ਪੁਜਾਰੀ ਦੀ ਮਰਜ਼ੀ, ਤੁਹਾਨੂੰ ਇਨਕਾਰ ਵੀ ਕਰ ਸਕਦਾ ਹੈ। ਇਸ ਤੋਂ ਬਿਨਾਂ ਮੰਦਰਾਂ ਨੂੰ ਚੜ੍ਹਦੇ ਰਸਤਿਆਂ ਵਿਚ ਥਾਂ-ਥਾਂ ਮੰਗਤੇ ਤੇ ਨੌਜਵਾਨ ਲੜਕੀਆਂ ਹੱਥ ਅੱਡਦੀਆਂ, ਲੋਕਾਂ ਦੀ ਸ਼ਰਧਾ ਨੂੰ ਚਿੜਾਉਂਦੀਆਂ ਮਾਨਸਿਕ ਇਕਾਗਰਤਾ ਭੰਗ ਕਰਦੀਆਂ ਵੇਖ ਕੇ ਮੇਰਾ ਵਿਸ਼ਵਾਸ ਤਿੜਕ ਗਿਆ।

'ਕੀ ਗੱਲ ਭਗਤੋ...? ਕਿਥੇ ਜਾਣਾ? ਡੋਲ ਗਏ ਓ...।' ਮੇਰੀ ਬਿਰਤੀ ਵਾਪਸ ਪਰਤੀ।

'ਅਸੀਂ ਉਪਰ ਜਾਣੈ ਭਗਤ ਜੀ! ਸਾਨੂੰ ਰਸਤਾ ਨਹੀਂ ਪਤਾ...।'

'ਆਉ... ਮੇਰੇ ਪਿੱਛੇ ... ਮੇਰੇ ਨਾਲ ਨਾਲ ...।' ਅੰਧੇਰੇ ਵਿਚ ਉਸ ਦੀ ਸ਼ਕਲ ਸੂਰਤ ਤਾਂ ਨਹੀਂ ਡਿੱਠੀ ਪਰ ਉਸ ਦੇ ਸੰਵਾਦ ਤੋਂ ਮੈਨੂੰ ਧਰਵਾਸ ਹੋ ਗਿਆ ਕਿ ਇਹ ਜ਼ਰੂਰ ਕੋਈ ਉੱਪਰਲੀ ਗੈਬੀ ਸ਼ਕਤੀ ਹੈ ਜਿਸ ਨੂੰ ਮਹਾਂ-ਮਾਈ ਨੇ ਭਗਤਾਂ ਦੇ ਡਿੱਗ ਰਹੇ ਡੋਲ ਰਹੇ ਮਨਾਂ ਨੂੰ ਧਰਵਾਸ ਤੇ ਹੌਂਸਲਾ ਦੇਣ ਲਈ ਭੇਜਿਆ ਹੈ।

ਮੇਰੇ ਨਾਲ ਦਾ ਸਾਥੀ ਇਕ ਅਨਜਾਣ ਬੱਚਾ, ਇਕ ਸੋਲ਼ਾਂ ਮੀਲ ਪੈਦਲ ਪਹਾੜੀ  ਰਸਤਾ ਤੇ ਦੂਸਰਾ ਹਨੇਰੇ ਕਰਕੇ ਡੁਸਕਣ ਲੱਗਾ।

'ਕੋਈ ਨਾ ਬੱਚਾ! ਯਹ ਤੋਂ ਆਪ ਕੋ ਪਤਾ ਹੀ ਨਹੀ ਲੱਗੇਗਾ ਕਿ ਆਪ ਮਾਤਾ ਦੇ ਦਰਬਾਰ ਮੇਂ ਪਹੁੰਚ ਜਾਏਂਗੇ।'

ਇਸ ਦਮ ਬਿਜਲੀ ਵਾਪਸ ਪਰਤ ਆਈ। ਚਾਰ ਚੁਫੇਰੇ ਦੁੱਧ ਚਿੱਟੀ ਚਾਨਣੀ ਫੈਲ ਗਈ। ਉਪਰ ਰੰਗ ਬਿਰੰਗੀਆਂ ਚਾਨਣੀਆਂ ਨਾਲ ਰੱਤਿਆ ਰੰਗਿਆ ਵਿੰਗਾ ਟੇਢਾ ਰਸਤਾ ਦੂਰ ਬਹੁਤ ਦੂਰ ਜਾਂਦਾ ਅਸਮਾਨ ਨੂੰ ਖਹਿ ਰਿਹਾ ਸੀ ਜਿਵੇਂ ਸੱਚਮੁੱਚ ਹੀ ਉਪਰਲੇ ਬਹਿਸ਼ਤ ਜਾਣ ਦੀ ਪੌੜੀ ਹੋਵੇ।

'ਧੰਨਵਾਦ! ਜੈ ਮਾਤਾ ਸ਼ੇਰਾਂ ਵਾਲੀ ...।' ਆਪ ਮੁਹਾਰੇ ਮੇਰੇ ਮੂੰਹੋਂ ਨਿਕਲ ਗਿਆ। ਉਹ ਰਾਹ-ਦਸੇਰਾ ਪਤਾ ਨੀਂ ਕਿੱਥੇ ਵਾਪਸ ਮੁੜ ਗਿਆ ਜਾਂ ਅਲੋਪ ਹੋ ਗਿਆ।

ਅਕਤੂਬਰ ਨਵੰਬਰ ਦੀ ਸਿੱਲ੍ਹੀ-ਸਿੱਲ੍ਹੀ, ਭਿੱਜੀ-ਭਿੱਜੀ ਰਾਤ ਚੜ੍ਹਦੇ-ਚੜ੍ਹਦੇ ਪਸੀਨਾ ਜਿਹਾ ਆਉਣ ਲੱਗਾ ਪਰ ਇਸ ਧਾਰਮਿਕ ਸਥਲ ਤੱਕ ਪਹੁੰਚਣ ਦੇ ਚਾਅ ਥੱਲੇ ਇਹ ਨਪੀੜਿਆ ਗਿਆ। ਰਸਤੇ ਦੇ ਮਾਤਾ-ਭਗਤਾਂ ਦੇ ਜੈਕਾਰੇ, ਮੰਗਣ ਵਾਲੇ ਮੰਗਤਿਆਂ ਲੂਲ੍ਹਿਆਂ ਲੰਗੜਿਆਂ... ਜਵਾਨ ਕੁੜੀਆਂ ਕੰਜਕਾਂ-ਤੇ ਹੋਰ ਮੰਗਣ ਵਾਲਿਆਂ ਦੇ ਲੇਲ੍ਹੜੀਆਂ ਕੱਢਦੇ ਉੱਠਦੇ ਹੱਥ ਸ਼ਰਧਾਲੂਆਂ ਦੇ ਮਨ ਵਿਚ ਚਿੜ ਤੇ ਖੱਲਰ ਮਚਾ ਕੇ ਉਹਨਾਂ ਦੀ ਬਿਰਤੀ ਭੰਗ ਕਰਦੇ ਰਹੇ। ਬੜੇ ਆਨੰਦ-ਮਈ ਸਫ਼ਰ ਨਾਲ ਭਵਨ ਪਹੁੰਚ ਗਏ, ਪਤਾ ਨਹੀ ਮਨ ਵਿਚ ਕਿਥੋਂ ਏਨਾ ਹੌਂਸਲਾ ਆ ਗਿਆ, ਇਕ ਦਮ ਇਸ਼ਨਾਨ ਵੀ ਹੋ ਗਏ ਤੇ ਮਾਤਾ ਦੇ ਦੁਰਲੱਭ ਦਰਸ਼ਨ ਵੀ ਸਾਡੇ ਨਸੀਬੀਂ ਹੋ ਗਏ। ਕੋਟਾਂ-ਕੋਟ ਸ਼ੁਕਰ ਕਰਕੇ ਬਾਹਰ ਆਏ। ਚਾਹ ਦੀ ਦੁਕਾਨ 'ਤੇ ਬੈਠ ਕੇ ਚਾਹ ਪੀਤੀ ਤੇ ਫਿਰ ਵਾਪਸੀ ਦਾ ਪ੍ਰੋਗਰਾਮ ਬਣਾ ਲਿਆ। ਹਾਲਾਂਕਿ ਇਹ ਸੋਲ਼ਾਂ ਜਮਾਂ ਸੋਲ਼ਾਂ ਬੱਤੀ ਮੀਲ ਦਾ ਸਫ਼ਰ, ਮੈਂ ਉੱਪਰਲੀ ਸ਼ਕਤੀ ਹੋ ਬਿਨਾਂ ਹੌਂਸਲਾ ਹੀ ਨਹੀਂ ਸੀ ਕਰ ਸਕਦਾ।

'ਕੰਜਕਾਂ ਹੈਨਿ ਜੀ! ...।' ਔਰਤਾਂ ਮਰਦਾਂ ਭਗਤਾਂ ਦਾ ਟੋਲਾ ਉੱਪਰ ਚੜ੍ਹਿਆ... ਸਾਹੋਂ ਸਾਹ ਹੋਇਆ, ਉਹਨਾਂ ਚਾਹ ਵਾਲੇ ਤੋਂ ਪੁੱਛਿਆ।

'ਹਾਂ ਜੀ ਕਿਉਂ ਨਹੀ! ..., ਤੁਸੀਂ ਆਰਡਰ ਦੇ ਜਾਉ... ਫਿਰ ਕੰਜਕਾਂ ਵੀ ਆ ਜਾਣਗੀਆਂ...।'

'ਠੀਕ ਹੈ ਪੰਜ ਸੌ ਦਾ ਪ੍ਰਸਾਦਿ! ਬਣਾ ਦਿਉ...।'

ਉਹ ਪਾਸੇ ਬੈਠ ਕੇ ਵਿਸਮਣ ਲੱਗੇ।

ਦੁਕਾਨਦਾਰ ਲਾਲਾ ਇਕ ਦਮ ਕੜਕਿਆ, 'ਉਠੋ ਕੁੜੀਓ, ਉੱਠੋ ਚਿੜੀਉ...।' ਮੈਂ ਆਚੰਭਿਤ ਹੋਏ ਵੇਖਿਆ, ਨੁੱਕਰ 'ਚ ਪਈਆਂ, ਥੱਲੇ ਲੇਟੀਆਂ ਪੰਜ ਦਸ ਕੁੜੀਆਂ ਲਗਦੀਆਂ ਕੰਜਕਾਂ ਨੇ ਉੱਪਰ ਲਈਆਂ ਚਾਦਰਾਂ ਹਿਲਾਈਆਂ ਤੇ ਪਾਸੇ ਵੱਟ ਕੇ ਹੋਰ ਘੁੱਟ ਲਈਆਂ।

ਕੜਾਹੀ ਵਿਚ ਘਵ੍ਹੇਂ ਸਿੱਪੀਆਂ ਚਲਦੀਆਂ ਰਹੀਆਂ...। ਉਹ ਸ਼ਰਧਾਲੂ ਟੋਲੀ ਫਿਰ ਆ ਗਈ। ਪ੍ਰਸਾਦਿ ਲੈ ਕੇ ਬੜੀ ਸ਼ਰਧਾ ਨਾਲ ਅੰਦਰ ਮਾਤਾ ਦੇ ਭਵਨਾਂ ਤੱਕ ਸਿਜਦਾ ਕਰਦੇ ਗਏ ਤੇ ਵਾਪਸ ਆ ਕੇ ਫਿਰ ਉਹਨਾਂ ਨੇ ਕੰਜਕਾਂ ਦੀ ਤਲਬ ਜ਼ਾਹਰ ਕੀਤੀ।

ਲਾਲਾ ਉੱਠਿਆ, ਠੰਢੇ ਪਾਣੀ ਦੀ ਬਾਲਟੀ ਲਈ ਤੇ ਉਹਨਾਂ ਸਭਨਾਂ ਉੱਪਰ ਛਿੱਟੇ ਮਾਰਨ ਲੱਗਾ। ਉਹ ਸਭ ਠੁਰ-ਠੁਰ ਕਰਦੀਆਂ ਅੱਖਾਂ ਮਲਦੀਆਂ ਬਾਲੜੀਆਂ ਜਿਹੀਆਂ, ਇਕ ਦਮ ਉੱਠ ਕੇ ਕਤਾਰ ਵਿਚ ਖੜ੍ਹੀਆਂ ਹੋ ਗਈਆਂ ਤੇ ਫਿਰ ਪਾਲ ਲਗਾ ਕੇ ਬੈਠ ਗਈਆਂ। ਨੀਂਦਰੇ ਮਾਰੀਆਂ ਅੱਖਾਂ, ਉਹਨਾਂ ਦੀ ਤਰਸਯੋਗ ਮਜਬੂਰੀਆਂ ਤੇ ਬੇ-ਬਸੀਆਂ ਦੇ ਪੜਦੇ ਉਧੇੜ ਰਹੀਆਂ ਸਨ।

'ਪ੍ਰਸਾਦਿ, ਪੂੜੀਆਂ ਕੜਾਹ! ...।' ਇਕ ਇਕ ਕਰਕੇ ਉਹ ਸਾਰੇ ਉਹਨਾਂ ਦੀ ਝੋਲੀ 'ਚ ਪਾਉਂਦੇ ਰਹੇ। ਕੰਜਕਾਂ ਨੂੰ ਪੂਜਦੇ ਰਹੇ। ਉਹਨਾਂ ਦੇ ਪੈਰ ਚੁੰਮ ਕੇ ਮੱਥੇ ਨੂੰ ਛੁਹਾਉਂਦੇ ਰਹੇ।

'ਨਾਲ ਘੱਟੋ ਘੱਟ ਗਿਆਰਾਂ ਰੁਪੇ, ਵੱਧ ਤੁਹਾਡੀ ਮਰਜ਼ੀ! ਸ਼ਰਧਾ।'

ਲਾਲੇ ਦੇ ਸਲਾਹ ਦੇਣ ਨਾਲ ਉਹਨਾਂ ਫਿਰ ਵੀਹ-ਵੀਹ ਦੇ ਨੋਟ ਕੱਢ ਕੇ ਉਹਨਾਂ ਨੂੰ ਫੜਾ ਦਿੱਤੇ ਤੇ ਹੱਥ ਜੋੜਦੇ ਅੱਗੇ ਚੱਲ ਪਏ। ਭੁੱਖੀਆਂ ਜਾਪਦੀਆਂ ਕੰਜਕਾਂ ਪੂੜੀ ਖਾਣ ਨੂੰ ਔਹਲੀਆ!

'ਸਬਰ ਕਰੋ। ਮਰ ਨਹੀਂ ਚੱਲੀਆਂ! ਤੁਹਾਨੂੰ ਭੁੱਖੜਾ ਆਣ ਪਿਆ...।'

ਲਾਲੇ ਦੀ ਫਿਟਕਾਰ ਸੁਣ ਕੇ ਉਹਨਾਂ ਝੋਲੀ 'ਚ ਪਾਈਆਂ ਪੂੜੀਆਂ ਫਿਰ ਵਾਪਸ ਉਸ ਦੀ ਪਰਾਤ ਵਿਚ ਪਾ ਦਿੱਤੀਆਂ ਤੇ ਪਰਸਾਦਿ ਉਸ ਦੀ ਕੜਾਹੀ ਵਿਚ ਪਾ ਕੇ ਪੈਸੇ ਵਾਪਸ ਉਸ ਨੂੰ ਫੜਾ ਦਿੱਤੇ ਤੇ ਜਾ ਕੇ ਆਪਣੀ-ਆਪਣੀ ਚਾਦਰ ਉੜ ਲਈ।

ਉਹ ਸ਼ਰਧਾਲੂ ਉਹਨਾਂ ਦੇ ਪੈਰ ਚੁੰਮਦੇ ਮੱਥਾ ਟੇਕ ਕੇ ਜਾ ਚੁੱਕੇ ਸਨ। ਏਨੇ ਨੂੰ ਇਕ ਹੋਰ ਗਰੂਪ ਤੇ ਫਿਰ ਹੋਰ ਦੇ ਹੋਰ ਆਉਂਦੇ ਰਹੇ।

ਉਹੀ ਪੂਰੀਆਂ, ਉਹੀ ਪ੍ਰਸਾਦਿ! ਉਹੀ ਕੰਜਕਾਂ ... ਸਾਰੇ ਸ਼ਰਧਾਲੂਆਂ ਦੀ ਸ਼ਰਧਾ ਦੀ ਭੇਟ ਚੜ੍ਹਦੀਆਂ ਰਹੀਆਂ।

ਲਾਲੇ ਨੂੰ ਕੁਝ ਕਹਿਣ ਲਈ ਮੇਰੇ ਬੁੱਲ੍ਹ ਫਰਕੇ ਪਰ ਮੈਂ ਨਿਰਜਿੰਦ ਜਿਹਾ ਹੋ ਗਿਆ। ਕਈ ਕੁਝ ਅਣ-ਕਹਿਆ ਮਨ ਵਿਚ ਲੈ ਕੇ, ਮਾਤਾ ਵੱਲ ਮੂੰਹ ਕਰਕੇ ਮੱਥਾ ਟੇਕਦਾ, ਵਾਪਸੀ ਸਫ਼ਰ ਤੇ ਚੱਲ ਪਿਆ।

👎 👎 👎

## ਬੂਟ ਪਾਲਿਸ਼

ਕਿਰਾਏਦਾਰ ਦੇ ਕਹਿਣ ’ਤੇ ਕਿ ਕੋਈ ਹੌਲਦਾਰ ਆਇਆ ਸੀ ਸੰਮਨ ਵਾਲਾ... ਬਿਆਸ ਥਾਣੇ ਚੋਂ, ਮੈਨੂੰ ਲੱਭਦਾ ਸੀ...।’ ਮੇਰੇ ਹੋਸ਼-ਹਵਾਸ ਗੁੰਮਣ ਲੱਗੇ। ਪੁਲਿਸ ਵਾਲਾ ਤੇ ਉਹ ਵੀ ਸੰਮਨ ਲੈ ਕੇ! ਮੈਂ ਬਹੁਤ ਚਿੰਤਾ-ਤੁਰ ਹੋਇਆ।

‘ਇਹ ਕਾਗ਼ਜ਼ ਦੇ ਗਿਆ...।’

‘ਮੇਰਾ ਡਰਾਈਵਿੰਗ ਲਾਈਸੈਂਸ ਤੇ ਨਾਲ ਉਸ ਦਾ ਨਾਮ ਪਤਾ।’ ਮੈਂ ਅਪਣੇ ਆਪ ਵਿਚ ਹੱਸ ਪਿਆ।

‘ਧੰਨਵਾਦ! ਪਰ ਕੁਝ ਹੋਰ ਕਾਗ਼ਜ਼ ਵੀ ਸਨ। ਪੈਸਿਆਂ ਦੀ ਤਾਂ ਖਾਧੀ ਕੜ੍ਹੀ...।’

‘ਉਹਨੇ ਤਾਂ ਜੀ ਇਹੀ ਦਿੱਤਾ... ਬਾਕੀ ਕਹਿੰਦਾ ਮੈਨੂੰ ਮਿਲ ਲਏ...।’

ਮੇਰੇ ਮਨ ਦੀ ਉਡਾਣ ਪਿੱਛੇ ਦੌੜ ਪਈ।

‘ਬੂਟ ਪਾਲਿਸ਼, ਤੇਲ ਮਾਲਿਸ਼, ਜੇਬ ਖਾਲਿਸ।’ ਮੈਂ ਕਿੰਨਾ ਚਿਰ ਹੱਸਦਾ ਰਿਹਾ।

ਉਸ ਦਿਨ ਪਹਿਲੀ ਵੇਰਾਂ ਗੁਰਦੁਆਰੇ ਨੂੰ ਜਾਂਦੇ ਰਸਤੇ ਤੇ ਮੰਗਤਿਆਂ ਦੀ ਭੀੜ ਵੇਖ ਕੇ ਮੈਂ ਭਮੰਤਰ ਗਿਆ। ਕੁਝ ਨੌਜਵਾਨ ਕੁੜੀਆਂ ਬੁੱਢੀਆਂ ਕਾਨੇ ਦੇ ਛਣਕਣੇ ਤੇ ਖਿਡਾਉਣੇ ਮੇਰੇ ਪੋਤਰੇ ਦੋਹਤਰਿਆਂ ਦੇ ਹੱਥੀਂ ਫੜਾ ਕੇ ਆਪਣੀ ਕਲਿਆਣ ਕਰਦੇ ਮੇਰੇ ਮਨ ਦੇ ਵਹਿਣ ਆਪਣੇ ਵੱਲ ਮੋੜ ਲਏ। ਸ਼ਰਧਾ ਨਾਲ ਭਰਿਆ ਮੇਰਾ ਕੋਮਲ ਮਨ ਪੱਘਰਿਆ।

‘ਭਾਈ ਸਾਡੇ ਕੋਲੋਂ ਨਾਂ ਮੰਗੋ ਉਧਰੋਂ ਮੰਗੋ ਬਾਬੇ ਤੋਂ... ਅਸੀਂ ਵੀ ਤਾਂ ਮੰਗਣ ਹੀ ਆਏ ਹਾਂ...।’ ਨਾਲ ਉਹਨਾਂ ਦੀ ਤਸੱਲੀ ਨਹੀਂ ਹੋਈ ਸਗੋਂ ਉਹਨਾਂ ਦੀ ਰੀਸੇ ਦੋ ਚਾਰ ਹੋਰ ਗਰੁੱਪ ਬਣ ਕੇ ਘੇਰ ਕੇ ਖੜ੍ਹ ਗਈਆਂ ਵੇਖ ਕੇ ਮੇਰਾ ਸਬਰ ਟੋਟੇ-ਟੋਟੇ ਹੋ ਗਿਆ। ਮੈਂ ਨਾ ਚਾਹੁੰਦੇ ਹੋਏ ਵੀ ਆਪਣਾ ਗੁੱਸਾ ਦਿਖਾਉਣ ਲੱਗਾ।

‘ਕੋਈ ਨਾ ਡੈਡੀ! ਸ਼ਾਂਤੀ!’

ਬੇਟੀ ਨੇ ਦਸ ਦਾ ਨੋਟ ਕੱਢ ਕੇ ਉਧਰ ਵਗਾ ਦਿਤਾ। ਉਹ ਅਮਰੀਕਾ ਤੋਂ ਬੜੀ ਸ਼ਰਧਾ ਲੈ ਕੇ ਆਈ ਸੀ, ਆਪਣੇ ਸ਼ਹਿਬਾਜਦੀਪ ਪੰਨੂ ਨੂੰ ਮੱਥਾ ਟਿਕਾਉਣ ਲਈ, ਬਾਬੇ ਦੇ ਦਰਸ਼ਨ ਕਰਾਉਣ ਲਈ ਤੇ ਆਪਣਾ ਧਾਰਮਿਕ ਵਿਰਸਾ ਦਿਖਾਉਣ ਲਈ। ਜੰਜ ਦੀ ਸੁੱਟ ਬੋਚਣ ਵਾਂਗ ਵਾਂਗ ਉਹ ਸਾਰੀਆਂ ਝਪਟ ਪਈਆਂ ਤੇ ਨੋਟ ਦੇ ਟੁਕੜੇ ਕਈਆਂ ਦੇ ਹੱਥੀਂ ਲੱਗ ਗਏ।

ਭੀੜ-ਭੜੱਕਾ! ਨਹੀਂ ਰੌਣਕ ਏਨੀ ਕਿ ਤਿਲ ਸੁੱਟਿਆਂ ਵੀ ਥੱਲੇ ਨਾ ਜਾਏ। ਲੋਕਾਂ ਵਿਚ ਏਨੀ ਡੂੰਘੀ ਸ਼ਰਧਾ ਤੇ ਲਗਨ ਵੇਖ ਕੇ ਮੇਰਾ ਸਿਰ ਆਪ ਮੁਹਾਰੇ ਝੁਕ ਗਿਆ। ਪਰ ਇਕ ਡਰ ਜ਼ਰੂਰ ਕਿ ਕਿਤੇ ਕੋਈ

ਬੱਚਾ ਗਵਾਚੇ ਗਿਆ ਤਾਂ ਰਾਵੀ ਦੇ ਪਾਣੀਆਂ ਵਾਂਗ ਕਿਤੋਂ ਨਹੀਂ ਲੱਭਣਾ। ਧੱਕਮ-ਧੱਕੇ ਵਿਚ ਸਾਰੇ ਅੱਡੋ - ਅੱਡੀ ਹੋ ਕੇ ਮੱਥਾ ਟੇਕ ਕੇ ਵਾਪਸ ਆਏ। ਆਪਣੇ ਨਿਆਣੇ ਗਿਣੇ... ਸੁਖ ਦਾ ਸਾਹ ਆਇਆ, ਪੂਰੇ ਹੀ ਸਨ।

ਜੋੜੇ ਖਾਨੇ ਤੋਂ ਜੋੜਾ ਲੈਣਾ ਉਸ ਤੋਂ ਵੀ ਔਖਾ। ਇਕ ਧੱਕਾ ਵੱਜਦਾ ਤਾਂ ਬੜੀ ਦੂਰ ਤੱਕ ਧੱਕ ਲੈ ਜਾਂਦਾ। ਜੁੱਤੀਆਂ ਵਾਪਸ ਲੈਣ ਸਮੇਂ ਦੇਖਿਆ, ਮੇਰੀ ਜੁੱਤੀ ਗੁੰਮ ਸੀ। ਸੇਵਾਦਾਰ ਨੂੰ ਪੁੱਛਿਆ, ਉਸਨੇ ਕਿਹਾ, ‘ਬਾਬਾ ਜੀ ਅੰਦਰ ਆ ਕੇ ਵੇਖ ਲਉ...।’

‘ਜਾਉ ਤੁਸੀਂ ਮੈਂ ਦੇਖ ਕੇ ਆ ਜਾਂਦਾ ਹਾਂ... ਤੁਸੀਂ ਇਹ ਗੱਡੀ ਵਿਚ ਲੈ ਜਾਉ...।’ ਨੂੰਹ ਜੋਤੀ ਦਸ ਬਾਰਾਂ ਜੋੜੇ ਝੋਲੀ ’ਚ ਪਾ ਕੇ ਬਾਹਰ ਲੈ ਗਈ। ਮੈਂ ਬਹੁਤ ਘਬਰਾਇਆ ਏਨਾ ਕਲੇਸ਼ ਏਨੀ ਹੈਰੈਸਮੈਂਟ ਮੈਂ ਕਦੇ ਮਹਿਸੂਸ ਨਹੀ ਸੀ ਕੀਤੀ। ਮੇਰਾ ਜੋੜਾ ਨਹੀ ਮਿਲਿਆ। ਨਿਰਾਸ਼ ਹੋਇਆ ਬਾਬੇ ਦੇ ਨਾਮ ਲਗਾ ਕੇ ਵਾਪਸ ਮੁੜਨ ਲੱਗਾ।

ਹਰਜੋਤ ਫਿਰ ਅੱਗੇ ਖੜ੍ਹੀ ਸੀ।

‘ਡੈਡੀ! ਭਾ ਜੀ ਦੀ ਜੁੱਤੀ ਵੀ ਨਹੀ...।’ ਉਹ ਵੀ ਘਬਰਾਹਟ ਵਿਚ ਸੀ ਤੇ ਮੇਰੀ ਹੋਰ ਵਧ ਗਈ।

‘ਚਿੰਤਾ ਨਾ ਕਰੋ ਬਾਬਾ ਜੀ! ਤੁਹਾਡੀ ਜੁੱਤੀ ਕਿਤੇ ਨੀਂ ਜਾਂਦੀ, ਤੁਸੀਂ ਪਿੱਛੇ ਦੇਖੋ... ਉੱਧਰ ਸੇਵਾਦਾਰ ਪਾਲਿਸ਼ ਕਰ ਰਹੇ ਨੇ, ਉਥੇ ਹੋਵੇਗੀ।’ ਇਕ ਸੇਵਾਦਾਰ ਨੇ ਕਿਹਾ।

ਪਿੱਛੇ ਹੱਥ ਮਾਰਿਆ। ਬਟੂਆ...! ਮੇਰਾ ਬਟੂਆ... ਹਾਂ ਜੇਬ ਖਾਲੀ ਸੀ।

‘ਮੇਰਾ ਬਟੂਆ ਵੀ ਗਿਆ...।’

ਮੈਂ ਜੋੜੇ ਖਾਨੇ ਵੱਲ ਵੇਖਿਆ ... ‘ਭਾਈ ਇਕ ਨਹੀ, ਸਾਡੇ ਦੋ ਜੋੜੇ ਗੁੰਮ ਨੇ...।’ ਪੰਜ ਸੱਤ ਸ਼ਰਧਾਵਾਨ ਲਗਦੇ ਖੂਬ ਰਗੜ-ਰਗੜ ਕੇ, ਪਾਲਿਸ਼ ਕਰਕੇ, ਆਪਣੀ ਸੇਵਾ ਨਿਭਾ ਰਹੇ ਸਨ।

‘ਤੁਸੀਂ ਲੋਕਾਂ ਨੂੰ ਪਰੇਸ਼ਾਨ ਕਰ ਰਹੇ ਹੋ... ਤੁਹਾਡੀ ਇਹ ਸੇਵਾ-ਸ਼ਰਧਾ ਲੋਕਾਂ ਦਾ ਚੈਨ ਹਰਾਮ ਕਰ ਰਹੀ ਹੈ। ਲੋਕ ਆਪਣੇ ਜੋੜੇ ਗੁੰਮ ਵੇਖ ਕੇ ਰੋ ਰਹੇ ਨੇ, ਤੁਹਾਡੀ ਸ਼ਰਧਾ ਨੂੰ।’ ਨਾਂ ਚਾਹੁੰਦੇ ਹੋਏ ਵੀ ਮੈਂ ਆਪਣਾ ਗੁੱਸਾ ਥੁੱਕ ਦਿੱਤਾ।

ਮੇਰਾ ਜੋੜਾ... ਤੇ ਇਕ ਹੋਰ ... ਮਿਲ ਗਿਆ...। ਮੈਂ ਇਕ ਸੇਵਾਦਾਰ ਦੇ ਹੱਥ ’ਚ ਡਿੱਠਾ। ਉਹ ਖੂਬ ਰਗੜਾ ਲਗਾ ਰਿਹਾ ਸੀ।

‘ਇਹ ਤਾਂ ਮੇਰਾ ਹੈ... ਤੇ ਇਹ ... ਮੈਂ ਨਹੀਂ ਪਛਾਣ ਸਕਦਾ... ਹੋ ਸਕਦੇ ਮੇਰੇ ਬੰਦੇ ਦਾ ਹੋਵੇ...।’ ਮੈਂ ਕਿਹਾ।

‘ਸੰਤ ਜੀ! ਉਸ ਨੂੰ ਬੁਲਾ ਲਉ...। ਆਪੇ ਆਣ ਕੇ ਪਛਾਣ ਲਏ।’ ਇਕ ਸੇਵਾਦਾਰ ਨੇ ਫੁਰਮਾਇਆ।

‘ਭਾਈ ਜੀ! ਏਨੀ ਭੀੜ ਚੋਂ ਬਾਹਰ ਜਾਣਾ ਤੇ ਵਾਪਸ ਆਉਣਾ ਕਿਹੜਾ ਸੌਖਾ? ... ਤੂੰ ਹੀ ਨਾਲ ਚੱਲ ... ਜੇ ਉਸ ਦਾ ਹੋਇਆ ਤਾਂ ਠੀਕ, ਨਹੀ ਤੇ ਵਾਪਸ ਲੈ ਆਵੀ।’

ਉਸ ਦੇ ਮਨ ਮਿਹਰ ਪੈ ਗਈ।

ਰਸਤੇ ਵਿਚ ਸ਼ੰਟੀ ਦਾ ਝਾਉਲਾ ਪਿਆ ... ਉਹ ਵੀ ਭੀੜ ਵਿਚ ਭਟਕਦਾ ਇੱਧਰ ਹੀ ਆ ਰਿਹਾ ਸੀ, ਹਰਜੋਤ ਦੇ ਕਹਿਣ ਕਰਕੇ।

'ਦੇਖ...।'

'ਹਾਂ... ਹਾਂ... ਇਹੀ ਹੈ ਮੇਰੀ ਜੁੱਤੀ!' ਉਸ ਦੇ ਕਹਿਣ ਤੇ ਮੇਰਾ ਹੌਂਸਲਾ ਕੁਝ ਕੁਝ ਪਰਤਿਆ।

'ਜੇਬ ਦਾ ਖਿਆਲ ਰੱਖੀਂ, ਮੇਰਾ ਤਾਂ ਕੰਮ ਹੋ ਗਿਆ...।' ਮੈਂ ਉਸ ਨੂੰ ਚੇਤਾਵਨੀ ਦਿੱਤੀ।

ਉਸ ਨੇ ਜੇਬ ਨੂੰ ਹੱਥ ਪਾਇਆ... ਫਿਰ ਇਕ ਦਮ ਅਗਲੀਆਂ ਪਿਛਲੀਆਂ ਸਾਰੀਆਂ ਜੇਬਾਂ ਟੋਹੀਆਂ।

'ਮੇਰਾ ਪਰਸ ਵੀ ਗਿਆ...।' ਉਹ ਜੋੜਾ ਸਿਰ ਉੱਪਰ ਨੂੰ ਕਰਦਾ ਬਾਹਰ ਨੂੰ ਤੁਰ ਪਿਆ।

'ਕਿੰਨੇ ਚੰਗੇ ਨੇ ਬਾਬੇ! ਆਹਾ! ਕਿੰਨੀ ਚੰਗੀ ਬੂਟ ਪਾਲਿਸ਼ ਕੀਤੀ...!'

ਛੋਟਾ ਬੱਚਾ ਜੋਬਨ ਦੋਹਾਂ ਦੇ ਪੈਰੀਂ ਤਾਜ਼ਾ ਬੂਟ ਪਾਲਿਸ਼ ਹੋਏ, ਲਿਸ਼ਕਦੇ ਜੋੜੇ ਵੇਖ ਕੇ ਖੁਸ਼ ਹੁੰਦਾ ਸਾਡੀਆਂ ਗੁੰਮ ਹੋਈਆਂ ਮੁਸਕਰਾਹਟਾਂ ਲੱਭਦਾ ਤਾੜੀ ਮਾਰਨ ਲੱਗਾ।

## ਕਲਾਕਾਰ

ਮਸਾਂ ਮਸਾਂ ਘਰੇਲੂ ਝਮੇਲਿਆਂ ਤੋਂ ਛੁਟਕਾਰਾ ਪਾ ਕੇ ਲਿਖਣ ਬੈਠਦਾ ਹਾਂ। ਅਜੇ ਮੂਡ ਹੀ ਬਣਦਾ ਹੈ ਕਿ ਬਾਹਰਲੇ ਦਰਵਾਜ਼ੇ ਦੇ ਕਬਜ਼ੇ ਦੇ ਚੀਕਣ ਦੀ ਆਵਾਜ਼ ਆਉਂਦੀ ਹੈ। ਮੇਰੀਆਂ ਅੱਖਾਂ ਆਪ ਮੁਹਾਰੇ ਉੱਧਰ ਮੁੜਦੀਆਂ ਹਨ। ਇਕ ਸੁਨੱਖਾ ਜਿਹਾ ਉੱਚਾ ਲੰਮਾ ਗੱਭਰੂ ਬਿਨਾਂ ਦੱਸੇ ਪੁੱਛੇ ਵਿਹੜੇ ਵਿੱਚ ਆ ਵੜਦਾ ਹੈ।

'ਸਾ ਸਰੀ ਅਕਾਲ!', ਮੱਥੇ 'ਤੇ ਹੱਥ ਵਧਾ ਕੇ ਕਹਿੰਦਾ ਉਹ ਮੇਰੇ ਕੋਲ ਆ ਖੜ੍ਹਦਾ ਹੈ।

'ਮੈਂ ਪਛਾਣਿਆਂ ਨਹੀਂ?'

ਮੇਰੀਆਂ ਜ਼ੁਬਾਨ-ਹੀਣ ਅੱਖਾਂ ਸੁਆਲ ਕਰਦੀਆਂ ਹਨ। ਉਹ ਇਕ ਦਮ ਆਪਣੀ ਹੱਥ ਵਿਚਲਾ ਫੋਟੋ ਕਾਰਡ ਮੇਰੇ ਸਾਹਮਣੇ ਰੱਖ ਦਿੰਦਾ ਹੈ। ਮੈਨੂੰ ਇਕ ਦਮ ਗੁੱਸਾ ਜਿਹਾ ਚੜ੍ਹ ਜਾਂਦਾ ਹੈ। ਕਲ ਵੀ ਇਹੋ ਜਿਹਾ ਇਕ ਆਇਆ ਸੀ। ਆਪਣੇ ਆਪ ਨੂੰ ਗੂੰਗਾ ਜ਼ਾਹਰ ਕਰਦਾ ਸੀ। ਕਾਰਡ 'ਤੇ ਲਿਖਿਆ ਹੋਇਆ ਸੀ।

'ਇਸ ਗਰੀਬ ਬੇਜ਼ਬਾਨੇ ਦੀ ਮਦਦ ਕਰੋ।'

'ਨਹੀਂ! ਨਹੀਂ! ਰੋਜ਼ ਇਹੋ ਹੀ ਕੰਜਰਖਾਨਾ, ਕਿੰਨਾ ਤੰਗ ਕਰ ਛੱਡਿਆ ਇਹਨਾਂ, ਇੱਕ ਕੱਲ੍ਹ ਵੀ ਤੇਰੇ ਵਰਗਾ ਫਿਰਦਾ ਸੀ...ਗੂੰਗੇ ਬਣੇ ਫਿਰਦੇ ਨੇ, ਕਿੰਨਾ ਸੋਹਣਾ ਮੰਗਣ ਦਾ ਤਰੀਕਾ ਲੱਭ ਲਿਆ ਹੈ।' ਮੈਂ ਗੁੱਸੇ 'ਚ ਆ ਗਿਆ।

'ਜੀ ਨਹੀਂ! ਮੈਂ ਮੰਗਤਾ ਨਹੀਂ! ਮੈਂ ਬੜਾ ਵੱਡਾ ਕਲਾਕਾਰ ਹਾਂ। ਪੰਜਾਬ ਦੇ ਦਿਲ ਦੀ ਧੜਕਣ।' ਉਸ ਨੇ ਅਖ਼ਬਾਰ ਖੋਲ ਕੇ ਮੇਰੇ ਸਾਹਮਣੇ ਰੱਖਦੇ ਹੋਏ ਕਿਹਾ।

'ਇਹ ਫੋਟੋ ਮੇਰੀ ਹੈ, ਮੇਰੇ ਨਾਲ ਆਸਾ ਸਿੰਘ ਮਸਤਾਨਾ ਜੀ ਹਨ...ਉਹ ਮੇਰੇ ਸਾਥੀ ਹਨ, ਪੱਕੇ ਦੋਸਤ ਹਨ। ਮੈਂ ਬੜਾ ਮਸ਼ਹੂਰ ਰੇਡੀਓ ਆਰਟਿਸਟ ਹਾਂ।' ਉਹ ਇਕੋ ਸਾਹੇ ਕਹਿ ਗਿਆ।

ਮੇਰੇ ਪੋਟੇ ਸੁੰਨ ਹੋ ਗਏ, ਕਲਮ ਉਦਾਸ ਹੋ ਕੇ ਸਿਰ ਸੁੱਟ ਬੈਠੀ! ਮੇਰੀਆਂ ਅੱਖਾਂ ਸਿਥਲ ਹੋ ਗਈਆਂ। ਉਹ ਮਨਾ! ਤੂੰ ਇਹ ਕੀ ਅਨਰਥ ਕੀਤਾ। ਇਤਨੇ ਸੁਚੱਜੇ ਕਲਾਕਾਰ ਦੀ ਤੂੰ ਬੇਇੱਜ਼ਤੀ ਕਰ ਮਾਰੀ।

'ਆਉ! ਜੀ ਆਇਆਂ ਨੂੰ! ਬੜੀ ਖੁਸ਼ੀ ਹੋਈ ਤੁਹਾਨੂੰ ਮਿਲ ਕੇ।' ਮੈਂ ਅੱਗੇ ਹੱਥ ਵਧਾਉਂਦਿਆਂ ਕਿਹਾ ਤੇ ਆਪਣੀ ਕੁਰਸੀ ਛੱਡ ਕੇ ਆਪ ਮੰਜੇ 'ਤੇ ਬੈਠ ਗਿਆ।

'ਨਹੀਂ! ਨਹੀਂ! ਬੈਠੋ।'

ਉਸ ਨੇ ਬੜੇ ਆਦਰ ਨਾਲ ਮੇਰੇ ਮੋਢੇ ਤੋਂ ਫੜ ਕੇ ਕੁਰਸੀ ਤੇ ਬਠਾਲਦਿਆਂ ਕਿਹਾ ਤੇ ਆਪ ਮੰਜੀ ਤੇ ਬੈਠ ਗਿਆ।

'ਮੈਂ ਤਾਂ ਜੀ ਇੱਥੇ ਰੇਡੀਓ ਸਟੇਸ਼ਨ 'ਤੇ ਆਇਆ ਸੀ...ਪ੍ਰੋਗਰਾਮ ਦੇਣ, ਇਸ ਲਈ ਮੈਂ ਕਿਹਾ ਤੁਹਾਡੇ ਦਰਸ਼ਨ ਕਰ ਲਈਏ। ਤੁਹਾਡੀਆਂ ਲਿਖਤਾਂ ਨੇ ਮੈਨੂੰ ਬਹੁਤ ਪ੍ਰਭਾਵਤ ਕੀਤਾ ਹੈ। ਤੁਹਾਡੀਆਂ ਲਿਖਤਾਂ, ਮੈਨੂੰ ਲਗਦਾ ਹੈ ਜਿਵੇਂ ਮੇਰੇ ਹੀ ਦਿਲ ਦੀ ਆਵਾਜ਼ ਹੋਣ, ਇਸ ਲਈ ਮੈਂ ਸੁੱਤੇ-ਸਿੱਧ ਹੀ ਤੁਹਾਡੇ ਵੱਲ ਖਿੱਚਿਆ ਗਿਆ ਹਾਂ।'

'ਤੁਹਾਡਾ ਬਹੁਤ ਸ਼ੁਕਰੀਆ! ਹੁਕਮ ਕਰੋ ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ? ਚਾਹ ਪੀਓਗੇ?'

'ਜੀ ਨਹੀਂ ਤਕੱਲਫ਼ ਵਾਲੀ ਕੋਈ ਗੱਲ ਨਹੀਂ! ਚਾਹ ਤਾਂ ਪੀ ਪੀ ਕੇ ਸਵੇਰ ਦਾ ਅੰਦਰ ਸਾੜ ਲਿਆ। ਜਿੱਥੇ ਜਾਉ, ਸੱਜਣ ਚਾਹ ਤੋਂ ਬਿਨਾਂ ਉੱਠਣ ਹੀ ਨਹੀਂ ਦਿੰਦੇ। ਰੇਡੀਓ ਸਟੇਸ਼ਨ ਦੇ ਪ੍ਰੋਡਿਊਸਰ ਤਾਂ ਆਉਣ ਨਹੀਂ ਸਨ ਦਿੰਦੇ। ਕਹਿੰਦੇ ਸ਼ਾਮੀ ਸਾਡੇ ਕੋਲ ਰਹੋ। ਮੈਂ ਕਿਹਾ ਅੱਜ ਮੈਂ ਪੰਨੂ ਸਾਹਿਬ ਦੇ ਜ਼ਰੂਰ ਦਰਸ਼ਨ ਕਰਨੇ ਹਨ।

'ਹੱਛਾ, ਫਿਰ ਖਾਣਾ ਤਾਂ ਖਾਉਗੇ...?'

'ਹਾਂ ਜੀ ਰੋਟੀ ਖਾ ਲਵਾਂਗੇ ... ਹਾਂ! ਮੈਂ ਗੱਲ ਕਰ ਰਿਹਾ ਸੀ, ਫਿਰ ਰੇਡੀਓ ਸਟੇਸ਼ਨ ਵਾਲਿਆਂ ਨੇ ਮੇਰੇ ਨਾਲ ਇਕ ਚਪੜਾਸੀ ਭੇਜਿਆ, ਜਿਹੜਾ ਹੁਣੇ ਤੁਹਾਡਾ ਘਰ ਦੱਸ ਕੇ ਵਾਪਿਸ ਚਲੇ ਗਿਆ ਹੈ। ਜੀ ਉਹ ਮੇਰੀ ਬੜੀ ਇੱਜ਼ਤ ਕਰਦੇ ਨੇ।...ਫਿਰ ਮਸਤਾਨੇ ਦੇ ਨਾਲ ਤਾਂ ਅਖ਼ਬਾਰ ਵਿਚ ਫੋਟੋ ਆਉਣ ਕਰਕੇ ਮੇਰੀ ਕੀਮਤ ਹੋਰ ਹੀ ਵਧ ਗਈ ਹੈ, ਕਈ ਕਲਾਕਾਰਾਂ ਦੇ ਮੇਰੇ ਕੋਲ ਸਰਨਾਵੇਂ ਹਨ। ਇਹ ਨਰਿੰਦਰ ਬੀਬਾ ਨੇ ਆਪਣੇ ਹੱਥੀ ਲਿਖ ਕੇ ਦਿੱਤਾ ਹੈ।' ਆਪਣੀ ਪੋਟਲੀ ਚੋਂ ਇਕ ਚਿੱਟ ਕੱਢ ਕੇ ਮੈਨੂੰ ਦਿਖਾਉਂਦਿਆਂ ਉਸ ਨੇ ਕਿਹਾ।

'ਤੁਸੀਂ ਗੀਤ ਲਿਖਦੇ ਹੋ ਜਾਂ ਗਾਉਂਦੇ ਹੋ?' ਮੈਂ ਸੁਆਲ ਕੀਤਾ।

'ਜੀ ਮੈਂ ਲਿਖਦਾ ਵੀ ਹਾਂ ਤੇ ਗਾਉਂਦਾ ਵੀ ਹਾਂ। ਲਗਭਗ ਮੇਰੇ ਪੰਜਾਹ ਗੀਤ ਰੀ ਕਾਰਡ ਹੋ ਚੁੱਕੇ ਨੇ ਤੇ ਇਕ ਅੱਧ ਹਰ ਰੋਜ਼ ਰੇਡੀਓ ਤੋਂ ਵੀ ਪ੍ਰਸਾਰਿਤ ਕੀਤਾ ਜਾਂਦਾ ਹੈ।'

'ਤਾਂ ਤੇ ਤੁਸੀਂ ਬੜੇ ਉੱਚੇ ਦਰਜੇ ਤਕ ਪਹੁੰਚ ਗਏ! ਇਸ ਛੋਟੀ ਉਮਰੇ ਹੀ! ਤੁਸੀਂ ਤਾਂ ਬਹੁਤ ਤਰੱਕੀ ਕਰ ਸਕੋਗੇ...ਪਰ...ਪਰ...ਆਪਣੇ ਮੂੰਹੋਂ ਆਪਣੀ ਸਿਫ਼ਤ ਨਹੀਂ ਕਰੀਦੀ। ਲੋਕਾਂ ਨੂੰ ਸਮਾਂ ਦਿਉ ਕਿ ਉਹ ਤੁਹਾਡੇ ਬਾਰੇ ਤੁਹਾਨੂੰ ਰਾਏ ਦੇ ਸੱਕਣ।'

'ਜੀ ਮੈਨੂੰ ਬੜੀਆਂ ਚਿੱਠੀਆਂ ਆਉਂਦੀਆਂ ਨੇ ਹਰ ਰੋਜ਼। ਪੰਜਾਬੀ ਦਾ ਹਰ ਵੱਡਾ ਲਿਖਾਰੀ ਮੈਨੂੰ ਗੀਤ ਭੇਜ ਕੇ ਮਾਣ ਪ੍ਰਾਪਤ ਕਰਦਾ ਹੈ। ਤੁਸੀਂ ਵੀ ਮੈਨੂੰ ਇਕ ਦੋ ਚੰਗੇ ਗੀਤ ਦੇ ਦਿਉ, ਮੈਂ ਇਹ ਰੀ ਕਾਰਡ ਕਰਵਾ ਦਿਆਂਗਾ। ਇਸ ਨਾਲ ਤੁਹਾਨੂੰ ਵੀ ਕਾਫੀ ਫ਼ਾਇਦਾ ਹੋਵੇਗਾ। ਯਾਦ ਕਰੋਗੇ ਮੈਨੂੰ ਹਮੇਸ਼ਾ ਵਾਸਤੇ।'

ਮੇਰੇ ਕੰਨ ਉਸ ਦੀਆਂ ਗੱਲਾਂ ਨਾਲ ਹੋਰ ਚੁਕੰਨੇ ਹੁੰਦੇ ਜਾ ਰਹੇ ਸਨ ਤੇ ਉਸ ਦੀ ਟੁੱਟੀ ਜੁੱਤੀ ਤੇ ਗੰਦੇ ਕੱਪੜੇ ਦੇਖ ਕੇ ਇਕ ਚੰਗੇ ਕਲਾਕਾਰ ਦੀ ਹਾਲਤ ਤੇ ਤਰਸ ਵੀ ਆ ਰਿਹਾ ਸੀ।

'ਤੁਹਾਨੂੰ ਫਿਰ ਇਨ੍ਹਾਂ ਗੀਤਾਂ, ਪ੍ਰੋਗਰਾਮਾਂ ਤੋਂ ਕੁਝ ਆਮਦਨ ਵੀ ਹੁੰਦੀ ਹੈ? ਜਾਂ ਤੁਸੀਂ ਵੈਸੇ ਹੀ ਸੋਸ਼ਲ ਸਰਵਿਸ ਕਰਦੇ ਹੋ।'

'ਜੀ ਮੈਂ ਕਰਦਾ ਤਾਂ ਹਾਂ ਨਿਰਸ਼ੁਲਕ ਲੋਕ ਸੇਵਾ, ਮੁਫ਼ਤ ਮਨੋਰੰਜਨ! ਪਰ ਲੋਕ ਮੈਨੂੰ ਜ਼ਬਰਦਸਤੀ ਪੈਸੇ ਦੇ ਦੇਂਦੇ ਹਨ। ਲਗਭਗ ਹਰ ਮਹੀਨੇ ਮੈਨੂੰ ਪੰਜ ਛੇ ਸੌ ਰੁਪਏ ਬਣ ਜਾਂਦੇ ਹਨ। ਜਿੱਥੇ ਗਾਣ ਲਗਦਾ ਹਾਂ, ਬੱਸ ਪੈਸਿਆਂ ਦਾ ਮੀਂਹ ਵਰ੍ਹ ਪੈਂਦਾ ਹੈ।'

'ਮੈਨੂੰ ਮੀਨਾ ਕੁਮਾਰੀ ਦੀਆਂ ਬੜੀਆਂ ਚਿੱਠੀਆਂ ਆਉਂਦੀਆਂ ਹਨ।'

ਮੀਨਾ ਕੁਮਾਰੀ ਦੀ ਇਕ ਚਿੱਠੀ ਤੇ ਉਸ ਦੀ ਫੋਟੋ ਕੱਢ ਕੇ ਮੇਰੇ ਸਾਹਮਣੇ ਕਰ ਦਿੱਤੀਆਂ।

ਮੇਰੀ ਯਾਦ ਸ਼ਕਤੀ ਇਕ ਦਮ ਦਸ ਸਾਲ ਪਿੱਛੇ ਅੰਮ੍ਰਿਤਸਰ ਦੇ ਇਕ ਸਕੂਲ ਵਿਚ ਜਾ ਪਹੁੰਚਦੀ ਹੈ ਜਿੱਥੇ ਮੈਂ ਮਾਸਟਰ ਸੀ। ਇਕ ਨਾਲਾਇਕ ਮੁੰਡੇ ਨਾਲ ਮੈਂ ਬੜਾ ਸਿਰ ਖਪਾਇਆ ਕਿ ਕਿਵੇਂ ਉਹ ਸੁਧਰ ਜਾਏ, ਪੜ੍ਹਨ ਲੱਗ ਜਾਏ ਪਰ ਇਕ ਦਿਨ ਉਸ ਨੂੰ ਤਾਂਬੜ ਚਾੜ੍ਹਨੀ ਹੀ ਪਈ। ਉਹ ਥੱਲੇ ਡਿੱਗ ਪਿਆ। ਉਸ ਦੀ ਜੇਬ ਵਿਚੋਂ ਦੋ ਕਾਗ਼ਜ਼ ਬਾਹਰ ਡਿੱਗ ਪਏ ਜਿਨ੍ਹਾਂ ਵਿਚੋਂ ਇਕ ਮੀਨਾ ਦੀ ਫੋਟੋ ਤੇ ਦੂਜੀ ਉਸ ਦੀ ਹੱਥ ਲਿਖੀ ਚਿੱਠੀ ਸੀ ਤੇ ਇਸ ਨੂੰ ਭਈਆ ਜੀ ਕਹਿਕੇ ਸੰਬੋਧਤ ਸੀ। ਇਸ ਤਰ੍ਹਾਂ ਕਈ ਹੋਰ ਫ਼ਿਲਮੀ ਸਿਤਾਰਿਆਂ ਦੀਆਂ ਚਿੱਠੀਆਂ ਤੇ ਫੋਟੋ ਨਾਲ ਉਸ ਦਾ ਬਸਤਾ ਭਰਿਆ ਪਿਆ ਸੀ।

'ਵੀਰ ਜੀ! ਅੱਜ ਸ਼ਾਮੀ ਸਟੇਸ਼ਨ ਲਾਗੇ ਢਾਬੇ ਵਿਚ ਇਕ ਪਾਰਟੀ ਹੈ...ਉੱਥੇ ਤੁਸੀਂ ਵੀ ਜ਼ਰੂਰ ਦਰਸ਼ਨ ਦੇਣੇ...ਨਾਲੇ ਦੇਖਣਾ ਮੇਰੇ ਨਾਲ ਲੋਕ ਕਿੱਦਾਂ ਫਿਰਦੇ ਨੇ ਜਿਵੇਂ ਸ਼ਹਿਦ ਪਿੱਛੇ ਮੱਖੀਆਂ...।' ਉਸ ਨੇ ਮੈਨੂੰ ਵਾਪਸ ਮੇਰੇ ਵਜੂਦ ਵਿਚ ਲਿਆ ਖੜ੍ਹਾਇਆ।

'ਉ ਹੋ...ਤੁਹਾਨੂੰ ਐਵੇਂ ਤਕਲੀਫ਼ ਦਿੱਤੀ...। ਰੋਟੀ ਦੀ ਕੀ ਲੋੜ ਸੀ।' ਦੋਹਾਂ ਹੱਥਾਂ ਨਾਲ ਥਾਲ਼ੀ ਫੜਕੇ ਉਸ ਨੇ ਧੰਨਵਾਦ ਕੀਤਾ!'

'ਤੇ ਭਾਅ ਜੀ! ਤੁਹਾਨੂੰ ਇਕ ਹੋਰ ਤਕਲੀਫ਼ ਦੇਣੀ!'

'ਹਾਂ...ਸੇਵਾ ਦੱਸੋ...।' ਮੈਂ ਇਕ ਦਮ ਉਸ ਦੇ ਮੂੰਹੋਂ ਕੁਝ ਵਗਾਰ ਪਾਉਂਦੇ ਸ਼ਬਦ ਸੁਣਨ ਲਈ ਤਤਪਰ ਹੋ ਉੱਠਿਆ।

'ਪੰਜ ਕੁ ਸੌ ਰੁਪੇ ਦੇ ਦਿਉ ਤਾਂ ਤੁਹਾਡਾ ਸ਼ੁਕਰੀਆ! ਉੱਥੇ ਸੋਖ਼ੀ ਤੇ ਮੀਸ਼ੇ ਵਰਗੇ ਵੱਡੇ ਵੱਡੇ ਡਰੰਮ ਵਿਦਵਾਨ ਆਉਣੇ ਨੇ, ਬੇਸ਼ੱਕ ਖਰਚ ਤਾਂ ਸਾਰਾ ਉਹਨਾਂ ਦਾ ਹੀ ਹੈ। ਇਹ ਨਿਉਂਦਾ ਵੀ ਸਮਝੋ ਉਹਨਾਂ ਵੱਲੋਂ ਹੀ ਹੈ ਪਰ ਜੇਬ ਵਿੱਚ ਤਾਂ ਕੁਝ ਚਾਹੀਦਾ! ਸ਼ਰਮੋ-ਕੁ-ਸ਼ਰਮੀ ਸੁਲਹ ਤਾਂ ਮਾਰਨੀ ਪਊ। ਜੇਬ ਤਾਂ ਦਿਖਾਉਣੀ ਪਊ...।'

ਮੈਂ ਆਪਣੀ ਜੇਬ ਨੂੰ ਹੱਥ ਮਾਰਦਾ ਸੋਚੀਂ ਡੁੱਬ ਜਾਂਦਾ ਹਾਂ।

ਭੰਬੀਰੀ

ਸਾਰੀ ਰਾਤ ਮਾਤਾ ਰਾਮ ਕੌਰ ਨੂੰ ਨੀਂਦ ਨਾ ਆਈ। ਉਹ ਹਰ ਪਲ ਆਪਣੇ ਸਰਦਾਰ ਨਰੈਣ ਸਿੰਘ ਦੀ ਬਗਲ ਲੱਗ ਕੇ ਸੁਮਕੇ ਲੈਂਦੀ ਰਹੀ।

'ਮੈਂ ਕਿਹਾ ਜੀ! ਕੀ ਬਣੂੰ ਹੁਣ ? ਉਹਨਾਂ ਤਾਂ ਕੁੱਟ-ਕੁੱਟ ਕੇ ਹੱਡ ਪੱਸਲੀਆਂ ਇੱਕ ਕਰ ਦੇਣੀਆਂ, ਵਿਚਾਰੇ ਮੁੰਡੇ ਦੀਆਂ। ਪੁੱਤਾਂ ਵਾਂਗੂੰ ਪਾਲਿਆ ਵਿਚਾਰਾ, ਮਾਂ ਜੀ...ਮਾਂ ਜੀ ਕਰਦਾ ਰਹਿੰਦਾ ਸੀ ਹਰ ਦਮ...। ਉਸੇ ਨੇ ਹੀ ਤਾਂ ਲਿਆ ਕੇ ਰਖਾਇਆ ਸੀ ਵਿਚਾਰਾ...ਅਖੈ ਮੇਰੇ ਭਾਈਆਂ ਵਰਗਾ ਹੀ ਹੈ ਆਪਣਾ ਹੀ

ਭਈਆ...। ਵਿਚਾਰਾ ਤੀਸਰੇ ਦਿਨ ਹੀ ਮਾਰਿਆ ਗਿਆ। ਕਿੱਥੇ ਲੈ ਆਇਆ ਵਿਚਾਰੇ ਦਾ ਭੋਂ ਮੰਡਲ... ਨਾ ਇਥੇ ਆਉਂਦਾ ਨਾਂ ਮਰਦਾ। ਖੌਰੇ ਕਿਸੇ ਨੇ ਕਿਹੜੇ ਜਨਮ ਦਾ ਬਦਲਾ ਲਿਆ, ਸਾਡੇ ਕੋਲੋਂ ਜਾਂ ਉਸ ਮਾਸੂਮ ਕੋਲੋਂ।' ਬੁੱਢੀ ਬਾਰ-ਬਾਰ ਫਿੱਸ ਰਹੀ ਸੀ। ਉਸ ਦੇ ਮਨ ਵਿਚ ਕਈ ਅਪ-ਸ਼ਗਨੇ ਮਨਹੂਸ ਖਿਆਲ ਉਬਾਲੇ ਖਾਂਦੇ ਰਹੇ।

'ਸਾਡੀ ਤਾਂ ਕਿਸੇ ਨਾਲ ਦੁਸ਼ਮਣੀ ਨਹੀਂ... ਉਸ ਨੇ ਵੀ ਕਿਸੇ ਦਾ ਕੀ ਵਿਗਾੜਿਆ... ਕੱਲ ਦਾ ਮਾਂ-ਮਹਿੱਟਰ ਬੱਚਾ...!'

ਸਰਦਾਰ ਚੁੱਪ ਚੁਪੀਤਾ ਉਸ ਦੇ ਕੀਰਨੇ ਸੁਣ ਹੁੰਗਾਰਾ ਜਿਹਾ ਭਰੀ ਜਾਂਦਾ। ਉਹ ਵੀ ਨਮੋਸ਼ੀ ਵਿਚ ਡੁੱਬ-ਡੁੱਬ ਜਾਂਦਾ ਗਰਕ ਹੋ ਰਿਹਾ ਸੀ। ਇਕ ਬੰਦੇ ਦਾ ਕਤਲ! ਉਸ ਦੇ ਘਰ ! ਕਿੰਨੀ ਵੱਡੀ ਸਮਾਜਿਕ ਸੱਟ! ਤੇ ਜੇ ਕੋਈ ਖੁਰਾ-ਖੋਜ ਨਾ ਮਿਲਿਆ ਤਾਂ ਪੁਲਸ ਨੇ ਤਾਂ ਉਸੇ ਦੇ ਸਿਰ ਹੀ ਮੜ੍ਹ ਦੇਣਾ।

ਪੁਲਿਸ ਵਾਲੇ ਉਸ ਨੂੰ ਪੁੱਛਦੇ ਰਹੇ,

'ਜ਼ੈਲਦਾਰ ਸਾਹਿਬ! ਦੱਸੋ ਤੁਹਾਨੂੰ ਕਿਸ 'ਤੇ ਸ਼ੱਕ ਹੈ... ਕੌਣ ਹੋ ਸਕਦਾ ਹੈ...ਕੀ ਕਾਰਨ ਹੈ ਇਸਦਾ...?' ਪਰ ਉਸ ਨੇ ਤਾਂ ਨੰਨਾ ਹੀ ਧਰ ਛੱਡਿਆ।

'ਬੱਚਿਆਂ ਵਾਲਿਉ! ਮੈਂ ਕਿਸ ਦਾ ਨਾਮ ਲੈ ਦੇਵਾਂ ਐਵੇਂ...ਮੇਰਾ ਕੋਈ ਦੁਸ਼ਮਣ ਨਹੀਂ, ਮੈਨੂੰ ਕਿਸੇ 'ਤੇ ਸ਼ੱਕ ਨਹੀਂ...। ਮੈਂ ਤਾਂ ਇਕ ਚੀਕ ਸੁਣੀ ਤੜਕਸਾਰ ! ਇਕ ਆਵਾਜ਼! ਤੇ ਫਿਰ ਕੁੱਤੇ ਦੀ ਭੌਂਕਣ ਦੀ ਆਵਾਜ਼! ਉੱਠ ਕੇ ਦਰਵਾਜ਼ਾ ਖੋਲ੍ਹ ਕੇ ਦੇਖਿਆ! ਦਰਵਾਜ਼ੇ ਦੇ ਨਾਲ ਦਾ ਖੁੱਲ੍ਹਾ ਕਮਰਾ...ਮੈਂ ਕਿਹਾ ਛੋਟੂ ਨੂੰ ਜਗਾਵਾਂ, ਪਰ...ਪਰ...ਉਹ ਤਾਂ ਲਹੂ ਲੁਹਾਨ ਹੋਇਆ ਪਿਆ ਸੀ। ਮੈਂ ਘਬਰਾ ਗਿਆ, ਕੀ ਭਾਣਾ ਵਰਤ ਗਿਆ, ਮੈਂ ਡਰਿਆ ਘਬਰਾਇਆ...ਰੌਲਾ ਪਾਉਂਦਾ ਬਾਹਰ ਨੂੰ ਦੌੜਾਂ ਫਿਰਨੀ ਵੱਲ, ਪਈ ਜਾ ਕੇ ਇਹਦੇ ਭਰਾ ਨੂੰ ਦੱਸਾਂ ਭੰਬੀਰੀ ਨੂੰ...ਪਰ ਪਰ ਉਹ ਵੀ ਉਥੇ ਨਾ ਮਿਲਿਆ।' ਘਬਰਾਏ ਹੋਏ ਜ਼ੈਲਦਾਰ ਦੇ ਮਨ ਦਾ ਦਹਿਲ ਅਜੇ ਬਰਕਰਾਰ ਮੌਜੂਦ ਸੀ।

'ਹਾਂ...ਤੇ ਇਹ ਗੱਲ ਹੈ। ਜੇ ਉਹ ਮਿਲ ਜਾਂਦਾ ਤਾਂ ਤੁਸਾਂ ਇਹਨੂੰ ਬਿਲੇ ਲਗਾ ਦੇਣਾ ਸੀ, ਤੇ ਫਿਰ ਸਾਡੇ ਪੱਲੇ ਕੀ ਪੈਣਾ ਸੀ।' ਥਾਣੇਦਾਰ ਦੀ ਪੁੱਠੀ ਸੋਚਣੀ ਤੇ ਚਿਤਾਵਨੀ ਨੇ ਜ਼ੈਲਦਾਰ ਦੇ ਸਾਹਮਣੇ ਜੇਲ੍ਹ, ਕਚਹਿਰੀ, ਕੈਦ...ਦੇ ਸੀਨ ਸਾਖਸ਼ਾਤ ਉਜਾਗਰ ਕਰ ਦਿੱਤੇ।

'ਨਹੀਂ ਜਨਾਬ ਇਹ ਤਾਂ ਮੇਰੀ ਜ਼ਿੰਮੇਵਾਰੀ ਬਣਦੀ ਸੀ। ਉਸੇ ਨੇ ਹੀ ਇਸ ਨੂੰ ਰਖਾਇਆ ਸੀ। ਆਪ ਪਹਿਲਾਂ ਦਸ ਸਾਲ ਸਾਡੇ ਕੰਮ ਕਰਦਾ ਰਿਹਾ, ਹੁਣ ਕਹਿੰਦਾ ਮੈਂ ਤੁਹਾਨੂੰ ਹੋਰ ਮੁੰਡਾ ਲਿਆ ਦਿੰਦਾ ਹਾਂ, ਮੈਨੂੰ ਛੁੱਟੀ ਕਰ ਦਿਓ।'

'ਤੇ ਕਿੱਥੇ ਹੈ ਉਹ ਹੁਣ?' ਥਾਣੇਦਾਰ ਦੇ ਦਬਕੇ ਨਾਲ ਉਸ ਦੀਆਂ ਮੁੱਛਾਂ ਕੁਰਬਲ-ਕੁਰਬਲ ਕਰਨ ਲੱਗੀਆਂ।

ਜੈਲਦਾਰ ਅੱਖਾਂ ਚ ਘਸੁੰਨ ਦੇ ਕੇ ਖੜ੍ਹਾ ਰਿਹਾ।

'ਠੀਕ ਹੈ ਸਾਹਿਬ! ਪਿੰਡ ਦੇ ਸਾਰੇ ਭਈਏ ਇਕਠੇ ਕਰੋ ਇਕ ਦਮ...।' ਥਾਣੇਦਾਰ ਫਿਰ ਕੜਕਿਆ।

'ਨਹੀਂ ਜਨਾਬ ਇਹ ਭਈਆਂ ਦਾ ਕਾਰਾ ਨਹੀਂ, ਮੈਨੂੰ ਪੂਰੀ ਤਸੱਲੀ ਹੈ।

'ਜਾਉ...ਜਿੱਥੇ-ਜਿੱਥੇ ਵੀ ਕੋਈ ਭਈਆ ਹੈ, ਫੜ ਲਿਆਉ।' ਥਾਣੇਦਾਰ ਸਿਪਾਹੀਆਂ ਨੂੰ ਮੁਖ਼ਾਤਬ ਸੀ।

ਸਰਦਾਰ ਹੁਣ ਡਾਢੇ ਪਛਤਾਵੇ ਵਿਚ ਸੀ। ਕਿੰਨਾ ਚੰਗਾ ਹੁੰਦਾ ਜੇ ਉਹ ਭੰਬੀਰੀ ਦੀ ਮੰਨ ਲੈਂਦਾ। ਉਸ ਨੇ ਕਿਹਾ ਸੀ ਸਰਦਾਰ ਜੀ! ਇਸ ਕੇ ਬਾਪ ਕੋ ਬੁਲਾ ਕੇ ਦਸ ਬੀਸ ਹਜ਼ਾਰ ਰੁਪਇਆ ਦੇ ਦੋ। ਵੋ ਮਾਨ ਜਾਏਗਾ...ਪਰ ਮੈਂ ਨਹੀਂ ਮੰਨਿਆ। ਹੁਣ ਪਤਾ ਨਹੀਂ ਕਿੰਨੀ ਵੀਹੀਂ ਸੌ ਬਣੂੰ।

'ਚੰਗਾ ਜ਼ੈਲਦਾਰ ਜੀ! ਹੁਣ ਤੁਸੀਂ ਲਾਸ਼ ਨੂੰ ਹਸਪਤਾਲ ਪਹੁੰਚਾਉ ... ਪੋਸਟ-ਮਾਰਟਮ ਵਾਸਤੇ...ਬਾਕੀ ਸਾਡਾ ਕੰਮ...ਕੱਲ੍ਹ ਨੂੰ ਥਾਣੇ ਦਰਸ਼ਨ ਦਿਉ...।' ਤਫ਼ਤੀਸ਼ੀ ਥਾਣੇਦਾਰ ਦੇ ਹੁਕਮ ਨੇ ਉਸ ਨੂੰ ਫਿਰ ਆਪਣੇ ਵਿਚ ਵਾਪਸ ਲੈ ਆਂਦਾ।

'ਚੰਗਾ ਜਨਾਬ ਜੋ ਹੁਕਮ!...ਪਰ ਮੇਰੇ 'ਤੇ ਮਿਹਰ ਕਰਿਉ...ਮੈਂ ਹਾਜ਼ਰ ਹਾਂ।' ਇਸ ਅਣ-ਕਿਆਸੇ ਕਹਿਰ ਨੇ ਇਹ ਵੱਡੀ ਹਵੇਲੀ ਵਿਚ ਸ਼ਮਸ਼ਾਨ ਵਰਗੀ ਸੁੰਨ ਵਰਤਾ ਦਿੱਤੀ। ਦੋਨੋ ਤੀਵੀਂ ਆਦਮੀ ਆਪਣੇ ਅਖੀਰਲੇ ਹੁਸੀਨ ਪਲ ਜ਼ਿੰਦਗੀ ਦੇ, ਪਰਦੇਸੀ ਭਈਆਂ ਦੇ ਸਿਰ 'ਤੇ ਲੰਘਾ ਰਹੇ ਸਨ। ਪੁੱਤ ਪੋਤਰੇ ਬਾਹਰ ਤੇ ਭਈਏ ਅੰਦਰ! ਘਰ ਦਾ ਸਾਰਾ ਲੂਣ ਤੇਲ...ਰਸੋਈ ਦਾ ਖਾਦ ਸਮਾਨ, ਖਾਣਾ ਪੀਣਾ, ਖੇਤੀ ਦਾ ਸਾਰਾ ਕਾਰੋਬਾਰ ਭੰਬੀਰੀ ਦੇ ਹੱਥ। ਮੌਜ ਕਰ ਰਹੇ ਸਨ। ਉਹਨਾਂ ਨੂੰ ਕੋਈ ਫਿਕਰ ਨਹੀਂ ਸੀ, ਉਸ ਦੇ ਹੁੰਦਿਆਂ।

ਉਨੀਂਦਰੇ ਸੋਚਾਂ ਸੋਚਦੇ ਸਾਰੀ ਰਾਤ ਲੰਘਾ ਕੇ ਜੈਲਦਾਰ ਪੁਲਿਸ ਦੇ ਹੁਕਮ ਅਨੁਸਾਰ ਥਾਣੇ ਨੂੰ ਚੱਲ ਪਿਆ। ਪੰਜ ਸੌ ਦੇ ਨੋਟਾਂ ਦੀ ਇਕ ਥੱਬੀ ਉਸ ਨੇ ਅੰਦਰਲੀ ਜੇਬ ਵਿਚ ਪਾਈ। ਇਸ ਦਾ ਖ਼ਮਿਆਜ਼ਾ ਘੱਟ ਤੋਂ ਘੱਟ ਏਨਾ ਤਾਂ ਲੱਗੇਗਾ ਹੀ, ਬਾਕੀ ਥਾਣੇ ਜਾ ਕੇ ਪਤਾ ਲੱਗੂ। ਉਹ ਮਨ ਹੀ ਮਨ ਵਿਚ ਵਿਉਂਤਾ-ਵਿਉਂਤਦਾ ਸਾਹਿਬ ਦੇ ਕਮਰੇ ਅੱਗੇ ਪਹੁੰਚ ਗਿਆ। ਰੋਹਬਦਾਰ ਫਤੂਹੀ ਤੇ ਹੋਰ ਪਹਿਰਾਵਾ ਵੇਖ ਕੇ ਸੰਤਰੀ ਨੇ ਪਹਿਲਾਂ ਹੀ ਪਹਿਚਾਣ ਕੇ ਅੰਦਰ ਜਾ ਸੁਨੇਹਾ ਦਿੱਤਾ ਤੇ ਨਾਲ ਹੀ ਬੁਲਾਵਾ ਆਇਆ ਸੁਣ ਕੇ ਉਹ ਬਹੁਤ ਪ੍ਰਸੰਨ ਹੋਇਆ। ਕੱਲ੍ਹ ਵਾਲਾ ਤਫ਼ਤੀਸ਼ੀ ਵੀ ਉਥੇ ਬੈਠਾ ਸੀ। ਜਾਂਦੇ ਹੀ ਉਸ ਨੇ ਇਕ ਦੱਬੀ ਕਾਗ਼ਜ਼ਾਂ 'ਚ ਲਪੇਟੀ ਨਾਲ ਦੀ ਕੁਰਸੀ 'ਤੇ ਬੈਠੇ ਤਫ਼ਤੀਸ਼ੀ ਵੱਲ ਵਧਾ ਦਿੱਤੀ। ਥਾਣੇਦਾਰ ਨੇ ਹੱਸ ਕੇ ਸਵਾਗਤ ਕੀਤਾ।

'ਆਉ ਜੈਲਦਾਰ ਸਾਹਿਬ! ਏਨੇ ਨਾਲ ਨਹੀ ਸਰਨਾ! ਤੁਹਾਡੇ ਨਾਮ, ਜਿੰਨੀ ਚੱਲ ਅਚੱਲ ਜ਼ਮੀਨ ਜਾਇਦਾਦ ਹੈ, ਇਹ ਸਾਰੀ ਥਾਣੇ ਦੇ ਨਾਮ ਕਰ ਦਿਉ।'

ਦੋਨੋਂ ਥਾਣੇਦਾਰ ਹੱਸੇ ਤੇ ਨਾਲ ਉਹ ਵੀ ਹੱਸ ਪਿਆ। ਉਸ ਦਾ ਹੌਂਸਲਾ ਵਧ ਗਿਆ। ਉਸ ਨੇ ਸਮਝਿਆ ਸਭ ਠੀਕ-ਠਾਕ ਹੀ ਹੈ।

'ਉਸ ਦਿਨ ਤੁਹਾਡਾ ਕਤਲ ਹੋਣਾ ਸੀ। ਤੁਹਾਡੀ ਕਿਸਮਤ ਤੁਹਾਨੂੰ ਬਚਾ ਗਈ।'

'ਮੇਰਾ ਕਤਲ?-ਹੈਂ? ਮੈਂ ਕੀ ਸੁਣ ਰਿਹਾ ਹਾਂ? ਇਹ ਨਹੀ ਜਨਾਬ!' ਉਹ ਮੰਨਣ ਤੋਂ ਇਨਕਾਰੀ ਸੀ।

'ਮੈਂ ਕਦੇ ਕਿਸੇ ਦਾ ਦਿਲ ਨਹੀਂ ਦੁਖਾਇਆ, ਕਿਸੇ ਦਾ ਕੁਝ ਨਹੀਂ ਵਿਗਾੜਿਆ, ਮੈਨੂੰ ਮਾਰਨ ਦੀ ਕਿਸੇ ਦੀ ਹਿੰਮਤ ਨਹੀਂ ਪੈ ਸਕਦੀ...ਇਹ ਨੌਬਤ ਹੀ ਨਹੀਂ ਆ ਸਕਦੀ।'

ਉਹ ਆਚੰਭਿਤ ਹੋਇਆ ਅੱਖੀਆਂ ਅੱਡੀ ਹੋਰ ਹੈਰਾਨ ਹੋ ਰਿਹਾ ਸੀ।

'ਮੈਨੂੰ ਭੰਬੀਰੀ ਨੂੰ ਮਿਲਾਉ! ਇਹ ਰੋਟੀ ਉਸ ਲਈ ਲਿਆਂਦੀ ਹੈ ... ਵਿਚਾਰਾ ਭੁੱਖਾ ਤਿਹਾਇਆ ਹੋਊ ਰਾਤ ਦਾ!' ਸਰਦਾਰ ਭੰਬੀਰੀ ਦੇ ਪਿਆਰ ਵਿਚ ਤਰਲ ਹੋਇਆ ਪਿਆ ਸੀ।

'ਕੋਈ ਨਾਂ...ਲਉ...ਸੁਣ ਲੋ...।' ਥਾਣੇਦਾਰ ਨੇ ਮੇਜ਼ 'ਤੇ ਪਈ ਟੇਪ ਰੀਕਾਰਡਰ ਚਾਲੂ ਕਰ ਦਿੱਤੀ।

'ਮੈਂ ਭੰਬੀਰੀ ਭਈਆ...ਸਰਦਾਰ ਕੋਲ ਦਸ ਸਾਲ ਸਾਰਾ ਦਿਨ ਰਾਤ ਕੰਮ ਕਰਦਾ ਰਿਹਾ। ਪਰ ਉਹ ਮੈਨੂੰ ਤਨਖਾਹ ਸਿਰਫ਼ ਇਕ ਹਜ਼ਾਰ ਰੁਪੇ ਦਿੰਦਾ ਸੀ। ਉਸ ਕੋਲ ਸੋਨੇ ਗਹਿਣੇ ਤੇ ਪੈਸੇ ਕੱਪੜੇ ਬਹੁਤ ਸਨ। ਇਕ ਦਿਨ ਮੈਂ ਪਾਂਚ ਹਜ਼ਾਰ ਅਡਵਾਂਸ ਮਾਂਗੇ ਤੋਂ ਉਸ ਨੇ ਇਨਕਾਰ ਕਰ ਦੀਆ। ਇਸ ਲਿਏ ਇਸ ਛੋਟੇ ਕੋ

ਇਧਰ ਲਗਾ ਕੇ ਮੈਂ ਛੋੜ ਦੀਆ। ਸਰਦਾਰ ਉਸ ਕਮਰੇ ਮੇਂ ਸੋਤਾ ਥਾਂ ਜਹਾਂ ਉਸ ਦਿਨ ਛੋਟੂ ਥਾਂ। ਮੈਂ ਨੇ ਆਪਣੇ ਸਾਥੀਉਂ ਕੇ ਸਾਥ ਉਸ ਕਮਰੇ ਪਰ ਹਮਲਾ ਕਰ ਦੀਆ, ਔਰ ਹਮ ਅੰਦਰ ਜਾਣੇ ਦੀ ਤਾੜ ਮੇਂ ਥੇ ਕਿ ਸਰਦਾਰ ਅੰਦਰ ਸੇ ਨਿਕਲ ਆਇਆ। ਹਮ ਇਸ ਕੋ ਨਹੀ, ਸਰਦਾਰ ਕੋ ਮਾਰ ਕੇ ਲੂਟਣਾ ਚਾਹਤੇ ਥੇ...।' ਸਰਦਾਰ ਕੰਨਾਂ 'ਚ ਉਂਗਲਾਂ ਦੇ ਰਿਹਾ ਸੀ ਉੱਪਰ ਨੂੰ ਹੱਥ ਜੋੜ ਰਿਹਾ ਸੀ।

ਦੰਦੀ

'ਡਾਕਟਰ ਸਾਹਿਬ! ਮੇਰੀ ਗੱਲ੍ਹ ਤੇ ਦਰਦ ਹੈ...।'

'ਕੀ ਹੋਇਆ ਬੀਬਾ! ਹਾਅ! ਇਹ ਤਾਂ ਜ਼ਖਮ ਹੈ ... ਕੀ ਲੱਗਾ ਇੱਥੇ...?'

'ਲੱਗਾ ਨੀ ਸਰ! ਦੰਦੀ ਵੱਢੀ ਹੈ...।'

'ਦੰਦੀ? ਕਿਸ ਨੇ...?'

'ਮੇਰੇ ਪ੍ਰੇਮੀ ਨੇ ਸਰ... ਭੁੱਖਾ ਸੀ ਵਿਚਾਰਾ...।'

'ਬੜਾ ਬੇਵਕੂਫ਼ ਸੀ ਉਹ... ਬੜਾ ਵਹਿਸ਼ੀ ਦਰਿੰਦਾ ਸੀ ਉਹ...?'

'ਨਾਂ ਸਰ! ਏਦਾਂ ਨਾਂ ਕਹੋ, ਉਸ ਨੇ ਤਾਂ ਆਪਣਾ ਪ੍ਰੇਮ ਹੀ ਜਿਤਾਇਆ ਹੈ... ਮੇਰਾ ਜ਼ਖਮ ਠੀਕ ਕਰ ਦਿਉ ਤੁਸੀਂ...।'

'ਫਿਰ ਇਹ ਠੀਕ ਵੀ ਤਾਂ ਉਦਾਂ ਹੀ ਹੋਵੇਗਾ...ਦੰਦੀ ਨਾਲ...।'

'ਕਿਸ ਦੀ ਦੰਦੀ ਨਾਲ...?'

'ਕਿਸੇ ਦੀ ਹੋਵੇ... ਉਸ ਦੀ ਜਾਂ ਮੇਰੀ...।'

ਤੇ ਮਰੀਜ਼ ਨੇ ਦੂਸਰੀ ਗੱਲ੍ਹ ਤੇ ਵੀ ਹੱਥ ਰੱਖ ਲਿਆ।

ਸ਼ੀਸ਼ੇ ਦੇ ਟੁਕੜੇ

ਤੇ ਉਹ ਆਇਆ ਸੀ ਕਈ ਵਰ੍ਹਿਆਂ ਬਾਦ....ਅਫ਼ਗਾਨ ਦੀ ਜੰਗ ਜਿੱਤ ਕੇ। ਮੈਂ ਉਸਨੂੰ ਉਡੀਕਦੀ ਆਪਣੇ ਦਿਲ ਦੇ ਸਬਰ ਵਾਲਾ ਸ਼ੀਸ਼ਾ ਬੰਦ ਕਰਕੇ ਸਾਂਭਦੀ ਰਹੀ, ਸੰਵਾਰਦੀ ਰਹੀ, ਲੁਕੋ-ਲੁਕੋ ਰੱਖਦੀ ਰਹੀ।

ਜਦ ਉਹ ਆਇਆ, ਮੇਰੇ ਦਿਲ ਦਾ ਸ਼ੀਸ਼ਾ ਆਪ ਮੁਹਾਰੇ ਉਸ ਦੇ ਸਾਹਮਣੇ ਖੁੱਲ੍ਹ ਗਿਆ। ਉਹ 'ਆਦਮ ਬੋਅ, ਆਦਮ ਬੋਅ!', ਕਰਦਾ ਝਪਟ ਪਿਆ... ਹਿੱਸਿਆ ਪਿਆ ਸੀ ਵਿਚਾਰਾ।

ਇਕ ਦਮ ਤ੍ਰਭਕ ਪਿਆ। ਉਸਦੇ ਚਿਹਰੇ ਤੇ ਅਚਾਨਕ ਲੜਾਈ ਦੇ ਮੈਦਾਨ ਵਰਗੇ ਸ਼ੋਰ ਤੇ ਭਿਆਨਕਤਾ ਉੱਬਲਨ ਲੱਗੀ।

'ਕੀ ਹੋਇਆ।' ਮੈਂ ਉਸ ਦੇ ਡੋਰ ਭੋਰੇ ਹੋਏ ਨੈਣਾਂ ਵਿਚ ਨਜ਼ਰਾਂ ਗੱਡਦੀ ਮੁਸਕੜੀ ਭਰੀ।

'ਕੌਣ ਹੈ ਇਹ... ?'

ਉਹ ਸ਼ੀਸ਼ੇ ਵਿਚ ਆਪਣਾ ਪਰਛਾਵਾਂ ਵੇਖ ਕੇ ਠੂੰਗੇ ਮਾਰਨ ਲੱਗਾ। ਮਾਰਦਾ ਰਿਹਾ, ਮਾਰਦਾ ਰਿਹਾ, ਜਿਵੇਂ ਬੰਦੂਕ ਦਾ ਬੱਟ ਮਾਰਦਾ ਹੋਵੇ, ਜਿਵੇਂ ਤੋਪ ਦਾ ਗੋਲਾ ਦਾਗਦਾ ਹੋਵੇ। ਉਸ ਦੇ ਹੱਥ-ਪੈਰ ਤੇ ਸਾਰਾ ਵਜੂਦ ਪਸੀਨੇ ਪਸੀਨੀ ਹੋਇਆ ਹਫਣ ਲੱਗਾ। ਜੰਗ ਦਾ ਚੀਕ-ਚਿਹਾੜਾ ਤੇ ਦੌੜ-ਭੱਜ ਉਸਦੇ ਮੱਥੇ 'ਤੇ ਉੱਭਰ ਆਏ। ਮੈਂ ਪਹਿਲਾਂ ਤਾਂ ਇਹ ਸਭ ਕੁਝ ਵੇਖ ਕੇ ਹੱਸੀ ਕਮਲ਼ਿਆਂ ਵਾਂਗ... ਝੱਲਿਆਂ ਵਾਂਗ ਤੇ ਫਿਰ ਉਸਦੇ ਪਾਗਲਪਣ ਦੀ ਹੱਦ ਤੱਕ ਪਹੁੰਚਣ ਦੇ ਸਦਮੇ ਦਾ ਤਸੱਵਰ ਕਿਆਸ ਦੀ ਉਸਨੂੰ ਰੋਕਣ ਲੱਗੀ। ਮੈਂ ਉਸਨੂੰ ਕਲਾਵੇ ਵਿਚ ਹੋਰ ਕੱਸ ਲਿਆ, ਮੈਨੂੰ ਉਸ ਤੇ ਬੜਾ ਤਰਸ ਆਇਆ।

'ਨਹੀਂ...ਨਹੀਂ...ਠਹਿਰ! ਪਰੇ ਹੋ...। ਇਹ ਰੋਮਾਂਸ ਕਰਨ ਦਾ ਨਹੀਂ, ਇਹ ਲੜਾਈ ਦਾ ਸਮਾਂ ਹੈ... ਮੁਕਾਬਲਾ ਕਰਨ ਦਾ ਵੇਲਾ ਹੈ...। ਦੁਸ਼ਮਣ ਮੇਰੇ ਸਾਹਮਣੇ ਖੜ੍ਹਾ ਹੈ, ਮੇਰੇ ਘਰ ਵੜ ਆਇਆ ਹੈ।'

ਉਸਨੇ ਮੈਨੂੰ ਪਰੇ ਧਕੇਲਦੇ ਹੱਥਾਂ ਦੀਆਂ ਮੁੱਠੀਆਂ ਤਾਣ ਲਈਆਂ ਤੇ ਜ਼ੋਰ-ਜ਼ੋਰ ਦੀ ਠੋਕਰਾਂ ਮਾਰਣ ਲੱਗਾ। ਸ਼ੀਸ਼ਾ ਟੁਕੜੇ-ਟੁਕੜੇ ਹੋ ਗਿਆ। ਉਹ ਆਪਣੇ ਜਿਹੇ ਕਈ ਹੋਰ ਚਿਹਰੇ ਵੇਖ ਕੇ ਹੋਰ ਅੱਗ ਬਗੋਲਾ ਹੋ ਗਿਆ।

'ਅਜੇ ਬਹੁਤ ਦੁਸ਼ਮਣ ਹੋਰ ਨੇ...

ਅਜੇ ਮੋਰਚਾ ਸਰ ਨਹੀਂ ਹੋਇਆ...।'

ਚਿਲਾਉਂਦਾ-ਚਿਲਾਉਂਦਾ ਉਹ ਕਮਰੇ ਵਿਚ ਹੀ ਫਲੈਗ ਮਾਰਚ ਕਰਨ ਲੱਗਾ। ਮੈਂ ਟੁੱਟੇ ਹੋਏ ਟੁਕੜੇ ਚੁੱਕਦੀ ਛਾਤੀ ਨਾਲ ਲਾ-ਲਾ ਘੁੱਟਦੀ ਟੁੱਟੇ ਹੋਏ ਮੰਜੇ ਤੇ ਢਹਿ ਪੈਂਦੀ ਹਾਂ...ਟੁੱਟੇ ਹੋਏ ਟੁਕੜਿਆਂ ਵਾਂਗ, ਟੁੱਟੇ ਹੋਏ ਮੰਜੇ ਵਾਂਗ...ਬੇਲੋੜੀ...ਬੇਤਰਤੀਬੀ।

## ਉੱਪਰਲੀ ਕਮਾਈ

ਮੰਗਾ ਚਪੜਾਸੀ ਦਫ਼ਤਰੋਂ ਨਿਕਲ ਕੇ ਰੋਜ਼ ਵਾਂਗ ਠੇਕੇ ਦੇ ਰਸਤੇ ਪੈ ਗਿਆ। ਜੇਬ ਨੂੰ ਹੱਥ ਮਾਰਿਆ, ਠੀਕ ਠਾਕ ਸੀ, ਪਹਿਲਾਂ ਨਾਲੋਂ ਕੁਝ ਜ਼ਿਆਦਾ ਹੀ ਭਾਰੀ ਸੀ।

ਅਜੇ ਕੱਲ੍ਹ ਹੀ ਉਸ ਦੀ ਘਰ ਵਾਲੀ ਨੇ ਮਿਹਣਾ ਮਾਰਿਆ ਸੀ,

'ਆਪ ਤਾਂ ਰੋਜ਼ ਡੱਫ ਕੇ ਆ ਵੜਦੋਂ ਤੇ ਨਿਆਣੇ ਵਿਚਾਰੇ ਭੋਰਾ ਫਲ ਫਰੂਟ ਨੂੰ ਤਰਸਦੇ ਰਹਿੰਦੇ ਨੇ।'

'ਮੈਂ ਕਿਹੜਾ ਤਨਖਾਹ ਚੋਂ ਪੀਂਦਾ?' ਉਸ ਦਾ ਝਟਪਟ ਉੱਤਰ ਸੀ।

ਠੇਕੇ ਦੀ ਖਿੜਕੀ ਲਾਗੇ ਜਾ ਖੜ੍ਹਾ ਹੋਇਆ। ਪੈਂਟ ਦੇ ਖੱਬੇ ਪਾਸੇ ਦੀ ਜੇਬ ਚੋਂ ਦਸਾਂ ਪੰਜਾਂ ਦੇ ਉੱਘੜੇ-ਦੁੱਗੜੇ ਨੋਟ ਕੱਢ ਕੇ ਗਿਣਨ ਲੱਗਾ।

ਪੂਰੇ ਇਕ ਸੌ ਵੀਹ ਰੁਪੇ ਬਣੇ। ਤੇ ਨਾਲ ਹੀ ਉਸ ਦੀ ਵੱਡੀ ਲੜਕੀ ਦੀ ਕਿਤਾਬਾਂ ਕਾਪੀਆਂ ਦੀ ਲਿਸਟ ਉਸ ਦੇ ਹੱਥ ਆ ਕੇ ਉਸ ਦਾ ਰਸਤਾ ਮੱਲ ਬੈਠੀ।

ਉਸ ਦੇ ਪੈਰ ਪਿੱਛੇ ਮੁੜ ਪਏ। ਸਟੇਸ਼ਨਰੀ ਮੁਨਿਆਰੀ ਵਾਲੀ ਦੁਕਾਨ 'ਤੇ ਜਾ ਚੜ੍ਹੇ ਤੇ ਉਸਨੇ ਲਿਸਟ ਸੇਲਮੈਨ ਨੂੰ ਫੜਾ ਦਿੱਤੀ। ਪੈੱਨ, ਟੁੱਥ-ਪੇਸਟ, ਸਾਬਣ, ਕਿਤਾਬਾਂ, ਕਾਪੀਆਂ ਇਹ ਸਭ ਕੁਝ ਇਕ ਸੌ ਰੁਪੇ ਵਿਚ ਆ ਗਿਆ। ਉਹ ਬੜਾ ਖੁਸ਼ ਹੋਇਆ। ਵੀਹ ਰੁਪੇ ਅਜੇ ਬਾਕੀ ਸਨ।

'ਦਸ ਰੁਪੇ ਦੇ ਬਾਰਾਂ ਕੇਲੇ ਤੇ ਦਸ ਰੁਪੇ ਦੀ ਕਿੱਲੋ ਸਬਜ਼ੀ! ਵਾਹ ਕਿੰਨਾ ਚੰਗਾ ਸੱਚਾ ਸੌਦਾ!'

ਉਸ ਦੀਆਂ ਅੱਖਾਂ ਖੁੱਲ੍ਹ ਗਈਆਂ। 'ਅੱਜ ਦਾ ਦਿਨ ਨਾਗ਼ਾ ਕਰ ਲਉ, ਵੇਖੀ ਜਾਏਗੀ।' ਉਸ ਦੀ ਅੰਤਰ-ਆਤਮਾ ਦੀ ਆਵਾਜ਼ ਸੀ।

ਉਹ ਗਦ-ਗਦ ਹੋ ਕੇ ਘਰ ਵੱਲ ਨੂੰ ਹੋ ਤੁਰਿਆ। ਉਸ ਦੀ ਘਰਵਾਲੀ ਤੇ ਬੱਚੇ ਉਸ ਦੇ ਹੱਥ ਭਾਰੇ ਲਿਫ਼ਾਫ਼ੇ ਵੇਖ ਕੇ ਚਾਵਾਂ ਨਾਲ ਨੱਚਦੇ ਟੱਪਦੇ ਉਸ ਨੂੰ ਆ ਚੰਬੜੇ। ਅੱਜ ਉਸ ਨੇ ਪਹਿਲੀ ਵੇਰਾਂ ਮਹਿਸੂਸ ਕੀਤਾ ਕਿ ਉਸ ਨੇ ਕੋਈ ਉੱਪਰਲੀ ਕਮਾਈ ਕੀਤੀ ਹੈ।

👎 👎 👎

## ਪਗਲਾ

ਲੰਬੇ ਰੂਟ ਵਾਲੀ ਬੱਸ ਪੂਰੀ ਸਪੀਡ ਨਾਲ ਆਪਣਾ ਲੰਮਾ ਰਸਤਾ ਸਮੇਂ ਸਿਰ ਤਹਿ ਕਰਨ ਲਈ ਬੜੀ ਤੇਜ਼ੀ ਨਾਲ ਦੌੜ ਰਹੀ ਸੀ। ਸੜਕ 'ਤੇ ਕਦੇ-ਕਦੇ ਕੋਈ ਟੋਆ ਆ ਜਾਂਦਾ ਤਾਂ ਡਰਾਈਵਰ ਦੀ ਬਰੇਕ ਨਾਲ ਸਾਰੀਆਂ ਸਵਾਰੀਆਂ ਦੇ ਸਾਹ ਸੂਤੇ ਜਾਂਦੇ। ਕਈ ਬੁੜ੍ਹਕ-ਬੁੜ੍ਹਕ ਸੀਟਾਂ ਤੋਂ ਅੱਗੇ ਥੱਲੇ ਲੁੜ੍ਹਕ ਜਾਂਦੇ ਤੇ ਆਪਣਾ ਮੂੰਹ ਮੱਥਾ ਮਸੀਂ ਸੰਭਾਲਦੇ।

ਦੂਰ ਸੜਕ ਦੇ ਪਾਸੇ ਖੜ੍ਹੇ ਬੱਚਿਆਂ ਦੀ ਇਕ ਟੋਲੀ ਵਿਚੋਂ ਇਕ ਬੱਚੇ ਨੂੰ ਇੱਲਤ ਸੁੱਝੀ। ਪਹਿਲਾਂ ਉਸ ਨੇ ਆਪਣਾ ਛੋਟਾ ਜਿਹਾ ਹੱਥ ਵਧਾਇਆ ਤੇ ਫਿਰ ਦੌੜ ਕੇ ਸੜਕ ਵਿਚਕਾਰ ਬਾਂਹਾਂ ਖਿਲਾਰ ਕੇ ਆ ਖੜ੍ਹਾ ਹੋਇਆ। ਡਰਾਈਵਰ ਨੇ ਬੜੀ ਹੁਸ਼ਿਆਰੀ ਨਾਲ ਬਰੇਕ ਲਗਾ ਕੇ ਡੱਕੋ ਡੋਲੇ ਖਾਂਦੀ ਬੱਸ ਬੱਚੇ ਨੂੰ ਬਚਾ ਕੇ ਪਾਸੇ ਖਤਾਨ ਵਿਚ ਜਾ ਖੜ੍ਹੀ ਕੀਤੀ। ਸਵਾਰੀਆਂ ਚੀਕਾਂ ਮਾਰਨ ਲੱਗੀਆਂ, ਤ੍ਰਾਹ-ਤ੍ਰਾਹ ਕਰਨ ਲੱਗੀਆਂ। ਡਰਾਈਵਰ ਪਸੀਨੇ ਪਸੀਨੀ ਹੋ ਗਿਆ। ਕਿੰਨੀ ਦੇਰ ਬਾਦ ਉਸਦਾ ਸਾਹ 'ਚ ਸਾਹ ਆਇਆ।

ਗੁੱਸੇ ਚ ਭਰਿਆ ਪੀਤਾ ਥੱਲੇ ਉੱਤਰਿਆ, ਬੱਚਾ ਉਥੇ ਹੀ ਖੜ੍ਹਾ ਹੱਸ ਰਿਹਾ ਸੀ।

'ਇਹ ਪਗਲਾ ਹੈ...।' ਪਾਸੇ ਖੜ੍ਹੇ ਦੂਜੇ ਬੱਚੇ ਵੀ ਹੱਸਣ ਲੱਗੇ।

ਡਰਾਈਵਰ ਦਾ ਗੁੱਸਾ ਬੇਕਾਬੂ ਹੋ ਗਿਆ। ਉਸ ਨੇ ਵੱਟ ਕੇ ਇਕ ਚਪੇੜ ਬੱਚੇ ਦੇ ਜੜ ਦਿੱਤੀ। ਬੱਚਾ ਮੂਧੇ ਮੂੰਹ ਪੱਕੀ ਸੜਕ 'ਤੇ ਡਿੱਗ ਪਿਆ। ਸੜਕ ਲਹੂ ਲੁਹਾਨ ਹੋ ਗਈ। ਬੱਚੇ ਦਾ ਮੂੰਹ ਮੱਥਾ ਸਾਰਾ ਫਿੱਸਿਆ ਸੜਕ ਵਿਚ ਖੁਭਿਆ ਪਿਆ ਸੀ। ਲੋਕ ਇਕਠੇ ਹੋਏ, ਬੱਚੇ ਨੂੰ ਹਿਲਾਇਆ, ਪਰ ਉਹ ਨਾਂ ਹਿੱਲਿਆ। ਸਵਾਰੀਆਂ ਡਰਾਈਵਰ ਨੂੰ ਫਿੱਟ ਲਾਹਨਤਾਂ ਪਾਣ ਲੱਗੀਆਂ।

'ਜਿਸ ਬੱਚੇ ਨੂੰ ਬਚਾਉਣ ਲਈ ਤੂੰ ਸੱਤਰ ਸਵਾਰੀਆਂ ਦੀ ਜਾਨ ਖ਼ਤਰੇ ਵਿਚ ਪਾਈ, ਉਸਨੂੰ ਆਪ ਹੀ ਕਤਲ ਕਰ ਦਿਤਾ, ਬੇਕਿਰਕਾ! ਜ਼ਾਲਮਾਂ...।'

ਡਰਾਈਵਰ ਮੱਥੇ ਨੂੰ ਹੱਥ ਮਾਰਦਾ ਥਾਣੇ, ਕਚਹਿਰੀਆਂ ਜੇਲ੍ਹਾਂ ਦੀਆਂ ਕੜਵਾਹਟਾਂ ਦੇ ਸੁਪਨਿਆਂ 'ਚ ਗੁੰਮ ਹੋ ਗਿਆ।

👎 👎 👎

## ਮਾਪੇ ਅਧਿਆਪਕ ਮੀਟਿੰਗ

ਮਾਪੇ ਅਧਿਆਪਕ ਮਾਸਿਕ ਸਾਂਝੀ ਇਕੱਤਰਤਾ ਵਿਚ ਪ੍ਰੋਫ਼ੈਸਰ ਲਾਲੀ ਨੇ ਕਈ ਅਹਿਮ ਨੁਕਤੇ ਉਠਾ ਕੇ ਪ੍ਰਿੰਸੀਪਲ ਤੇ ਸਟਾਫ ਨੂੰ ਅੱਗ ਬਗੋਲੇ ਕਰ ਦਿੱਤਾ।

'ਅਜਿਹੀਆਂ ਮਹਿੰਗੀਆਂ ਫੀਸਾਂ ਭਰ-ਭਰ ਕੇ ਵੀ ਬੱਚੇ ਜ਼ਿੱਦੀ, ਸ਼ੈਤਾਨ, ਅਵੱਗਿਆ ਕਾਰ ਤੇ ਗੁਸਤਾਖ਼ ਹੋਣ ਤਾਂ ਕਿਸਦਾ ਕਸੂਰ? ਬੱਚੇ ਸਾਰਾ ਦਿਨ ਮਾਪਿਆ ਤੋਂ ਦੂਰ ਟੀਚਰ ਕੋਲ ਰਹਿੰਦੇ ਹਨ। ਟੀਚਰ ਦੀ ਸ਼ਖਸੀਅਤ ਅਤੇ ਉਸ ਦਾ ਵਰਤਾਰਾ ਹੀ ਬੱਚੇ ਦੀ ਜੀਵਨ ਦਸ਼ਾ ਹੈ। ਉਹ ਕੀ ਸਿਖਾਉਂਦਾ ਹੈ, ਕਿੱਦਾਂ

ਸਿਖਾਉਂਦਾ ਹੈ? ਕੀ ਪੜ੍ਹਾਉਂਦਾ ਹੈ। ਹਜ਼ਾਰਾਂ-ਬੱਧੀ ਰੁਪਏ ਭਰ ਕੇ ਵੀ ਹੋਮ-ਵਰਕ ਦਾ ਭਾਰ ਮਾਪਿਆਂ ਦੇ ਸਿਰ? ਬੱਚੇ ਦੇ ਭਾਰ ਨਾਲੋਂ ਬਸਤੇ ਦਾ ਦੁੱਗਣਾ ਭਾਰ!

ਇਹ ਕੀ ਪੜ੍ਹਾਈ ਹੋਈ?'

ਪ੍ਰਿੰਸੀਪਲ ਨੇ ਸਾਰੇ ਸਟਾਫ ਨੂੰ ਦਫ਼ਤਰ ਹਾਜ਼ਰ ਕਰਕੇ ਇਸ ਦਾ ਕਾਰਨ ਲੱਭਣ ਲਈ ਕਿਹਾ। ਸਭ ਦੇ ਮੂੰਹ ਗਿਟਕ ਵਾਂਗ ਸੁੱਕ ਗਏ। ਪਤਾ ਨਹੀਂ ਕਿਸ ਤੇ ਇਹ ਨਜ਼ਲਾ ਗਿਰਨ ਵਾਲਾ ਹੈ। ਕਿਸ ਦੀ ਸ਼ਾਮਤ ਆਉਣ ਵਾਲੀ ਹੈ।

'ਉਹ ਬੜਾ ਸ਼ੈਤਾਨ ਹੈ, ਸਾਰੀ ਕਲਾਸ ਨੂੰ ਤੰਗ ਕਰਦਾ ਹੈ। ਨਾ ਟੀਚਰ ਦੀ ਆਪ ਸੁਣਦਾ ਤੇ ਨਾ ਹੋਰਾਂ ਨੂੰ ਸੁਣਨ ਦਿੰਦਾ ਹੈ।'

ਡਰੀ ਹੋਈ ਟੀਚਰ-ਇੰਚਾਰਜ ਨੇ ਖ਼ਫ਼ਾ ਹੋਏ ਪ੍ਰਿੰਸੀਪਲ ਵੱਲ ਆਪਣਾ ਗੁੱਭ-ਗੁਲਾਟ ਕੱਢ ਦਿਤਾ। ਉਸੇ ਪ੍ਰੋਫੈਸਰ ਦਾ ਮੁੰਡਾ ਕਾਬੂ ਆ ਗਿਆ। ਬੱਚੇ ਨੂੰ ਸਜ਼ਾ ਹੋਈ।

'ਬੁਲਾਓ ਉਸ ਸੂਰ ਦੇ ਪੁੱਤ ਨੂੰ!' ਅਜਿਹੇ ਆਪਣੇ ਆਪ ਨੂੰ ਪ੍ਰੋਫੈਸਰ ਕਹਾਉਂਦੇ ਸਾਡੇ ਤੇ ਰੁਹਬ ਝਾੜ ਰਹੇ ਨੇ। ਜੇ ਟੀਚਰ ਦਾ ਫਰਜ਼ ਹੈ ਤੇ ਤੁਹਾਡਾ ਕੋਈ ਨੀਂ? ਮਾਪਿਆਂ ਦਾ ਕੋਈ ਨੀਂ? ਚਾਰ ਛਿੱਲੜ ਦੇ ਕੇ ਸਾਨੂੰ ਮਿਹਣਾ ਮਾਰ ਰਿਹਾ ਵੱਡਾ ਨਾਢੂਖ਼ਾਂ।' ਪ੍ਰਿੰਸੀਪਲ ਦੇ ਬੁੱਲ੍ਹ ਕੰਬ ਰਹੇ ਸਨ।

ਅੱਧਾ ਦਿਨ ਹੱਥ ਉੱਚੇ ਕਰਕੇ ਅੰਦਰਲੀ ਗਰਾਊਂਡ ਵਿਚ ਖਲ੍ਹਿਆਰਨਾ ਤੇ ਫਿਰ ਸਾਰੀਆਂ ਕਲਾਸਾਂ ਦੇ ਬੱਚਿਆਂ ਨੂੰ ਲਾਈਨ ਲਗਾ ਕੇ ਉਸ ਦੇ ਕੋਲੋਂ ਲੰਘਾ ਕੇ ਸਭ ਨੂੰ ਸਬਕ ਸਿਖਾਉਣਾ ਕਿ ਅਜਿਹਾ ਨਾ ਕਰਨ। ਬੱਚਾ ਮੂਰਛਾ ਖਾ ਕੇ ਡਿੱਗ ਪਿਆ, ਅਜਿਹਾ ਕਿ ਉਹ ਉੱਠ ਨਾ ਸਕਿਆ।

ਅਗਲੇ ਦਿਨ ਅਖ਼ਬਾਰ ਵਿਚ ਸੁਰਖੀ ਸੀ।

'ਸਕੂਲ ਦਾ ਬੱਚਾ ਅਗਵਾ! ਦੋ ਚਾਰ ਘੰਟੇ ਬਾਅਦ ਹੀ ਪੁਲਿਸ ਦੀ ਜੱਦੋ-ਜਹਿਦ ਨੇ ਬੱਚਾ ਬਰਾਮਦ ਕਰ ਲਿਆ, ਪਰ ਮਰਿਆ ਹੋਇਆ।

## ਵਾਰਿਸ

ਪਿਛਲੀ ਉਮਰੇ ਲੱਖਾਂ ਪੀਰ ਫਕੀਰ ਧਿਆ ਕੇ, ਮੰਨਤਾਂ ਮੰਨ-ਮੰਨ ਕੇ ਕਿਤੇ ਪੁੱਤ ਦੇ ਦਰਸ਼ਨ ਨਸੀਬ ਹੋਏ। ਰਿੜ੍ਹਦੇ ਖੁੜ੍ਹਦੇ ਪੁੱਤ ਜਵਾਨੀ ਚੜ੍ਹਿਆ, ਲੱਖਾਂ ਕਰੋੜਾਂ ਦੀ ਜਾਇਦਾਦ, ਹਵੇਲੀਆਂ, ਜ਼ਮੀਨ ਭਾਂਡਾ ਵੇਖ ਕੇ ਸ਼ਹਿਦ ਦੀਆਂ ਮੱਖੀਆਂ ਵਾਂਗ ਰਿਸ਼ਤੇ ਦਰਵਾਜ਼ੇ 'ਤੇ ਦਸਤਕ ਦੇਣ ਲੱਗੇ। ਉਹਨਾਂ ਲੱਖ-ਲੱਖ ਸ਼ੁਕਰ ਕੀਤਾ ਰੱਬ ਦਾ। ਲੋਕਾਂ ਦੇ ਘਰੀਂ ਵਿਹੜਿਆਂ ਵਿਚ ਪੁੱਤ ਦੋਹਤੇ-ਦੋਹਤੀਆਂ ਖੇਲਦੇ, ਉਹਨਾਂ ਦੀਆਂ ਹਿੱਕਾਂ ਤੇ ਮੇਲਦੇ ਕਿਲਕਾਰੀਆਂ ਮਾਰਦੇ, ਉਨ੍ਹਾਂ ਦੇ ਝਾਟੇ ਪੁੱਟਦੇ ਵੇਖ-ਵੇਖ ਕੇ ਉਹ ਵੀ ਤਰਸ ਜਾਂਦੇ।

'ਹੇ ਰੱਬ ਸੱਚਿਆ! ਕਿਤੇ ਬਹੁੜ ਸਾਨੂੰ ਵੀ...।' ਹੁਣ ਉਹ ਸਮਾਂ ਪੱਕ ਗਿਆ ਸੀ ਬਿਲਕੁਲ ਠੀਕ। ਇਕ ਚੰਗੇ ਘਰ ਦੀ ਪੜ੍ਹੀ-ਲਿਖੀ ਸੁਸ਼ੀਲ ਸਿਆਣੀ ਲੜਕੀ ਉਹਨਾਂ ਦੇ ਪਸੰਦ ਆ ਗਈ। ਮੁੰਡਾ ਵੀ ਸੱਤਾਂ ਧੀਆਂ ਵਰਗਾ ਹੀ ਸੀ ਸਾਊ-ਸ਼ਰੀਫ਼ ਵਿਚਾਰਾ, ਉਹਨੇ ਵੀ ਮਾਂ-ਪਿਉ ਦੀ ਪਸੰਦ ਆਪਣੀ ਪਸੰਦ ਕਹਿ ਕੇ ਹਾਂ ਵਿੱਚ ਸਿਰ ਹਿਲਾ ਦਿੱਤਾ।

ਕੁੜੀ ਦੇ ਪਿਉ ਨੇ ਉੱਠ ਕੇ ਮੁੰਡੇ ਦਾ ਮੱਥਾ ਚੁੰਮਿਆ। ਉਹਨੂੰ ਗਲ ਨਾਲ ਲਾਇਆ ਤੇ ਸ਼ਗਨ ਵਜੋਂ ਰੋੜੀ ਰੁਪੈਆ ਉਸਦੀ ਝੋਲੀ ਵਿਚ ਪਾ ਦਿੱਤਾ। ਮੁੰਡੇ ਦੀ ਮਾਂ ਨੇ ਵੀ ਉੱਠ ਕੇ ਕੁੜੀ ਦਾ ਮੂੰਹ ਮੱਥਾ ਚੁੰਮਿਆ

ਤੇ ਘੁੱਟ ਕੇ ਪਿਆਰ ਦਿੱਤਾ। ਕੁੜੀ ਨੇ ਨਿਉਂ ਕੇ ਮਾਤਾ ਪਿਤਾ ਦੇ ਚਰਨੀਂ ਪੈਣਾ ਕੀਤਾ। ਦੋਹਾਂ ਧਿਰਾਂ ਦੀਆਂ ਵਧਾਈਆਂ-ਮੁਬਾਰਕਾਂ ਦੀ ਲੈਣ-ਦੇਣ ਹੋਈ। ਚਾਹ ਪਾਣੀ ਦਾ ਦੌਰ ਚੱਲਿਆ।

'ਕੋਈ ਹੋਰ ਡੀਮਾਂਡ ਵੀ ਦੱਸ ਦਿਉ ਜੀ ਲੱਗਦੇ ਹੀ ਹੱਥ। ਸਾਡੀ ਤਾਂ ਇਕੋ-ਇਕ ਬੇਟੀ, ਸਭ ਕੁਝ ਇਸਦਾ ਹੀ ਹੈ ਪਰ ਫਿਰ ਵੀ ਤੁਹਾਡੀ ਕੋਈ ਦਿਲੀ ਚਾਹਤ ਨਿਸ਼ੰਗ ਸਾਨੂੰ ਦੱਸ ਦਿਉ।' ਕੁੜੀ ਦੇ ਬਾਪ ਨੇ ਸ੍ਰਿਸ਼ਟਾਚਾਰ ਵਜੋਂ ਝਕਦੇ-ਝਕਦੇ ਨਵੇਂ ਕੁੜਮਾਂ ਦਾ ਦਿਲ ਟੋਹਿਆ।

'ਨਾਂ ਜੀ! ਸਾਡੇ ਵੀ ਤਾਂ ਪ੍ਰਭੂ ਦਾ ਦਿੱਤਾ ਸਭ ਕੁਝ ਹੈ। ਸਾਨੂੰ ਕੁੜੀ ਤੋਰ ਦਿਉ, ਤਿੰਨੀਂ ਕੱਪੜੀਂ। ਹੋਰ ਸਾਨੂੰ ਕੁਝ ਨੀਂ ਚਾਹੀਦਾ। ਛਿੱਲੜ, ਭਾਂਡੇ, ਲਤੇ ਅਸਾਂ ਨੀਂ ਲੈਣੇ, ਸਾਡੀ ਕੋਈ ਡੀਮਾਂਡ ਨਹੀਂ।' ਮੁੰਡੇ ਦੇ ਬਾਪ ਦਾ ਬੜਾ ਨਿੱਘ ਭਰਿਆ ਉੱਤਰ ਸੀ।

'ਨਹੀਂ ਜੀ ਸੁਣੋ! ਸਾਡੀ ਡੀਮਾਂਡ ਹੈ... ਇਕੋ ਇਕ ਬਹੁਤ ਵੱਡੀ ਡੀਮਾਂਡ...!' ਮੁੰਡੇ ਦੀ ਮਾਂ ਨੇ ਸਭਨਾਂ ਦੇ ਚਾਹ ਦੇ ਕੱਪ ਹੱਥਾਂ 'ਚ ਹੀ ਥੰਮ੍ਹਾਂ ਦਿੱਤੇ।

'ਹਾਂ... ਹਾਂ ਦੱਸੋ... ਜ਼ਰੂਰ ਦੱਸੋ...।' ਕੁੜੀ ਦੀ ਮਾਂ ਦਾ ਤਰਲੇ ਜਿਹਾ ਉਚਾਰਨ ਸੀ। ਅੰਦਰੋਂ ਉਹ ਡਰ ਗਈ ਸੀ, ਪਤਾ ਨਹੀਂ ਕੀ ਮੰਗ ਰੱਖ ਦੇਵੇ।

'ਸਾਨੂੰ 'ਵਾਰਿਸ' ਦੀ ਲੋੜ ਹੈ। ਸਾਡਾ ਵਾਰਿਸ ਜੰਮ ਦੇਵੇ।'

ਮਾਂ ਨੇ ਬਾਂਹਾਂ ਉੱਚੀਆਂ ਫੈਲਾ ਕੇ ਸੁੰਨ ਭਰੀ ਚੁੱਪ ਤੋੜੀ। ਉਤਸੁਕ ਵਾਤਾਵਰਨ ਵਿੱਚ ਸਭ ਦੀਆਂ ਨਜ਼ਰਾਂ ਭਿੜੀਆਂ।

'ਇਹ ਤਾਂ ਜੀ ਮੁੰਡੇ ਦੀ ਹਿੰਮਤ ਹੈ। ਉਹ ਵੀ ਤਾਂ ਬਰਾਬਰ ਦਾ ਹਿੱਸੇਦਾਰ ਹੋਵੇਗਾ।' ਬਾਪ ਨੇ ਕਹਿ ਕੇ ਹਵਾ 'ਚ ਲਟਕਦਾ ਕੱਪ ਮੂੰਹ ਨੂੰ ਲਾ ਲਿਆ।

👎 👎 👎

## ਦੀਪ ਮਾਲਾ

ਬੁੱਢਾ ਮਾਲਕ ਮਕਾਨ ਬਰਾਂਡੇ ਦੀਆਂ ਬੱਤੀਆਂ ਬੰਦ ਕਰਕੇ ਅੰਦਰ ਵੜ ਆਇਆ। ਚਾਰ ਚੁਫੇਰੇ ਬਿਟਰ-ਬਿਟਰ ਝਾਕਿਆ। ਉਸ ਦੀਆਂ ਸ਼ਿਕਾਰੀ ਨਜ਼ਰਾਂ ਵਿਚ ਸ਼ਿਕਾਇਤ ਜਿਹੀ ਰੜਕਣ ਲੱਗੀ।

ਮੈਂ ਖੜ੍ਹੀ-ਖੜ੍ਹੀ ਡਰ ਗਈ...।

ਹੁਣ ਖੈਰ ਨਹੀਂ...।

ਬੈਠੋ ਅੰਕਲ ਜੀ! ਮੈਂ ਉਸ ਦੀਆਂ ਹਰਕਤਾਂ ਵੇਖ ਕੇ ਧੁਰ ਅੰਦਰ ਤੱਕ ਕੰਬ ਗਈ। ਇਹ ਹੁਣੇ ਹੀ ਮੇਰੇ ਵੱਲ ਵਧੇਗਾ ਤੇ ਕਹੇਗਾ,

'ਤੂੰ ਬੀਬੀ ਚੰਗੀ ਕਿਰਾਏਦਾਰਨੀ! ਮੇਰਾ ਭੋਰਾ ਵੀ ਖਿਆਲ ਨਹੀ ਰੱਖਦੀ...।'

ਮੈਨੂੰ ਹੱਥ ਪਾਏਗਾ, ਆਪਣੇ ਵੱਲ ਖਿੱਚੇਗਾ। ਮੈਂ ਅਜਿਹੀ ਅਨਹੋਣੀ ਘਟਨਾ ਲਈ ਪਹਿਲਾਂ ਹੀ ਆਪਣੇ ਆਪ ਨੂੰ ਤਿਆਰ ਕਰ ਰਹੀ ਸੀ।

ਇਕੋ-ਇਕ ਜਗਦੀ ਬੱਤੀ ਵੀ ਉਸ ਨੇ ਬੰਦ ਕਰ ਦਿੱਤੀ। ਮੈਨੂੰ ਹੋਰ ਕੰਬਣੀ ਜਿਹੀ ਛਿੜ ਗਈ। ਮੇਰਾ ਸ਼ੱਕ ਅਸਲੀਅਤ ਵਿਚ ਬਦਲ ਗਿਆ। ਮੈਂ ਬਾਹਰ ਦੌੜਨ ਦੀ ਠਾਣੀ, ਪਰ ਉਹ ਮੇਰਾ ਰਸਤਾ ਰੋਕੀ ਖੜ੍ਹਾ ਸੀ, ਦਰਵਾਜ਼ੇ ਦੇ ਅੰਦਰ।

'ਬੱਤੀ ਰਾਤ ਨੂੰ ਜਗਾਓ! ਲੋੜ ਵੇਲੇ ਜਗਾਊ! ਸਾਰਾ ਦਿਨ ਦੀਪਮਾਲਾ ਕਰੀ ਰੱਖਣੀ ਜਚਦੀ ਨਹੀਂ... ਮੇਰੇ ਬੇਟੇ!'

ਮੇਰੇ ਮੱਥੇ 'ਤੇ ਪਹਿਲਾਂ ਆਈਆਂ ਪਸੀਨੇ ਦੀਆਂ ਬੂੰਦਾਂ ਹੁਣ ਸ਼ਰਮਸਾਰ ਹੋ ਕੇ ਅਲੋਪ ਹੋ ਗਈਆਂ, ਜਿਵੇਂ ਅੰਕਲ ਦੀ ਬੋਲੀ ਤੇ ਹਦਾਇਤ ਵਿਚ ਕਿੰਨੀ ਠੰਢੀ ਠੰਢੀ ਬਰਸਾਤੀ ਫੁਹਾਰ ਹੋਵੇ।

'ਮਾਫ਼ ਕਰਨਾ ਅੰਕਲ ਜੀ! ਮਾਫ਼ ਕਰਨਾ...।' ਮੈਂ ਹੱਥ ਜੋੜ ਕੇ ਬੁੱਲ੍ਹੀਆਂ ਦੀ ਮੁਸਕਾਨ ਨਾਲ ਉਸ ਦਾ ਧੰਨਵਾਦ ਕੀਤਾ।

👎 👎 👎

ਇਨਾਮ

ਵੱਡੀ ਹਵੇਲੀ ਵਾਲਾ ਜ਼ਿਮੀਦਾਰ ਵਿਦੇਸ਼ ਵਿਚ ਆਪਣਾ ਬਾਲ ਬੱਚਾ ਤੇ ਔਰਤ ਛੱਡ ਕੇ ਛੜਾ ਹੋ ਕੇ ਵਾਪਸ ਪਿੰਡ ਹਵੇਲੀ ਪਰਤ ਆਇਆ। ਆਨੇ ਬਹਾਨੇ ਨੌਕਰਾਣੀ ਲੜਕੀ ਨੂੰ ਕੋਲ ਅੰਦਰ ਬੁਲਾਉਂਦਾ ਤੇ ਬਾਹਰਲੇ ਬਲ੍ਹਖ ਬੁਖਾਰੇ ਦਿਖਾਉਂਦਾ ਰਹਿੰਦਾ। ਉਹ ਉਸ ਨੂੰ ਟਪੂੰ-ਟਪੂੰ ਕਰਦੀ ਦੌੜਦੀ ਭੱਜਦੀ ਕੰਮ ਕਰਦੀ ਵੇਖ ਕੇ ਮਿਣਦਾ ਰਹਿੰਦਾ। ਕੁੜੀ ਨੇ ਉਸ ਦੀਆਂ ਸ਼ੈਤਾਨ ਨਜ਼ਰਾਂ 'ਚੋਂ ਦੈਂਤ ਦੀ ਸ਼ਕਲ ਵੇਖ ਲਈ, ਉਹ ਡਰਨ ਲੱਗੀ।

'ਤੂੰ ਬਹੁਤ ਚੰਗਾ ਕੰਮ ਕਰਦੀ ਹੈਂ। ਤੇਰੀ ਮਾਂ ਨਾਲੋਂ ਤੇਰੀ ਤਨਖਾਹ ਜ਼ਿਆਦਾ ਕਰ ਦਿਆਂਗਾ ਤੇ ਤੈਨੂੰ ਹੋਰ ਇਨਾਮ ਵੀ ਦਿਆਂ ਕਰਾਂਗਾ।'

ਜ਼ਿਮੀਦਾਰ ਨੇ ਫਲਾਉਣੀ ਜਿਹੀ ਦਿੱਤੀ। ਕੁੜੀ ਨੇ ਝਕਦੀ-ਝਕਦੀ ਆਪਣੀ ਮਾਂ ਕੋਲ ਗੱਲ ਪਹੁੰਚਾ ਦਿੱਤੀ। ਮਾਂ ਬਹੁਤ ਖੁਸ਼ ਹੋਈ।

'ਹਾਂ ਕੁੜੇ... ਬੜਾ ਚੰਗਾ ਏ ਵਿਚਾਰਾ ਇਹ ਜ਼ਿਮੀਦਾਰ! ਵੱਡੇ ਘਰਾਂ ਦਾ ਤਾਂ ਛੀਉੜੰਬਾ ਹੀ ਨਹੀਂ ਮਾਣ, ਇਹੀ ਸਾਨੂੰ ਛੇ ਮਹੀਨੇ ਦੀਆਂ ਰੋਟੀਆਂ ਦੇ ਦਿੰਦਾ।' ਮਾਂ ਨੇ ਧੀ ਦੀ ਹਾਂ ਵਿਚ ਹਾਂ ਭਰ ਦਿੱਤੀ। ਦੋਨੋਂ ਮਾਵਾਂ ਧੀਆਂ ਅੰਦਰ ਬਾਹਰ ਸਾਰਾ ਕੰਮ ਕਰਦੀਆਂ।

ਕੁੜੀ ਨੂੰ ਏਨੀ ਖੁੱਲ੍ਹ ਮਿਲਣ ਕਰਕੇ ਉਹ ਆਪੇ ਟੀ. ਵੀ. ਵੇਖਦੀ, ਚੈਨਲ ਬਦਲਦੀ, ਬਾਥਰੂਮ ਵਿਚ ਵਲੈਤੀ ਸਾਬਣ ਨਾਲ ਨਹਾ ਆਉਂਦੀ, ਲੌਂਗਾਂ ਵਾਲਾ ਟੁੱਥ ਪੇਸਟ ਕਰਦੀ, ਕਿੰਨੀ ਕਿੰਨੀ ਦੇਰ ਉਸਦੇ ਮੂੰਹ 'ਚੋਂ, ਸਰੀਰ 'ਚੋਂ ਬਾਥਰੂਮ ਦੇ ਸੈਂਟਾਂ ਦੀ ਖੁਸ਼ਬੂਆਂ ਆਉਂਦੀਆਂ ਰਹਿੰਦੀਆਂ। ਜਾਣ ਜਾਣ ਕੇ ਜ਼ਿਮੀਦਾਰ ਦੇ ਅੱਗੇ ਪਿੱਛੇ ਗੁਟਕਦੀ ਰਹਿੰਦੀ। ਇਕ ਦਿਨ ਵਰ੍ਹਦੇ ਮੀਂਹ ਵਿਚ ਇਕੱਲੀ ਆਈ ਕੁੜੀ ਦੇਖ ਕੇ ਉਸ ਨੇ ਮੌਕਾ ਸਾਂਭ ਲਿਆ। ਉਹ ਕਾਬੂ ਆਈ ਮੁਰਗੀ ਵਾਂਗ ਫੜਫੜਾ ਕੇ ਰਹਿ ਗਈ। ਉਸ ਨੇ ਕੋਈ ਹੀਲ-ਹੁੱਜਤ ਨਾ ਕੀਤੀ। ਜ਼ਿਮੀਦਾਰ ਨੇ ਉਸ ਦੀ ਪਿੱਠ 'ਤੇ ਥਾਪੀ ਦਿੱਤੀ,

'ਸ਼ਾਬਾਸ਼! ਬਹੁਤ ਚੰਗਾ ਕੰਮ ਕਰਦੀ ਏ ਤੂੰ, ਵੇਖਣ ਨੂੰ ਤਾਂ ਨਿਆਣੀ ਹੈਂ, ਪਰ ਅੰਦਰੋਂ ਤਾਂ ਤੂੰ ਪੂਰੀ ਰਸੀ ਹੋਈ ਹੈਂ ਰਸਭਰੀ...।'

'ਤੇ ਮੇਰਾ ਇਨਾਮ ਸੇਠ ਜੀ!'

'ਇਹੀ ਤਾਂ ਸੀ ਇਨਾਮ! ਜੇ ਕੋਈ ਹੋਰ ਕਸਰ ਬਾਕੀ ?

ਤਾਂ ਉਹ ਵੀ ਹੋ ਜਾਏਗਾ, ਹੌਂਸਲਾ ਰੱਖ...।' ਸੇਠ ਨੇ ਉਸ ਨੂੰ ਵਰਚਾਉਣਾ ਚਾਹਿਆ।

'ਨਾਂ ਸੇਠ ਜੀ ਨਾਂ! ਇਸ ਨਾਲੋਂ ਤਾਂ ਕਿਤੇ ਚੰਗਾ ਇਨਾਮ ਮੈਨੂੰ ਹਰ ਮਹੀਨੇ ਨੀਵੀਂ ਪੱਤੀ ਵਾਲਾ ਲਾਲਾ ਦੇ ਦਿੰਦਾ ਹੈ। ਨਾਲੇ ਚਾਹ ਪੱਤੀ, ਸਾਬਣ, ਸਰਫ਼, ਕੱਪੜੇ ਪੈਸੇ ਤੇ ਵਲੈਤੀ ਸਾਬਣ...।'

'ਇਹ ਲੈ ਚਾਬੀਆਂ, ਲੈ ਜਾ ਜੋ ਕੁਝ ਮਰਜ਼ੀ...ਪਰ ਲਾਲੇ ਦਾ ਖਹਿੜਾ ਛੱਡ ਦੇਹ। ਫੇਰ ਤਾਂ ਤੈਨੂੰ ਮੈਂ ਜਹਾਜ਼ੇ ਚੜ੍ਹਾ ਦੇਣਾ ਵਲੈਤ ਵਾਲੇ, ਮੌਜ ਕਰੇਂਗੀ।'

ਲਾਲੇ ਨੇ ਚਾਬੀਆਂ ਉਸ ਵੱਲ ਸੁੱਟ ਦਿੱਤੀਆਂ

## ਚਾਂਦੀ ਦਾ ਸਿੱਕਾ

ਇਕ ਵਿਦੇਸ਼ੀ ਧਾੜਵੀ ਹਮਲਾਵਰ ਨੇ ਬਾਰ-ਬਾਰ ਹਮਲੇ ਕਰਕੇ ਸਾਰਾ ਦੇਸ਼ ਲੁੱਟ ਕੇ ਖੋਖਲਾ ਕਰ ਦਿੱਤਾ। ਉਸ ਦਾ ਮੁਤੱਸਬ-ਪੁਣਾ ਤੇ ਹੰਕਾਰ ਉਸ ਦੀਆਂ ਸ਼ੈਤਾਨੀ ਜਾੜ੍ਹਾਂ ਚੋਂ ਫੁੱਟ ਤੁਰਿਆ।

'ਹਾ...ਹਾ...ਹਾ...।' ਉਹ ਦੈਂਤਾਂ ਵਾਂਗ ਫੁੰਕਾਰਿਆ।

'ਕੁਝ ਨਹੀਂ ਹੈ ਛੱਡਿਆ ਕਿਸੇ ਦੇ ਪੱਲੇ...ਇਕ ਪੈਸਾ ਵੀ ਨਹੀਂ...। ਸਾਰਾ ਮਾਲ ਧਨ ਲੁੱਟ ਕੇ ਨੰਗ ਕਰ ਦਿੱਤਾ ਇਹਨਾਂ ਨੂੰ, ਉੱਠਣ ਜੋਗੇ ਨਹੀਂ ਛੱਡਿਆ।'

ਉਸ ਨੇ ਹਿੱਕ ਠੋਕੀ।

'ਪਰ ਹਜ਼ੂਰ! ਇਸ ਦੀ ਤੱਸਲੀ ਕਰਵਾ ਲਈ ਜਾਏ।' ਸਿਆਣੇ ਸਲਾਹਕਾਰ ਨੇ ਸਲਾਹ ਦਿੱਤੀ।

'ਜਾਓ ਡੌਂਡੀ ਪਿਟਵਾ ਦਿਉ, ਜੇ ਕਿਸੇ ਕੋਲ ਕੋਈ ਰੁਪਿਆ ਹੋਵੇ ਤਾਂ ਉਹ ਬਾਦਸ਼ਾਹ ਨੂੰ ਦਿਖਾ ਦੇਵੇ। ਬਾਦਸ਼ਾਹ ਉਸ 'ਤੇ ਦਿਆਲ ਹੋਵੇਗਾ, ਉਸ ਨਾਲ ਲੜਕੀ ਦੀ ਸ਼ਾਦੀ ਕਰ ਦੇਵੇਗਾ ਤੇ ਅੱਧਾ ਰਾਜ ਭਾਗ ਦੇ ਦੇਵੇਗਾ।'

ਇਹ ਸੁਣ ਕੇ ਇਕ ਲੜਕੇ ਦੀ ਜਗਿਆਸਾ ਤੜਪ ਉੱਠੀ। ਉਹ ਰਾਤ ਨੂੰ ਕਬਰ ਪੁੱਟ ਕੇ ਆਪਣੇ ਤਾਜ਼ਾ-ਤਾਜ਼ਾ ਮਰੇ ਬਾਪ ਦੇ ਮੂੰਹ 'ਚੋਂ ਚਾਂਦੀ ਦਾ ਸਿੱਕਾ ਕੱਢ ਲਿਆਇਆ।

'ਲਉ ਹਜ਼ੂਰ! ਬਾਦਸ਼ਾਹ ਸਲਾਮਤ...। ਮੇਰੇ ਕੋਲ ਇਹ ਇਕ ਰੁਪੈਆ ਹੈ।'

'ਪਰ! ਪਰ! ਇਹ ਤੂੰ ਕਿਥੋਂ ਕਿਵੇਂ ਰੱਖਿਆ? ਸਾਡੀ ਫੌਜ ਨੇ ਤਾਂ ਸਾਰੀ ਖ਼ਾਕ ਛਾਣ ਮਾਰੀ...।'

'ਪਰ ਜਨਾਬ! ਉਹਨਾਂ ਕਬਰਾਂ ਨਹੀਂ ਫੋਲੀਆਂ...। ਮੇਰੇ ਬਾਪ ਦੇ ਮੂੰਹ 'ਚ ਸਿੱਕਾ ਅਜੇ ਬਾਕੀ ਸੀ।'

ਬਾਦਸ਼ਾਹ ਸਿਰ ਫੜ ਕੇ ਬੈਠ ਗਿਆ।

'ਜੇ ਪੁੱਤ ਮਰੇ ਬਾਪ ਦੇ ਮੂੰਹੋਂ ਸਿੱਕਾ ਕੱਢ ਸਕਦਾ ਹੈ, ਤਾਂ ਮੇਰਾ ਕੀ ਹਸ਼ਰ ਹੋਵੇਗਾ ਕੱਲ੍ਹ ਨੂੰ? ਮੇਰਾ ਵੀ ਇਹੀ ਹਾਲ ਹੋਵੇਗਾ। ਮੈਂ ਵੀ ਪੁੱਤਰਾਂ ਲਈ ਕਰ ਰਿਹਾ ਹਾਂ ਇਹ ਸਭ ਕੁਝ..., ਸਾਰਾ ਜ਼ੁਲਮ।

'ਸਿਪਾਹੀਓ...ਜਾਉ...ਸਾਰਾ ਲੁੱਟਿਆ ਮਾਲ ਵੰਡ ਦਿਉ ਲੋਕਾਂ 'ਚ...।'

## ਹਾਸ਼ਮ-ਸੱਤੀ

ਚੰਨਾ ਤੂੰ ਕੋਠੇ 'ਤੇ ਮੰਜਾ ਡਾਹ ਕੇ ਪੈਰ ਹਾਸ਼ਮ ਵੱਲ ਨਾ ਕਰਿਆ ਕਰ... ਉਹ ਸੱਪ ਬਣ ਕੇ ਆ ਜਾਂਦਾ ਏ ਤੇ ਡੰਗ ਜਾਂਦਾ ਏ...।' ਉਹ ਬਹੁਤ ਘਬਰਾਈ ਹੋਈ ਸੀ...।

ਹਾਸ਼ਮ ਦਾ ਘਰ ਮੇਰੇ ਗਵਾਂਢ ਸੀ, ਉਸ ਦੀ ਕੰਧ ਮੇਰੇ ਘਰ ਨਾਲ ਸਾਂਝੀ ਸੀ। ਤੇ ਸੱਤੀ ਮੇਰੀ ਜਮਾਤਣ ਸੀ।

'ਕਿਧਰ ਕਰਿਆ ਕਰਾਂ ਪੈਰ?' ਮੈਂ ਵੀ ਉਸ ਦੀ ਘਬਰਾਹਟ ਵਿਚ ਭਾਈਵਾਲ ਬਣਿਆ।

'ਮੇਰੇ ਵੱਲ ਕਰ ਲਿਆ ਕਰ... ਮੇਰੇ ਘਰ ਵੱਲ, ਮੇਰੇ ਕੋਠੇ ਵੱਲ...।'

'ਨਹੀ ਮੇਰੇ ਲਈ ਤੇਰਾ ਘਰ ਵੀ ਤਾਂ ਹਾਸ਼ਮ ਜਿੰਨਾ ਹੀ ਪਵਿੱਤਰ ਹੈ...।'

ਪਤਾ ਨਹੀਂ ਕਿਵੇਂ ਹਾਸੇ ਹਾਸੇ ਵਿਚ ਮੈਥੋਂ ਇਹ ਬੋਲ ਬੋਲ ਹੋ ਗਏ।

'ਨਹੀ ਚੰਨਾ... ਮਖੌਲ ਨਾ ਕਰ, ਮੈਂ ਸੱਚ ਕਹਿੰਦੀ ਹਾਂ...।'

'ਮੈਂ ਵੀ ਤਾਂ ਸੱਚ ਹੀ ਕਹਿੰਦਾ ਹਾਂ... ਕੋਰਾ ਸੱਚ!'

'ਤੂੰ ਵੀ ਝੱਲਾ ਈ ਏ, ਕਿਸ ਪਾਸੇ ਤੁਰ ਪਿਆ... ਮੇਰਾ ਮਤਲਬ ਹੈ ਕਿ ਤੂੰ ਪੈਰ ਸਾਡੇ ਵੱਲ ਕਰੇਂਗਾ ਤਾਂ ਮੈਂ ਇਹਨਾਂ ਨੂੰ ਦੂਰੋਂ ਸਿਜਦਾ ਕਰਾਂਗੀ, ਮੱਥਾ ਟੇਕਾਂਗੀ, ਪੈਰਾਂ ਦੀਆਂ ਤਲੀਆਂ ਨੂੰ ਹਵਾਈ ਕਿਸ ਮਾਰਾਂਗੀ ...।' ਉਸਨੇ ਦੋ ਉਂਗਲਾਂ ਬੁੱਲ੍ਹਾਂ ਨੂੰ ਲਾ ਕੇ ਬੁੱਲ੍ਹ ਸਵਾਰੇ। ਉਸ ਦਾ ਮਾਸੂਮ-ਪੁਣਾ ਉਸ ਦੀਆਂ ਸ਼ੋਖ ਨਜ਼ਰਾਂ ਵਿੱਚ ਉੱਤਰ ਆਇਆ।

'ਹੈ ਕਮਲੀ... ਏਦਾਂ ਨਹੀਂ ਕਹੀਦਾ...।'

👎 👎 👎

ਹਾਸ਼ਮ

ਹਾਸ਼ਮ ਦੇ ਨਾਮ ਤੇ ਨਵੇਂ-ਨਵੇਂ ਕਰਾਮਾਤੀ ਚਮਤਕਾਰ ਹੋਣ ਲੱਗੇ... ਕਦੇ ਹਾਸ਼ਮ ਸੱਪ ਬਣ ਜਾਂਦਾ... ਕਦੇ ਦਿਉ ਬਣ ਜਾਂਦਾ... ਕਦੇ ਭੂਤ ਬਣ ਜਾਂਦਾ, ਕਦੇ ਕਬੂਤਰ ਬਣ ਜਾਂਦਾ।

ਇਕ ਦਿਨ ਰੌਲਾ ਪੈ ਗਿਆ... ਮੇਰੀ ਨਾਨੀ ਘੁਸਰਿ ਮੁਸਰ ਕਰ ਰਹੀ ਸੀ, 'ਕੁੜੇ ਦੁੱਧ ਨੂੰ ਕੌਣ ਬਿੱਲਾ ਮੂੰਹ ਲਾ ਗਿਆ... ਸਾਰੀ ਕਾੜ੍ਹਨੀ ਥੱਲੇ ਲੱਗ ਗਈ...।' ਇਹ ਵੀ ਹਾਸ਼ਮ ਦੀ ਕਰਾਮਾਤ ਨਾਲ ਜਾ ਜੁੜੀ। ਜਾਂ ਕਿਸੇ ਨੂੰਹ ਪੁੱਤ ਦੇ ਨਾਮ ਨਾਲ  ਜਾ ਜੁੜਦੀ... ਸਾਰੇ ਆਪਣੇ ਆਪਣੇ ਥਾਂ ਭਰੇ-ਪੀਤੇ ਸਨ। ਕਦੇ ਇਹ ਉਂਗਲ ਗੁਲਬਾਨੋ ਦੀ ਮਾਂ ਵੱਲ ਚਲੇ ਜਾਂਦੀ,

'ਉਹ ਆਈ ਸੀ...। ਆਉਂਦੀ ਹੀ ਵੇਖੀ, ਜਾਂਦੀ ਨਹੀਂ ਵੇਖੀ...।'

ਨਾਨੇ ਨੂੰ ਅੰਦਰ ਵੜਦੇ ਵੇਖ ਕੇ ਨੂੰਹਾਂ ਨੇ ਘੁੰਡ ਥੱਲੇ ਸੁੱਟ ਲਏ। ਨਾਨੀ ਦੀ ਆਵਾਜ਼ ਕੁਝ ਮੱਧਮ ਹੋਈ...।

'ਕੀ ਹੋਇਆ? ਬਾਹਰ ਗਲੀ ਤੱਕ ਤੁਹਾਡੀ ਕਲਿਆਣ ਸੁਣ ਰਹੀ ਹੈ।'

ਉਸ ਦੇ ਦਬਕੇ ਨਾਲ ਸਾਰੇ ਝੇਪ ਗਏ।

'ਦੁੱਧ ਚੋਰੀ ਹੋ ਗਿਆ... ਹਨੇਰ ਸਾਂਈਂ ਦਾ... ਬਾਹਰ ਜਾਲੀ ਲੱਗੀ ਰਹੀ... ਤਾਲਾ ਲੱਗਾ ਰਿਹਾ। ਮਲਾਈ ਉੱਥੇ ਦੀ ਉੱਥੇ... ਦੁੱਧ ਥੱਲੇ, ... ਖੋਰੇ ਕਿਹੜੀ ਨਿਖੱਸਮਣੀ ਦਾ ਬੇੜਾ ਊਤ ਗਿਆ।'

'ਭਾਗਵਾਨੇ! ਐਵੇਂ ਏਨਾ ਕਾਹਲੇ ਨਹੀਂ ਪਈ ਦਾ...। ਇਹ ਤਾਂ ਕੋਈ ਚਿੱਟੀਆਂ ਮੁੱਛਾਂ ਵਾਲਾ ਬਿੱਲਾ ਹੋਊ...।' ਉਸ ਮੁਸਕੜੀਆਂ ਵਿਚ ਹੱਸਿਆ।

'ਬਿੱਲਾ ਅੰਦਰ ਨਹੀ ਵੜ ਸਕਦਾ... ਉਹ ਕਿਵੇਂ ਦੁੱਧ ਪੀ ਜੂ...।'

'ਪੀ ਜਾਊ... ਪੀਤਾ ਹੈ...।'

ਉਸ ਨੇ ਤੇਲ ਕੱਢਣ ਵਾਲੀ ਪਾਈਪ ਜਾਲੀ ਤੇ ਛਿਕਾਲ਼ੇ ਦੀ ਨੁੱਕਰ ਰਾਹੀਂ ਅੰਦਰ ਲਮਕਾਈ ਤੇ ਥੱਲੇ ਲੱਗਾ ਇੱਕ ਦੋ ਘੁੱਟ ਹੋਰ ਬਾਕੀ ਖਿੱਚ ਲਿਆ।

ਚਾਰ ਚੁਫੇਰੇ ਹਾਸਾ ਖਿੰਡ ਗਿਆ।

👎 👎 👎

ਪਰਾਈਆਂ ਚੰਗੀਆਂ

ਉਸ ਦਿਨ ਜਦ ਮਾਚੀ ਮੇਰੇ ਕਮਰੇ ਵਿਚ ਆਇਆ ਤਾਂ ਉਸ ਦਾ ਮੂੰਹ ਕੁਝ ਉੱਡਿਆ ਹੋਇਆ ਸੀ, ਉਹ ਕੁਝ ਉਦਾਸ ਸੀ।

'ਕੀ ਹੋਇਆ...? ਤੂੰ ਏਦਾਂ ਬੁੱਲ੍ਹ ਲਟਕਾਏ ਹੋਏ ਨੇ ਜਿਵੇਂ ਕੁੜੀ ਦੱਬ ਕੇ ਆਇਆ ਹੁੰਦੋਂ, ਮੈਂ ਸਹਿਜ ਸੁਭਾ ਮੁਸਕਰਾਇਆ।

'ਕੁਝ ਨਹੀਂ ਯਾਰ! ਕੀ ਦੱਸਾਂ! ਇਹ ਸਾਹਿਬ ਬਾਹਰ ਦੌਰੇ ਤੇ ਵੀ ਇਥੇ ਮੇਰਾ ਪਿੱਛਾ ਨਹੀ ਛੱਡਦਾ। ਐਵੇਂ ਰੁਹਬ ਪਾਈ ਰੱਖਦਾ, ਐਹ ਕਰ, ਔਹ ਕਰ...ਏਦਾਂ ਕਰ।'

'ਛੱਡ ਯਾਰ! ਸਰਕਾਰੀ ਗੱਲਾਂ! ਕੋਈ ਹੋਰ ਗੱਲ ਕਰ! ਹਰ ਵਕਤ ਸਰਕਾਰੀ ਝੰਜਟ ਨਾ ਸਿਰ 'ਤੇ ਚੁੱਕੀ ਫਿਰਿਆ ਕਰ...।'

'ਸਰਕਾਰੀ ਨਹੀਂ ਭਰਾਵਾ! ਗੱਲ ਤਾਂ ਪ੍ਰਾਈਵੇਟ ਹੀ ਹੈ। ਉਥੇ ਤਾਂ ਉਹ ਹਰ ਵਕਤ ਆਪਣੀ ਪੀ. ਏ. ਨੂੰ ਕੱਛ ਨਾਲ ਲਾਈ ਰੱਖਦੈ, ਕਿਸੇ ਹੋਰ ਨੂੰ ਲਾਗੇ ਹੀ ਨਹੀ ਫੜਕਣ ਦਿੰਦਾ।'

'ਪਰ ਇਥੇ ਕੀ? ਹੋਟਲ ਵਿਚ?' ਮੇਰਾ ਮੂੰਹ ਅੱਡਿਆ ਰਹਿ ਗਿਆ।
'ਕੀ ਕਹਿੰਦਾ ਉਹ ਹੁਣ?'
'ਕਹਿੰਦਾ! ਮੇਰੇ ਨਾਲ ਕਮਰਾ ਬਦਲ ਲੈ...।'
'ਕਿਉ?'

'ਮੇਰੇ ਸਾਹਮਣੇ ਵਾਲੇ ਕਮਰੇ ਵਿਚ ਇਕ ਮੈਡਮ ਆਈ ਹੈ, ਕੱਲ੍ਹ ਦੀ ... ਇਕੱਲੀ ਹੈ ਵਿਚਾਰੀ।' ਉਸਨੇ ਭੈੜਾ ਜਿਹਾ ਮੂੰਹ ਬਣਾਉਂਦੇ ਹਉਕਾ ਲਿਆ।

'ਤਾਂ ਬਦਲ ਲੈ ਫਿਰ।' ਮੈਂ ਇਕ-ਟੁੱਕ ਫੈਸਲਾ ਦੇ ਦਿੱਤਾ।

'ਕਿਉਂ! ਤੂੰ ਵੀ ਬੜਾ ਭੋਲਾ ਹੈ ਯਾਰ!' ਉਹ ਹਿਰਖ ਨਾਲ ਭਰਿਆ ਪਿਆ ਸੀ।

'ਮੈਨੂੰ ਲੋੜ ਨਹੀ? ਮੈਂ ਵੀ ਤਾਂ ਸਾਹਿਬ ਹਾਂ, ਵੱਡਾ ਨਹੀਂ ਤਾਂ ਛੋਟਾ ਹੀ ਸਹੀਂ...।' ਉਹ ਬੜੇ ਤਹੱਮਲ ਜਿਹੇ ਨਾਲ ਕਹਿੰਦਾ ਹੈ, ਜਿਵੇਂ ਇਹ ਗਲਤ ਹੱਕ ਸਾਰੇ ਸਾਹਿਬਾਂ ਕੋਲ ਹੀ ਰਾਖਵੇਂ ਹਨ।

'ਵੇਖ ਪਰਾਈਆਂ ਚੰਗੀਆਂ ਮਾਵਾਂ ਧੀਆਂ ਭੈਣਾਂ ਜਾਣੇ...।'

ਮੇਰੀ ਕਾਟ ਸੁਣ ਕੇ ਜਿਵੇਂ ਉਸ ਨੂੰ ਬਿਜਲੀ ਦਾ ਕਰੰਟ ਲੱਗਿਆ ਹੋਵੇ, ਉਸ ਇਕ ਧੁੜਧੁੜੀ ਜਿਹੀ ਲੈ ਕੇ ਅੱਖਾਂ ਨੀਵੀਂਆਂ ਕਰ ਲਈਆਂ।

'ਤੇ ਸੁਣ! ਆਪਣੇ ਸਾਹਿਬ ਨੂੰ ਵੀ ਇਸ ਪੱਟੀ ਦਾ ਅਰਥ ਸਮਝਾ ਦੇਵੀ।'

ਮੇਰੀ ਚਿਤਾਵਨੀ ਸੁਣ ਕੇ ਉਸ ਨੇ ਹਾਂ ਵਾਚਕ ਸਿਰ ਹਿਲਾਇਆ, ਮੁਸਕਰਾਇਆ ਤੇ ਬਾਹਰ ਨਿਕਲ ਗਿਆ, ਜਿਵੇਂ ਉਸਨੂੰ ਸੱਪ ਦੀ ਮਣੀ ਮਿਲ ਗਈ ਹੋਵੇ।

👎 👎 👎

## ਧੀਆਂ-ਭੈਣਾਂ

ਮਿੰਨੀ ਬੱਸ ਸਟਾਰਟ ਹੋਣ ਦੇ ਨਾਲ ਹੀ ਕੈਸਟ ਦੇ ਗਾਣੇ ਬੱਸ ਅੰਦਰ ਗੂੰਜ ਉਠੇ। ਕਿਸੇ ਅਖਾੜੇ ਦੀ ਰਿਕਾਰਡਿੰਗ ਸੀ, ਕਿਸੇ ਇਕ ਗਾਇਕ ਦੇ ਸਾਰੇ ਗਾਣੇ ਸਨ। ਪਹਿਲਾਂ ਇਕ ਅਰਧ-ਧਾਰਮਕ ਗੀਤ ਸੀ, ਫਿਰ ਇਕ ਸਮਾਜਿਕ ਹਾਸਰਸ ਗਾਣਾ ਤੇ ਫਿਰ ਅਖਾੜੇ ਵਿਚ ਹੀ ਕਿਸੇ ਔਰਤ ਦੀ ਸਿਫਾਰਸ਼ ਸੀ।

'ਹੋ ਜਾਏ ਹੁਣ ਚੋਂਦਾ-ਚੋਂਦਾ।' ਤੇ ਫਿਰ ਖਿੜਖਿੜਾਹਟ।

'ਭਾਬੀ ਪੱਟਾਂ 'ਚ ਬਿਠਾ ਲੈ, ਮੈਂ ਤੇਰਾ ਦਿਉਰ ਕਵਾਰਾ...।' ਬੱਸ ਦੀਆਂ ਲਗਭਗ ਸਾਰੀਆਂ ਸਵਾਰੀਆਂ ਬੜੀ ਸ਼ਾਂਤੀ ਨਾਲ ਉੱਧਰ ਕੰਨ ਲਗਾ ਕੇ ਸੁਣ ਰਹੀਆਂ ਸਨ ਜਿਵੇਂ ਕੋਈ ਰੁਹਾਨੀ ਸੰਗੀਤ ਸੁਣ ਰਹੇ ਹੋਣ?

ਡਰਾਈਵਰ ਦੇ ਪਿਛਲੀ ਸੀਟ 'ਤੇ ਬੈਠੀਆਂ ਦੋ ਬਣੀਆਂ ਫਬੀਆਂ ਪੜ੍ਹਾਕੂ ਲਗਦੀਆਂ ਕੁੜੀਆਂ ਕਦੇ-ਕਦੇ ਮੂੰਹ ਉੱਪਰ ਚੁੱਕ ਕੇ ਡਰਾਈਵਰ ਦੇ ਸ਼ੀਸ਼ੇ ਵਿੱਚ ਝਾਕਦੀਆਂ ਤੇ ਫਿਰ ਇਕ ਦੂਜੀ ਨੂੰ ਚੂੰਢੀ-ਧੱਫਾ ਕਰ ਕੇ ਊਂਧੀ ਜਿਹੀ ਪਾ ਕੇ ਅਠਖੇਲੀਆਂ ਕਰ ਰਹੀਆਂ ਸਨ।

ਮੈਨੂੰ ਘੁਟਣ ਜਿਹੀ ਮਹਿਸੂਸ ਹੋਈ।

'ਬੰਦ ਕਰ ਬਾਈ! ਇਹ ਗੰਦੇ ਗਾਣੇ।' ਇਕ ਹੋਰ ਅਸ਼ਲੀਲ ਗਾਣਾ ਸੁਣ ਕੇ ਮੇਰੇ ਮੂੰਹੋਂ ਅਵਾਕ ਨਿਕਲ ਗਿਆ।

ਡਰਾਈਵਰ ਨੇ ਜ਼ਰਾ ਬਰੇਕ ਮਾਰੀ ਤੇ ਪਿੱਛੇ ਮੇਰੇ ਵੱਲ ਏਦਾਂ ਘੂਰ ਕੇ ਵੇਖਿਆ ਜਿਵੇਂ ਮੈਂ ਉਸ ਨੂੰ ਕੋਈ ਗਾਲ੍ਹ ਕੱਢੀ ਹੋਵੇ।

'ਵਿਚ ਧੀਆਂ ਭੈਣਾਂ ਬੈਠੀਆਂ... ਕੁਝ ਹੋਸ਼ ਕਰੋ ਬੰਦ ਕਰੋ ਇਹ ਅਸ਼ਲੀਲ ਲੱਚਰ-ਪੁਣਾ।'

'ਧੀਆਂ ਭੈਣਾਂ ਹੋਣਗੀਆਂ ਤੁਹਾਡੀਆਂ, ਜੇ ਤੁਹਾਨੂੰ ਚੰਗਾ ਨਹੀਂ ਲੱਗਦਾ ਤਾਂ ਤੁਸੀਂ ਹੇਠਾਂ ਉੱਤਰ ਜਾਉ, ਕਿਸੇ ਹੋਰ ਬੱਸੇ ਆ ਜਾਇਓ।' ਡਰਾਈਵਰ ਨੇ ਕੱਸ ਕੇ ਬਰੇਕ ਲਗਾਉਂਦੇ ਆਪਣਾ ਫੈਸਲਾ ਬਦਲਨ ਤੋਂ ਕੋਰੀ ਨਾਂਹ ਕਰ ਦਿੱਤੀ।

'ਚਲ ਬੰਦ ਕਰ ਦੇ ਉਸਤਾਦ! ਸਰਦਾਰ ਨੇ ਅਗਲੇ ਸਟਾਪ 'ਤੇ ਉਤਰ ਜਾਣੈ, ਫਿਰ ਲਗਾ ਲਈਂ।' ਕੰਡਕਟਰ ਨੇ ਸਥਿਤੀ ਵਿਗੜਨ ਦੇ ਡਰ ਤੋਂ ਡਬਲ ਸੀਟੀ ਮਾਰੀ। ਟੇਪ ਬੰਦ ਹੋ ਗਈ।

ਉਹ ਕੁੜੀਆਂ ਪਿੱਛੇ ਮੁੜ ਮੇਰੇ ਵੱਲ ਘੂਰ ਕੇ ਝਾਕਦੀਆਂ ਬੁੜਬੁੜ ਕਰਨ ਲੱਗੀਆਂ।

'ਹਾਏ! ਮਜ਼ਾ ਕਿਰਕਿਰਾ ਕਰ ਦਿੱਤਾ ਕਿਥੋਂ ਆ ਜਾਂਦੇ ਨੇ ਅਜਿਹੇ ਪੁਰਾਣੀ ਬੁੱਧੀ ਵਾਲੇ ਲੋਕ।'

ਮੇਰੇ ਥੱਲੇ ਉੱਤਰਨ ਤੱਕ ਇਹ ਪੱਥਰਾਂ ਵਰਗੇ ਭਾਰੇ ਬੋਲ ਮੇਰਾ ਪਿੱਛਾ ਕਰਦੇ ਰਹੇ।

👎 👎 👎

## ਮਾਮਾ ਮੈਣਾ

ਕਣਕ ਤੇ ਛਿੜਕਾਅ ਕਰਨ ਵਾਲਾ ਭਈਆ ਲੰਗਰ ਲੰਗੋਟ ਕੱਸ ਕੇ, ਪੈਰੀਂ ਗ਼ਮ ਬੂਟ ਚੜ੍ਹਾ ਕੇ, ਮੂੰਹ ਤੇ ਮਖੌਟਾ ਪਾ ਕੇ, ਹੱਥੀਂ ਦਸਤਾਨੇ ਚੜ੍ਹਾ ਕੇ, ਦਵਾਈ ਵਾਲਾ ਢੋਲ ਮੌਰਾਂ ਤੇ ਲਟਕਾ ਕੇ ਖੇਤ ਵਿਚ ਆ ਵੜਿਆ...। ਗੁੱਲੀ ਤੇ ਡੰਡੇ ਨੇ ਸਿਰ ਚੁੱਕ ਉੱਧਰ ਤੱਕਿਆ ਤੇ ਸਟਪਟਾਉਣ ਲੱਗੇ।

'ਚਿੰਤਾ ਨਾ ਕਰ... ਅੱਜ ਕੱਲ ਪੋਲੀਓ ਮੁਹਿੰਮ ਚੱਲ ਰਹੀ ਹੈ ਨਾ... ਇਹ ਗਲ-ਘੋਟੂ ਤੇ ਹੋਰ ਬਿਮਾਰੀਆਂ ਦੇ ਖ਼ਾਤਮੇ ਲਈ ਹੈ..., ਸਾਡੇ ਲਈ ਨਹੀਂ... ਡਰ ਨਾ ਮੇਰੀ ਭੈਣੇ...।' ਜਵੰਧਰ ਨੇ ਕਿਹਾ।

'ਇਹ ਦਵਾਈਆਂ ਸਾਡਾ ਕੋਈ ਨੁਕਸਾਨ ਨਹੀ ਕਰ ਸਕਦੀਆਂ..., ਸਮਾਜ ਵਿਚ ਬੜੇ ਕੋਮਲ ਦਿਲ ਲੋਕ ਸਾਡੀ ਰਖਵਾਲੀ ਤੇ ਹਿਫ਼ਾਜ਼ਤ ਲਈ ਆਣ ਨਿਕਲੇ ਨੇ... ਉਹ ਇਹਨਾਂ ਦਵਾਈਆਂ ਵਿਚ ਏਨਾ ਕੁ ਪਾਣੀ ਮਿਲਾ ਦਿੰਦੇ ਨੇ, ਕਿ ਉਹ ਸਾਡਾ ਮੂੰਹ ਮੁਖੜਾ ਧੋ ਕੇ ਸਾਨੂੰ ਹੋਰ ਨਿਖਾਰ ਦਿੰਦੀਆਂ ਨੇ।' ਬਘ੍ਰਾਟ ਨੇ ਆਪਣੀ ਸਿਆਣਪ ਦਾ ਵਿਖਾਵਾ ਕੀਤਾ।

'ਹਵਾ ਵਗਣ ਲੱਗੀ ਹੈ... ਰੱਬ ਨੂੰ ਯਾਦ ਕਰੋ... ਹੁਣੇ ਮੀਂਹ ਪੈ ਜਾਏਗਾ ਤੇ ਛਿੜਕੀ ਦਵਾਈ ਦਾ ਸਾਰਾ ਜ਼ਹਿਰ ਨਿਰ-ਅਸਰ ਹੋ ਜਾਏਗਾ...।' ਮਾਮੇ ਮੈਣੇ ਨੇ ਸੌ ਵਰਗੀ ਇਕ ਸੁਣਾ ਕੇ ਸਭ ਨੂੰ ਦਿਲਾਸਾ ਦੇ ਦਿੱਤਾ...।

'ਫਿਰ ਅਸੀਂ ਵੀ ਫ਼ਰਿਆਦ ਕਰਾਂਗੇ...

ਰੱਬਾ-ਰੱਬਾ ਮੀਂਹ ਵਸਾ। ਸਾਨੂੰ ਜਮਦੂਤਾਂ ਤੋਂ ਬਚਾ...।'

ਉਹ ਸਾਰੇ ਕਿਕਲੀਆਂ ਪਾ ਕੇ ਨੱਚਣ ਲੱਗੇ, ਝੂਮਣ ਲੱਗੇ... ਲਹਿ-ਲਹਾਉਣ ਲੱਗੇ...।

👎 👎 👎

## ਸ਼ਾਹਾਂ ਦੇ ਸ਼ਾਹ

ਹਰ ਰੋਜ਼ ਟੀ. ਵੀ., ਰੇਡੀਓ ਅਖ਼ਬਾਰਾਂ ਤੋਂ ਉਹੀ ਖ਼ਬਰਾਂ ਬਾਰ-ਬਾਰ! ਬਾਰ-ਬਾਰ ਨਹੀ ਹਰ ਰੋਜ ਤਾਜ਼ਾ...ਡਾਕੇ, ਪੁਲਸ ਮੁਕਾਬਲੇ, ਬੱਸਾਂ ਗੱਡੀਆਂ ਵਿਚ ਕਤਲੇਆਮ। ਸੁਣਦੇ ਸੁਣਦੇ ਇਕੇਰਾਂ ਆਪਾ ਕੰਬ ਜਾਂਦਾ। ਬਾਹਰ ਜਾਣ ਬਿਨਾਂ ਵੀ ਕੋਈ ਕੰਮ ਨਹੀਂ ਸੀ ਸਰਦਾ, ਬਾਹਰ ਜਾਣ ਤੋਂ ਵੀ ਮਨ ਡਰਦਾ। ਪਰ ਸਰਕਾਰੀ ਨੌਕਰੀ ਦੀ ਮਜਬੂਰੀ ਸੀ। ਅੱਜ ਉਸ ਨੇ ਜਾਣਾ ਸੀ ਤੇ ਜਾਣਾ ਵੀ ਉਥੇ, ਜਿਥੇ ਅੱਤਵਾਦੀਆਂ ਦੇ ਢੇਰਾਂ ਦੇ ਢੇਰ ਡੂਮਣੇ ਲੱਗੇ ਹੋਏ ਸਨ।

ਬੱਸ 'ਤੇ ਜਾਏ ਜਾਂ ਗੱਡੀ ਜਾਂ ਸਕੂਟਰ ਤੇ? ਮਿੰਟ ਦੀ ਮਿੰਟ ਉਸ ਨੇ ਸੋਚਿਆ। ਬੱਸਾਂ ਗੱਡੀਆਂ ਵਿਚ ਤੇ ਪਤਾ ਨਹੀਂ ਕਦ ਲਾਈਨ 'ਚ ਖੜ੍ਹਾ ਕਰਕੇ ਹੱਥ ਉਪਰ ਕਰਵਾ ਲੈਣ। ਸੋਚ ਕੇ ਉਸ ਨੇ ਸਕੂਟਰ ਤੇ ਜਾਣਾ ਠੀਕ ਸਮਝਿਆ।

ਸਹਿਮੀਆਂ-ਸਹਿਮੀਆਂ ਸੜਕਾਂ, ਸੁੰਨਸਾਨ ਵਾਤਾਵਰਨ ਲੰਘ ਕੇ ਤਰਨਤਾਰਨ ਦੇ ਇਕ ਕਾਰਖ਼ਾਨੇ ਦਾ ਦਰਵਾਜ਼ਾ ਜਾ ਖੜਕਾਇਆ। ਥੋੜੀ ਦੇਰ ਬਾਅਦ ਚੌਕੀਦਾਰ ਨੇ ਆ ਕੇ ਦਰਵਾਜ਼ੇ ਦੀ ਮੋਰੀ ਵਿੱਚੀਂ ਬਾਹਰ ਝਾਕਿਆ ਤੇ ਮੁੜ ਵਾਪਸ ਚਲਾ ਗਿਆ। ਵਾਪਸੀ ਤੇ ਆ ਕੇ ਉਸ ਨੇ ਦਰਵਾਜ਼ਾ ਖੋਲ੍ਹਿਆ।

'ਆਉ ਭਾਊ ਜੀ ਆਉ... ਧੰਨਭਾਗ...ਜੀ ਆਇਆਂ ਨੂੰ।'

ਚੌਕੀਦਾਰ ਨੇ ਮੱਥੇ 'ਤੇ ਬਣਾਉਟੀ ਜਿਹੀ ਮੁਸਕਰਾਹਟ ਲਿਆ ਕੇ ਹੱਥ ਜੋੜ ਕੇ ਸਵਾਗਤ ਕੀਤਾ।

'ਲਾਲਾ ਜੀ ਤੁਹਾਡੀ ਹੀ ਇੰਤਜ਼ਾਰ ਕਰ ਰਹੇ ਨੇ।'

'ਮੇਰੀ ਇੰਤਜ਼ਾਰ? ਉਹ ਕਿਉਂ?'

ਉਸ ਨੇ ਮਨ ਹੀ ਮਨ ਵਿਚ ਸੋਚਿਆ। ਉਸਨੇ ਤਾਂ ਕੋਈ ਅਗਾਊਂ ਸੂਚਨਾ ਜਾਂ ਪ੍ਰੋਗਰਾਮ ਨਹੀਂ ਸੀ ਭੇਜਿਆ।

'ਮੈਨੂੰ ਪਤੈ ਸਰਦਾਰ ਜੀ! ਤੁਹਾਡਾ ਹੁਣੇ ਫੋਨ ਆਇਆ ਸੀ... ਤੁਹਾਡੀ ਅਮਾਨਤ ਤਿਆਰ ਹੈ।'

ਚੌਕੀਦਾਰ ਨੇ ਉਸਦੇ ਸਕੂਟਰ ਦੀ ਟੋਕਰੀ ਵਿਚ ਪਈ ਕੇਸਰੀ ਪਗੜੀ ਦੇਖ ਕੇ ਇਸ਼ਾਰਾ ਕੀਤਾ ਜੋ ਉਹ ਘਰੋਂ ਲਲਾਰੀ ਨੂੰ ਦੇਣ ਲਈ ਲਿਆਇਆ ਸੀ।

'ਅਰੇ ਭਈ ਨਹੀਂ, ਲਾਲਾ ਜੀ ਨੂੰ ਬੁਲਾਓ ਮੈਂ ਅਮਾਨਤ ਲੈਣ ਨਹੀਂ ਆਇਆ, ਮੈਂ ਤਾਂ ਸਰਕਾਰੀ ਕੰਮ ਕਰਨਾ ਹੈ, ਕੁਝ ਕਾਗ਼ਜ਼ ਚੈੱਕ ਕਰਨੇ ਨੇ।'

ਏਨੇ 'ਚ ਲਾਲਾ ਜੀ ਆਪ ਹੀ ਆ ਪਹੁੰਚੇ, ਉਹ ਉਹਲੇ ਖੜ੍ਹੇ ਗੱਲ-ਬਾਤ ਸੁਣ ਰਹੇ ਸਨ।

'ਆਉ ਇੰਸਪੈਕਟਰ ਸਾਹਿਬ, ਤੁਹਾਡੇ ਆਉਣ ਦਾ ਧੰਨਵਾਦ! ਤੁਹਾਡੀ ਇੰਸਪੈਕਸ਼ਨ ਵੀ ਤਾਂ ਡਿਊ ਹੈ। ਪਰ ਅੱਜ 'ਉਹ' ਆਉਣ ਵਾਲੇ ਨੇ, ਪਤਾ ਨਹੀਂ ਕਿਹੜੇ ਵੇਲੇ ਆ ਜਾਣ... ਉਹ! ਸ਼ਾਹਾਂ ਦੇ ਸ਼ਾਹ...।'

ਉਸਨੇ ਲਾਲੇ ਦੀ ਅਗਲੀ ਗੱਲ ਸੁਣਨ ਤੋਂ ਪਹਿਲਾਂ ਹੀ ਕਿੱਕ ਮਾਰੀ ਤੇ ਉਸ ਦਾ ਸਕੂਟਰ ਬਾਹਰ ਨੂੰ ਛੂਟ ਵੱਟ ਤੁਰਿਆ, ਖਾੜਕੂਆਂ ਦੀ ਗੋਲੀ ਵਾਂਗ, ਖਾੜਕੂਆਂ ਦੀ ਗੋਲੀ ਤੋਂ ਡਰਦੇ।

## ਮੇਰਾ ਸਾਹਿਬ

ਵੱਡਾ ਸਾਹਿਬ ਅੱਜ ਜਦ ਮੇਰੀ ਕੈਬਨ ਵਿਚ ਆਇਆ ਤਾਂ ਰੋਜ਼ ਵਾਂਗ ਉਸ ਦੀਆਂ ਲੱਤਾਂ ਲੜਖੜਾ ਰਹੀਆਂ ਸਨ। ਉਸ ਨੂੰ ਵੇਖ ਕੇ ਮੇਰਾ ਹਾਸਾ ਨਿਕਲ ਗਿਆ, 'ਹਰ ਵਕਤ ਮਸਤੀ ਵਿਚ ਰਹਿੰਦਾ ਹੈ ਮੇਰਾ ਸਾਹਿਬ...।'

'ਆਪ ਕੇ ਲੋਗ ਠੀਕ ਕਾਮ ਨਹੀਂ ਕਰਤੇ... ਠੀਕ ਸਮੇਂ ਦਫ਼ਤਰ ਨਹੀਂ ਆਤੇ...।' ਉਸ ਦੀ ਜ਼ਬਾਨ ਵੀ ਲੜਖੜਾ ਰਹੀ ਸੀ। ਮੈਂ ਉੱਠ ਕੇ ਆਦਰ-ਸਤਿਕਾਰ ਨਾਲ ਉਸ ਨੂੰ ਕੁਰਸੀ 'ਤੇ ਬਿਠਾਇਆ।

'ਮੈਂ ਆਪ ਕੀ ਸੀ. ਆਰ. ਮੇ ਯਹ ਲਿਖ ਦੂੰ ਗਾ... ਕਿ ਇਸ ਕਾ ਆਪਣੇ ਨਿਚਲੇ ਸਟਾਫ਼ ਉਪਰ ਕੰਟਰੋਲ ਠੀਕ ਨਹੀਂ ਹੈ।'

ਮੈਂ ਕਹਿਣਾ ਚਾਹੁੰਦਾ ਸਾਂ, ਜਿਸ ਸਟਾਫ ਦੀ ਸੀਧੀ ਉਪਰ ਵਾਲੇ ਤਕ ਪਹੁੰਚ ਹੈ, ਉਹ ਮੇਰੇ ਸੇ ਕਿਆ ਡਰੇਗਾ। ਪਰ ਉਹ ਬੋਲੀ ਜਾ ਰਿਹਾ ਸੀ, ਮੈਨੂੰ ਮੌਕਾ ਦਿੱਤੇ ਬਗੈਰ।

'ਕਹਾਂ ਹੈ ਸੋਚ? ਉਹ ਹਰ ਰੋਜ਼ ਲੇਟ ਆਤਾ ਹੈ, ਮੈਂਨੇ ਇਸ ਮਹੀਨੇ ਉਸ ਦੀ ਸ਼ਕਲ ਨਹੀਂ ਦੇਖੀ।'

ਮੈਂ ਹਾਜ਼ਰੀ ਵਾਲਾ ਰਜਿਸਟਰ ਚੁੱਕਦਾ ਹਾਂ। ਸੋਚ ਦੇ ਖਾਨੇ ਵਿਚ ਕਰਾਸ ਲਗਾ ਦਿੰਦਾ ਹਾਂ।

'ਸੌਰੀ ਸਰ! ਮੈਂ ਪੂਛੂੰਗਾ... ਉਸਕੋ ਆਨੇ ਦੋ...।'

'ਅਰੇ ਨਹੀਂ! ਮੇਰਾ ਯਹ ਮਤਲਬ ਨਹੀਂ ਥਾ...ਵੋਹ ਤੋਂ ਬਹੁਤ ਅੱਛਾ ਵਰਕਰ ਹੈ... ਉਸ ਕੋ ਕਹੋ, ਕਭੀ ਕਭੀ ਮੁਝੇ ਭੀ ਮਿਲ ਲੀਆ ਕਰੇ।'

'ਹੈਲੋ ਬਾਸ!'

ਸੋਚ ਨੂੰ ਅੰਦਰ ਵੜਦੇ ਵੇਖ ਕੇ ਉਹ ਉੱਠ ਖੜ੍ਹਾ ਹੋਇਆ। ਉਸ ਨਾਲ ਹੱਥ ਮਿਲਾਉਂਦਾ ਹੈ। ਉਸ ਨੂੰ ਗਲਵੱਕੜੀ ਵਿਚ ਲੈ ਕੇ ਬਾਹਰ ਨੂੰ ਹੋ ਤੁਰਦਾ ਹੈ।

ਮੈਂ ਬਾਹਰ ਨਿਕਲ ਕੇ ਦੇਖਦਾ ਹਾਂ। ਉਹ ਸੜਕੋਂ ਪਾਰ ਟੱਪ ਕੇ ਠੇਕੇ ਦੇ ਨਾਲ ਲਗਦੀ ਬਾਰ ਵਿਚ ਜਾ ਵੜਦੇ ਨੇ।